ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 5 | Issue 40 | 05 October to 11 October 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਅਕਾਲ ਤਖ਼ਤ ਦੀ ਆਜ਼ਾਦ ਹਸਤੀ ਸਬੰਧੀ ਸੰਗਤੀ ਵਿਚਾਰਾਂ ਵਾਸਤੇ ਈਸਟ ਕੋਸਟ ਦੇ ਸਿੱਖਾਂ ਦਾ ਸਰਬਤ ਖਾਲਸਾ 15 ਅਕਤੂਬਰ ਨੂੰ

**ਨਿਊਯਾਰਕ/ਬਿਊਰੋ ਨਿਊਜ਼:** ਅਕਾਲ ਤਖ਼ਤ ਦੀ ਆਜ਼ਾਦ ਹਸਤੀ ਕਾਇਮ ਰੱਖਣ ਦੀ ਮੁਦਈ ਜਥੇਬੰਦੀ #FreeAkalTakht ਵਲੋਂ ਜਥੇਦਾਰ ਦੀ ਚੋਣ ਦੇ ਮਾਪਦੰਡ ਅਤੇ ਸਰਬੱਤ ਖ਼ਾਲਸਾ ਦੀ ਕਿਰਿਆ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਖੇਤਰੀ ਸਰਬਤ ਖਾਲਸੇ ਬੁਲਾਉਣ ਦੀ ਲੜੀ ਅਧੀਨ ਈਸਟ ਕੋਸਟ ਖੇਤਰ ਦੀ ਇਹ ਅਹਿਮ ਸਿੱਖ ਇਕੱਤਰਤਾ 15 ਅਕਤੂਬਰ 2016 ਨੂੰ ਕਾਰਟਰੇਟ, ਨਿਊਜਰਸੀ ਵਿਖੇ ਦੁਪਹਿਰ 12:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਬੁਲਾਈ ਗਈ ਹੈ। ਇਸ ਵਿੱਚ ਹਿੱਸਾ ਲੈਣ ਦੇ ਚਾਹਵਾਨ ਕਿਰਪਾ ਕਰਕੇ ਹਿੱਸਾ ਲੈਣ ਲਈ 12 ਅਕਤੂਬਰ ਤੱਕ FreeAkalTakht-EC2016.eventbrite.com ਉੱਤੇ ਜਾ ਕੇ ਰਜਿਸਟਰ ਕਰੋ।

ਵਰਨਣਯੋਗ ਹੈ ਕਿ #FreeAkalTakht ਦੇ ਸੇਵਾਦਾਰ ਉੱਤਰੀ ਅਮਰੀਕਾ ਦੇ ਸਮੂਹ ਗੁਰਦੁਆਰਿਆਂ ਦੇ ਨੁਮਾਇੰਦੇ, ਸੰਗਠਨਾਂ, ਵਿਦਵਾਨਾਂ, ਕਾਰਕਰਤਾਵਾਂ, ਸਿਆਸਤਦਾਨਾਂ, ਮੀਡੀਆ ਦੇ ਬੁਲਾਰਿਆਂ, ਹੋਰ ਪ੍ਰਭਾਵੀ ਸਿੱਖਾਂ ਅਤੇ ਆਮ ਸੰਗਤ ਨੂੰ ਈਸਟ ਕੋਸਟ ਯੂ.ਐਸ.ਏ. ਦੇ ਖੇਤਰੀ ਆਦਰਸ਼ ਸਰਬੱਤ ਖ਼ਾਲਸਾ ਲਈ ਖੁੱਲ੍ਹਾ ਸੱਦਾ ਦੇ ਰਹੇ ਹਨ। ਅਜਿਹੇ ਜੋੜ ਬਰਮਿੰਘਮ, ਯੂ.ਕੇ. ਅਤੇ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿਚ ਵੀ ਹੋਏ ਸਨ ਜਿੱਥੇ ਤਕਰੀਬਨ 100 ਸੰਗਠਨਾਂ ਦੇ ਨੁਮਾਇੰਦੇ ਪਹੁੰਚੇ ਅਤੇ ਪਹਿਲੀ ਵਾਰ ਕੇ ਜਥੇਦਾਰ ਦੀ ਚੋਣ ਦੇ ਮਾਪਦੰਡ ਅਤੇ ਸਰਬੱਤ ਖ਼ਾਲਸਾ ਦੀ ਕਿਰਿਆ ਅਤੇ ਫਾਰਮੈਟ ਸਬੰਧੀ ਸਰਬ-ਸਹਿਮਤੀ ਬਣਾਉਣ ਲਈ ਇਕੱਠੇ ਹੋਏ। ਪਿਛਲੇ

ਬਾਕੀ ਸਫ਼ਾ 31 'ਤੇ

# ਪੰਜਾਬ ਦੀਆਂ ਸਰਹੱਦਾਂ ਉੱਤੇ ਜੰਗੀ ਤਣਾਅ ਜਾਂ ਸਿਆਸਤ

## ਦਿੱਲੀ ਦਰਬਾਰ ਨੂੰ ਖ਼ੁਸ਼ ਕਰਨ ਲਈ ਬਾਦਲਾਂ ਦੇ ਸਰਕਾਰੀ ਫ਼ਰਮਾਨ ਕਾਰਨ ਲੋਕਾਂ ਵਿਚ ਨਾਰਾਜ਼ਗੀ



**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਵਲੋਂ ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਕਬਜ਼ੇ ਵਾਲਾ ਖੇਤਰ) ਵਿਚ ਕੀਤੇ ਗਏ 'ਸਰਜੀਕਲ ਸਟਰਾਈਕ' ਮਗਰੋਂ ਪੰਜਾਬ ਦੇ ਸਰਹੱਦੀ ਪਿੰਡਾਂ ਨੂੰ ਤੁਰੰਤ ਖਾਲੀ ਕਰਵਾਏ ਜਾਣ ਦੇ ਫ਼ੈਸਲੇ 'ਤੇ ਜਿੱਥੇ ਲੋਕਾਂ ਵਿਚ ਰੋਸ ਹੈ, ਉਥੇ ਸਿਆਸਤ ਵੀ ਗਰਮ ਹੋ ਗਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸਰਕਾਰ ਦੀ ਮਨਸ਼ਾ 'ਤੇ ਸ਼ੱਕ ਜ਼ਾਹਰ ਕੀਤਾ ਹੈ। ਸਿਆਸੀ ਮਾਹਰ ਤੇ ਆਮ ਲੋਕ ਵੀ ਇਸ ਦਾ ਵਿਰੋਧ ਕਰ ਰਹੇ ਹਨ। ਦਰਅਸਲ, ਜਿਸ ਦਿਨ ਸਰਜੀਕਲ ਸਟਰਾਈਕ ਹੋਇਆ, ਉਸੇ ਸ਼ਾਮ ਸਰਹੱਦੀ ਪਿੰਡਾਂ ਨੂੰ ਹੁਕਮ ਹੋਇਆ ਕਿ ਦਸ ਕਿਲੋਮੀਟਰ ਦੇ ਘੇਰੇ ਅੰਦਰ ਅੰਦਰ ਰਹਿੰਦੇ ਲੋਕ ਘਰ-ਬਾਰ ਛੱਡ ਕੇ ਚਲੇ ਜਾਣ। ਲੋਕਾਂ ਦੇ ਵਿਰੋਧ ਮਗਰੋਂ ਪ੍ਰਸ਼ਾਸਨ ਤੇ ਪੁਲੀਸ ਨੇ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਔਰਤਾਂ ਤੇ ਬੱਚਿਆਂ ਨੇ ਤਾਂ ਗੁਰਦੁਆਰਿਆਂ, ਸਕੂਲਾਂ ਜਾਂ ਆਪਣੇ ਰਿਸ਼ਤੇਦਾਰਾਂ ਦੇ ਸ਼ਰਨ ਲੈ ਲਈ ਪਰ ਪਰਿਵਾਰ ਦੇ ਪੁਰਸ਼ ਉਥੇ ਹੀ ਰੁਕੇ ਰਹੇ ਤਾਂ ਜੋ ਆਪਣੇ ਘਰ, ਮਾਲ-ਡੰਗਰਾਂ, ਫਸਲਾਂ ਦੀ ਰਾਖੀ ਕਰ ਸਕਣ। ਕਈ ਲੋਕਾਂ ਨੇ ਤਾਂ ਬਿਲਕੁਲ

ਸਬੰਧਤ ਹੋਰ ਖ਼ਬਰਾਂ ਸਫ਼ਾ 27 'ਤੇ ਦੇਖੋ

ਬਾਕੀ ਸਫ਼ਾ 31 'ਤੇ

## 'ਸਰਜੀਕਲ ਸਟਰਾਈਕਲ' ਦੇ ਮੁੱਦੇ 'ਤੇ ਸਿਆਸਤ ਖੇਡ ਰਹੀ ਹੈ ਭਾਜਪਾ : ਕੇਜਰੀਵਾਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਕਬੂਜ਼ਾ ਕਸ਼ਮੀਰ ਵਿੱਚ ਭਾਰਤੀ ਫ਼ੌਜ ਵੱਲੋਂ ਅਤਿਵਾਦੀ ਟਿਕਾਣਿਆਂ 'ਤੇ ਕੀਤੇ ਸਰਜੀਕਲ ਸਟਰਾਈਕ (ਸੀਮਤ ਕਾਰਵਾਈ) ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਮਾਇਤ ਕਰਨ ਤੋਂ ਇਕ ਦਿਨ ਮਗਰੋਂ ਭਾਜਪਾ 'ਤੇ ਪਲਟ ਵਾਰ ਕਰਦਿਆਂ ਕਿਹਾ ਕਿ ਉਹ ਇਸ ਮੁੱਦੇ 'ਤੇ ਸਿਆਸਤ ਖੇਡ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਨੂੰ ਪੂਰਾ ਯਕੀਨ ਹੈ ਕਿ ਭਾਰਤੀ ਫ਼ੌਜ ਨੇ ਪੀਓਕੇ ਵਿਚ ਕਾਰਵਾਈ ਕੀਤੀ ਹੈ। ਉਨਾਂ ਕਿਹਾ ਕਿ ਭਾਜਪਾ ਨੂੰ ਉਨਾਂ ਵੱਲ ਨਿਸ਼ਾਨਾ ਸੇਧਣ ਦੀ ਥਾਂ ਪਾਕਿਸਤਾਨ ਤੇ ਕੌਮਾਂਤਰੀ ਮੀਡੀਆ ਵੱਲੋਂ ਸਰਜੀਕਲ ਸਟਰਾਈਕ ਸਬੰਧੀ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਜਵਾਬ ਦੇਣਾ ਚਾਹੀਦਾ ਹੈ। ਇਸ ਦੌਰਾਨ ਭਾਜਪਾ ਨੇ ਕਿਹਾ ਕਿ ਕੇਜਰੀਵਾਲ ਨੇ ਸਰਜੀਕਲ ਸਟਰਾਈਕ ਸਬੰਧੀ ਕਥਿਤ ਸਬੂਤ ਮੰਗ ਕੇ ਭਾਰਤੀ ਫੌਜ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਬੀਤੇ ਦਿਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ ਵਿੱਚ

ਬਾਕੀ ਸਫ਼ਾ 31 'ਤੇ

# ਬੇਕਰਸਫੀਲਡ 'ਚ ਸਿੱਖ ਨਸਲੀ ਹਮਲੇ ਦਾ ਸ਼ਿਕਾਰ

## ਪੱਗ ਅਤੇ ਦਾੜ੍ਹੀ 'ਤੇ ਸੁੱਟੀ ਸ਼ਰਾਬ

**ਬੇਕਰਸਫੀਲਡ/ਬਿਊਰੋ ਨਿਊਜ਼ :** ਬੇਕਰਸਫੀਲਡ ਵਿਚ ਇਕ ਹੋਰ ਸਿੱਖ ਨੌਜਵਾਨ ਨਸਲੀ ਹਮਲੇ ਦਾ ਸ਼ਿਕਾਰ ਹੋਇਆ ਹੈ। ਹਮਲਾਵਰਾਂ ਨੇ ਉਸ ਨੂੰ ਗਾਲ੍ਹਾਂ ਕੱਢਦੇ ਹੋਏ, ਉਸ ਦੀ ਪੱਗ ਤੇ ਦਾੜ੍ਹੀ ਉਪਰ ਸ਼ਰਾਬ ਸੁੱਟ ਦਿੱਤੀ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਸਬੰਧ ਵਿੱਚ ਪੁਲੀਸ ਨੇ ਨਫ਼ਰਤੀ ਜੁਰਮ ਤਹਿਤ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਪੀੜਤ ਬਲਮੀਤ ਸਿੰਘ ਅਤੇ ਉਸ ਦੇ ਦੋਸਤ ਕੈਲੀਫੋਰਨੀਆ ਐਵੇਨਿਊ ਵਿੱਚ ਰਾਤ ਦਾ ਖਾਣਾ ਖਾਣ ਗਏ ਸਨ। ਇਸ ਦੌਰਾਨ ਬਲਮੀਤ ਸਿੰਘ ਇਕ ਫੋਨ ਕਾਲ ਸਬੰਧੀ ਰੈਸਟੋਰੈਂਟ ਤੋਂ ਬਾਹਰ ਗਿਆ ਤਾਂ ਇਕ ਦਰਮਿਆਨੀ ਉਮਰ ਦਾ ਆਦਮੀ ਆ ਕੇ ਉਸ ਨੂੰ ਗਾਲ੍ਹਾਂ ਕੱਢਣ ਲੱਗਾ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਬਲਮੀਤ ਸਿੰਘ ਨੇ ਕਿਹਾ, "ਹਮਲਾਵਰ ਮੈਨੂੰ ਆਖ ਰਿਹਾ ਸੀ 'ਤੁਸੀਂ ਸਾਡੇ ਮੁਲਕ ਨੂੰ ਉਡਾ ਦੇਣਾ ਚਾਹੁੰਦੇ ਹੋ, ਤੈਨੂੰ ਮਾਰ ਦੇਣਾ ਚਾਹੀਦਾ ਹੈ। ਮੈਂ ਹੁਣੇ ਤੈਨੂੰ ਮਾਰ ਦੇਵਾਂਗਾ।'



ਬਾਕੀ ਸਫ਼ਾ 31 'ਤੇ

# ਸਰਹੱਦੀ ਖੇਤਰਾਂ 'ਚ ਲੜਾਈ ਵਾਲਾ ਤਾਂ ਕੋਈ ਮਾਹੌਲ ਨਹੀਂ : ਕੈਪਟਨ

## 'ਮੋਦੀ ਤੇ ਬਾਦਲ ਲੈ ਰਹੇ ਨੇ ਸਿਆਸੀ ਲਾਹਾ'

**ਕਲਸ (ਤਰਨ ਤਾਰਨ)/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਰਹੱਦੀ ਤਣਾਅ ਨੂੰ ਗੈਰ-ਵਾਜਬ ਆਖਦਿਆਂ ਦੋਸ਼ ਲਾਇਆ ਕਿ ਇਸ ਸਥਿਤੀ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰਾਜਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਇਲਾਕੇ ਦੇ ਕਈ ਸਰਹੱਦੀ ਪਿੰਡਾਂ ਵਿੱਚ ਪ੍ਰਭਾਵਤ ਲੋਕਾਂ ਦੀਆਂ ਸਮੱਸਿਆਂਵਾਂ ਸੁਣਨ ਲਈ ਆਏ ਸਨ। ਉਨ੍ਹਾਂ ਸਰਹੱਦ ਦੇ ਐਨ ਨਾਲ ਲੱਗਦੇ ਇਸ ਪਿੰਡ ਕਲਸ ਦੇ ਇਲਾਵਾ ਖਾਲੜਾ ਅਤੇ ਛੀਨਾ ਬਿਧੀਚੰਦ ਵਿੱਚ ਲੋਕਾਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਇਨ੍ਹਾਂ ਪਿੰਡਾਂ ਨੂੰ ਜਾਂਦਿਆਂ ਰਸਤੇ ਵਿੱਚ ਆਉਂਦੇ ਪਿੰਡ ਮਸਤਗੜ੍ਹ, ਕਾਲੀਆ, ਸੰਕਤਰਾ, ਨਾਰਲੀ, ਠੱਠੀ, ਢੋਲਣ, ਲਾਖਣਾ, ਵਾਂ, ਡੱਲ ਦੇ ਲੋਕਾਂ ਵਿੱਚ ਜਾ ਕੇ

ਬਾਕੀ ਸਫ਼ਾ 31 'ਤੇ



ਖੇਮਕਰਨ ਪੱਟੀ 'ਚ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਮਿਲਦੇ ਹੋਏ ਕੈਪਟਨ



















ਦੇਗ ਤੇਗ ਫ਼ਤਹਿ

ਪੰਥ ਕੀ ਜੀਤ

ਸੁਲ.ਗ ਉਠੇਗਾ ਯੇ ਮਕਤਲ ਪਿਘਲ ਜਾਏਗੀ ਯੇ ਜੰਜੀਰੇਂ,
ਅਭੀ ਵਾਕਿ.ਫ ਨਹੀਂ ਹੋ ਤੁਮ ਗਰਮੀਏਂ ਖੂਨਿੰ ਸ਼ਹੀਦੋਂ ਸੇ।।

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536



## ਵਿਖੇ ਸ਼ਹੀਦਾਂ ਦੀ ਯਾਦ ਵਿੱਚ

# ਮਹਾਨ ਸ਼ਹੀਦੀ ਸਮਾਗਮ

## 9 ਅਕਤੂਬਰ 2016 ਦਿਨ ਐਤਵਾਰ

ਨੂੰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਆਪ ਸਭ ਨੂੰ
ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਕੀ ਕੀ ਫ਼ਤਿਹ**

ਸ੍ਰੀ ਦਰਬਾਰ ਸਾਹਿਬ ਉਤੇ ਹਮਲਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲਾਂ ਦੇ ਜਿੰਹਿੰਦੋਸਤਾਨੀ ਫੌਜ ਦੇ ਜਨਰਲ ਅਰੁਨ ਕੁਮਾਰ ਵੈਦਿਆਂ ਨੂੰ ਸੋਧ ਕੇ ਸਿੱਖ ਕੌਮ ਸਿਰ ਚਾੜ੍ਹੀ ਦਿੱਲੀ ਦੀ ਭਾਜੀ ਨੂੰ ਮੋੜ ਕੇ, ਸਿੱਖ ਸਿਧਾਂਤਾਂ ਉੱਤੇ ਪਹਿਰਾ ਦਿੰਦਿਆਂ, ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਅਣਖੀਲੇ ਸੁਰਬੀਰ ਯੋਧੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ 9 ਅਕਤੂਬਰ 1992 ਨੂੰ ਸ਼ਹਾਦਤ ਦਾ ਜਾਮ ਪੀ ਗਏ।ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਨ ਲਈ 9 ਅਕਤੂਬਰ 2016 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫ਼ਰੀਮਾਂਟ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪ੍ਰਸਿੱਧ ਕੀਰਤਨੀਏ, ਕਥਾ ਵਾਚਕ, ਢਾਡੀ ਅਤੇ ਪੰਥਕ ਬੁਲਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ।ਸਮੂਹ ਸਿੱਖ ਸੰਗਤਾਂ, ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰ ਕੇ ਇਨ੍ਹਾਂ ਸੂਰਬੀਰਾਂ ਦੀ ਸੋਚ ਤੇ ਪਹਿਰਾ ਦਿੰਦਿਆਂ ਹੋਇਆਂ, ਇਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਯਤਨ ਕਰੀਏ।

## ਆਰੰਭ ਸ੍ਰੀ ਅਖੰਡ ਪਾਠ ਸਾਹਿਬ

07 ਅਕਤੂਬਰ 2016 ਦਿਨ ਸ਼ੁੱਕਰਵਾਰ

## ਭੋਗ ਸ੍ਰੀ ਅਖੰਡ ਪਾਠ ਸਾਹਿਬ

09 ਅਕਤੂਬਰ 2016 ਦਿਨ ਐਤਵਾਰ

ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

ਸ੍ਰੀ ਅਖੰਡ ਪਾਠ ਦੀ ਸੇਵਾ ਜਥੇਦਾਰ ਗੁਰਦੇਵ ਸਿੰਘ ਵੱਲੋਂ ਹੋ ਰਹੀ ਹੈ।
ਉਹ ਇਹ ਸੇਵਾ ਪਿਛਲੇ 20 ਸਾਲਾਂ ਤੋਂ ਕਰ ਰਹੇ ਹਨ।



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**ਗੁਰਦੁਆਰਾ ਸਾਹਿਬ ਫ਼ਰੀਮਾਂਟ, ਕੈਲੀਫੋਰਨੀਆ 510-790-0177**

## ਨਸਲੀ ਵਿਤਕਰਾ ਰੋਕਣ ਲਈ ਕੈਲੀਫੋਰਨੀਆ ਵਿਚ ਨਵਾਂ ਕਾਨੂੰਨ ਪਾਸ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਅਮਰੀਕਾ ਵਿੱਚ ਸਿੱਖਾਂ, ਮੁਸਲਮਾਨਾਂ ਤੇ ਦੱਖਣੀ ਏਸ਼ਿਆਈ ਲੋਕਾਂ ਖ਼ਿਲਾਫ਼ ਵਧ ਰਹੇ ਧੱਕੇਸ਼ਾਹੀ ਤੇ ਵਿਤਕਰੇ ਦੇ ਮਾਮਲਿਆਂ ਦੇ ਮੱਦੇਨਜ਼ਰ ਕੈਲੀਫੋਰਨੀਆ ਸੂਬੇ ਨੇ ਸਕੂਲਾਂ ਵਿੱਚ ਘੱਟ-ਗਿਣਤੀਆਂ ਦੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਾਉਣ ਲਈ ਨਵਾਂ ਕਾਨੂੰਨ ਪਾਸ ਕੀਤਾ ਹੈ। ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਏਬੀ 2845 ਐਕਟ ਉਤੇ ਸਹੀ ਪਾ ਦਿੱਤੀ ਹੈ, ਜਿਸ ਨੂੰ 'ਸਿੱਖਣ ਵਾਲੀ ਸੁਰੱਖਿਅਤ ਥਾਂ ਸਬੰਧੀ ਐਕਟ' ਵੀ ਕਿਹਾ ਜਾਂਦਾ ਹੈ। ਇਸ ਐਕਟ ਦਾ ਮਕਸਦ ਦੱਖਣੀ ਏਸ਼ਿਆਈ, ਮੁਸਲਿਮ ਤੇ ਸਿੱਖ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਭੁਲੇਖੇ ਵਿੱਚ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਹੋਣ ਵਾਲੇ ਹੋਰਨਾਂ ਬੱਚਿਆਂ ਨੂੰ ਸੁਰੱਖਿਆ ਮੁਹੱਈਆ ਕਰਾਉਣਾ ਹੈ। ਇਹ ਜਾਣਕਾਰੀ ਦਿੰਦਿਆਂ ਸਿੱਖ ਕੁਲੀਸ਼ਨ ਨਾਮੀ ਜਥੇਬੰਦੀ ਦੀ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਹਰਜੀਤ ਕੌਰ ਨੇ ਕਿਹਾ, "ਇਹ ਕੈਲੀਫੋਰਨੀਆ ਲਈ ਇਤਿਹਾਸਕ ਕਾਨੂੰਨ ਹੈ, ਜਿਹੜਾ ਸਕੂਲੀ ਜਮਾਤਾਂ ਵਿੱਚ ਹੋਣ ਵਾਲੀ ਦਾਦਾਗਿਰੀ ਤੇ ਵਿਤਕਰੇ ਨੂੰ ਠੱਲ੍ਹ ਪਾਵੇਗਾ।" ਉਨ੍ਹਾਂ ਕਿਹਾ, "ਏਬੀ 2845 ਐਕਟ ਜਨਤਕ ਸਕੂਲਾਂ ਵਿੱਚ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਵਿਦਿਆਰਥੀ ਕਿਸੇ ਵੀ ਧਰਮ ਦਾ ਪਾਲਣ ਕਰ ਸਕਦਾ ਹੈ।"

ਇਸੇ ਤਰ੍ਹਾਂ ਸੀਏਆਈਆਰ-ਸੈਕਰਾਮੈਂਟੋ ਵੈਲੀ ਦੇ ਸ਼ਹਿਰੀ ਹੱਕਾਂ ਸਬੰਧੀ ਅਟਾਰਨੀ ਸਾਦ ਸਵੀਲਮ ਨੇ ਕਿਹਾ, "ਇਹ ਐਕਟ ਮੁਸਲਮਾਨਾਂ ਤੇ ਸਿੱਖਾਂ ਲਈ ਬਹੁਤ ਅਹਿਮ ਹੈ, ਕਿਉਂਕਿ ਸਾਡੇ ਸਮਾਜ ਵਿੱਚ ਮੁਸਲਮਾਨਾਂ ਤੇ ਮੁਸਲਮਾਨ ਸਮਝੇ ਜਾਣ ਵਾਲੇ ਵਿਦਿਆਰਥੀਆਂ ਖ਼ਿਲਾਫ਼ ਧੱਕੇਸ਼ਾਹੀ ਵਿੱਚ ਭਾਰੀ ਵਾਧਾ ਹੋਇਆ ਹੈ।"

# 'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਪੁਸਤਕ ਦੀ ਘੁੰਡ ਚੁਕਾਈ

## ਇਸ ਤੋਂ ਪਹਿਲਾਂ ਇਸ ਸਾਕੇ ਬਾਰੇ ਲਿਖੀਆਂ ਗਈਆਂ ਪੁਸਤਕਾਂ ਕਿਸੇ ਨਾ ਕਿਸੇ ਪੱਖੋਂ ਅਧੂਰੀਆਂ : ਰਾਜਵਿੰਦਰ ਸਿੰਘ ਰਾਹੀ

**ਚੰਡੀਗੜ੍ਹ/ਬਿਊਰੋ ਨਿਊਜ਼:**ਰਾਜਵਿੰਦਰ ਸਿੰਘ ਰਾਹੀ ਦੀ ਰਚਿਤ ਪੁਸਤਕ 'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਬੀਤੇ ਹਫ਼ਤੇ ਕਿਸਾਨ ਭਵਨ ਵਿਖੇ ਇੱਕ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ। ਭਰਵੀਂ ਖੋਜ ਅਤੇ ਬੜੀ ਮੇਹਨਤ ਨਾਲ ਤਿਆਰ ਕੀਤੀ ਇਸ ਪੁਸਤਕ ਨੂੰ ਲੋਕ ਅਰਪਣ ਕਰਨ ਦੀ ਰਸਮ ਵਿਸ਼ਲੇਸ਼ਕ ਅਜਮੇਰ ਸਿੰਘ, ਪੱਤਰਕਾਰ ਸੁਖਦੇਵ ਸਿੰਘ ਤੇ ਕਰਮਜੀਤ ਸਿੰਘ ਨੇ ਨਿਭਾਈ। ਸਮਾਗਮ ਦੌਰਾਨ ਨਵ ਪ੍ਰਕਾਸ਼ਿਤ ਪੁਸਤਕ 'ਤੇ ਬਹਿਸ ਵੀ ਹੋਈ ਜਿਸ ਵਿੱਚ ਬੋਲਦਿਆਂ ਸਿੱਖ ਇਤਿਹਾਸਕਾਰ ਅਜਮੇਰ ਸਿੰਘ ਨੇ ਕਿਹਾ ਕਿ ਹਥਲੀ ਪੁਸਤਕ ਨਵੇਂ ਤੱਥਾਂ ਅਤੇ ਨਜ਼ਰੀਏ ਨੂੰ ਪਾਠਕਾਂ ਸਾਹਮਣੇ ਰੱਖਣ ਦੇ ਨਾਲ ਨਾਲ ਪੁਖ਼ਤਾ ਜਜ਼ਬਾ ਵੀ ਪੈਦਾ ਕਰਦੀ ਹੈ। ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦਾ ਮਤ ਸੀ ਕਿ ਲੇਖਕ ਨੇ ਬੜੀ ਮਿਹਨਤ ਨਾਲ ਕਾਮਾਗਾਟਾ ਮਾਰੂ ਦੀ ਘਟਨਾ ਅਤੇ ਬਾਬਾ ਗੁਰਦਿੱਤ ਸਿੰਘ ਦੀ ਸ਼ਖ਼ਸੀਅਤ ਬਾਰੇ ਵੇਰਵੇ ਇਕਠੇ ਕਰਕੇ ਪਾਠਕਾਂ ਸਾਹਮਣੇ ਰੱਖੇ ਹਨ।

ਪੁਸਤਕ ਦੇ ਲੇਖਕ ਰਾਜਵਿੰਦਰ ਸਿੰਘ ਰਾਹੀ ਦਾ ਕਹਿਣਾ ਸੀ ਕਿ ਇਸ ਤੋਂ ਪਹਿਲਾਂ ਵੀ ਇਸ ਸਾਕੇ ਬਾਰੇ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਉਹ ਕਿਸੇ ਨਾ ਕਿਸੇ ਪੱਖੋਂ ਅਧੂਰੀਆਂ ਸਮਝੀਆਂ ਗਈਆਂ ਹਨ। ਕਾਮਾਗਾਟਾ ਮਾਰੂ ਦੇ ਸਾਕੇ ਨਾਲ ਸਬੰਧਤ ਪਹਿਲਾਂ ਆਈਆਂ ਪੁਸਤਕਾਂ ਇਕ ਖ਼ਾਸ ਭਾਸ਼ਾ ਰਾਹੀਂ ਸਿੱਖ ਪਛਾਣ ਨੂੰ ਨਜ਼ਰਅੰਦਾਜ ਹੀ ਨਹੀਂ ਕਰਦੀਆਂ ਸਨ, ਸਗੋਂ ਇਹ ਸਿੱਖ ਸਭਿਆਚਾਰ ਦੀਆਂ ਧਾਰਮਕ ਰਿਵਾਇਤਾਂ ਨੂੰ ਵੀ ਕਤਲ ਕਰਦੀਆਂ ਸਨ। ਜਿਵੇਂ ਜਹਾਜ਼ ਦਾ ਨਾਂਅ ਕਾਮਾਗਾਟਾ ਮਾਰੂ ਨਾਂਅ ਪ੍ਰਚਲਤ ਕਰ ਦਿਤਾ ਗਿਆ ਪਰ ਅਸਲ ਨਾਂਅ, ਜੋ ਹਾਂਗਕਾਂਗ ਗੁਰਦੁਆਰੇ ਵਿਚ ਅਖੰਡ ਪਾਠ ਕਰਨ ਉਪ੍ਰੰਤ ਰਖਿਆ ਗਿਆ, 'ਗੁਰ ਨਾਨਕ ਜਹਾਜ਼' ਭੁਲਾ ਦਿਤਾ ਗਿਆ ਹੈ। ਸਿੱਖਾਂ ਵਲੋਂ ਪਹਿਲੀ ਵਾਰ ਅੰਗਰੇਜ਼ਾਂ ਦੇ ਵਪਾਰ ਨੂੰ ਚੁਣੌਤੀ ਦਿਤੀ ਗਈ ਸੀ ਜਿਸ ਕਾਰਨ ਉਹ ਅੰਗਰੇਜ਼ਾਂ ਦੀ ਕਰੋਪੀ ਦਾ ਸ਼ਿਕਾਰ ਹੋਏ। 1947 ਤਕ ਸਿੱਖ ਹੀ ਅੰਗਰੇਜ਼ਾਂ ਨਾਲ ਲੜਦੇ ਰਹੇ ਹਨ ਪਰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿਤਾ ਗਿਆ ਹੈ। ਰਾਜਵਿੰਦਰ ਸਿੰਘ ਰਾਹੀ ਨੇ ਕਿਹਾ ਕਿ ਜਹਾਜ਼ ਦਾ ਕੋਈ ਇਕੱਲਾ ਮਾਲਕ ਨਹੀਂ ਸੀ। ਬਾਬਾ ਗੁਰਦਿਤ ਸਿੰਘ ਨੇ ਸ੍ਰੀ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾਈ ਸੀ। ਜਹਾਜ਼ ਵਿਚ ਗੁਰਦੁਆਰਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਥਾਪਤ ਕੀਤਾ ਗਿਆ ਸੀ। ਜਹਾਜ਼ ਪੰਜ ਮਹੀਨੇ ਪਾਣੀ ਵਿਚ ਰਿਹਾ ਜਿਸ ਦੌਰਾਨ ਪੰਜ ਅਖੰਡ ਪਾਠ ਤੇ ਸੱਤ ਸਹਿਜ ਪਾਠ ਹੋਏ। ਰੋਜ਼ਾਨਾ ਹੀ ਨਿਤਨੇਮ ਤੇ ਸ਼ਬਦ ਕੀਰਤਨ ਕੀਤਾ ਜਾਂਦਾ ਸੀ। ਕਲਕੱਤੇ ਜਦ 29 ਸਤੰਬਰ 1914 ਨੂੰ ਮੁਸਾਫ਼ਰਾਂ ਦਾ ਕਤਲੇਆਮ ਕੀਤਾ ਗਿਆ ਤਾਂ ਉਸ ਵਕਤ ਮੁਸਾਫ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਲਕੱਤੇ ਦੇ ਗੁਰਦੁਆਰੇ ਲਿਜਾਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਜਹਾਜ਼ ਵਿਚ 376 ਯਾਤਰੀ ਸਵਾਰ ਸਨ ਜਿਨ੍ਹਾਂ ਵਿਚ 24 ਮੁਸਲਮਾਨ ਤੇ 12 ਹਿੰਦੂ ਯਾਤਰੀ ਸਨ। ਬਾਬਾ ਗੁਰਦਿਤ ਸਿੰਘ । ਬਾਬਾ ਗੁਰਦਿਤ ਸਿੰਘ ਪੂਰਨ ਗੁਰਸਿੱਖ ਸਨ ਤੇ ਵਚਨ ਤੇ ਕਰਮ ਦੇ ਪੱਕੇ ਸਨ। ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਕਲੱਕਤਾ ਗੁਰਦੁਆਰੇ ਵਿਚ ਬਿਰਾਜਮਾਨ ਕਰਨ ਨੂੰ ਲੈ ਕੇ ਰੇੜਕਾ ਸ਼ੁਰੂ ਹੋਇਆ ਸੀ ਕਿਉਂਕਿ ਸਮੇਂ ਦੀ ਹਕੂਮਤ ਅਜਿਹਾ ਨਹੀਂ ਕਰਨ ਦੇਣਾ ਚਾਹੁੰਦੀ ਸੀ। ਜਹਾਜ਼ ਦੇ ਸਫ਼ਰ ਵਿਚ ਭਾਈ ਦਲਜੀਤ ਸਿੰਘ ਦਾ ਉਘਾ ਰੋਲ ਹੈ ਪਰ ਇਤਿਹਾਸਕਾਰਾਂ ਨੇ ਉਸ ਦੇ ਰੋਲ ਨੂੰ ਉਭਾਰਿਆ ਨਹੀਂ। ਪੁਸਤਕ ਵਿਚ ਮੈਂ ਸਿੱਖ ਸੱਭਿਆਚਾਰ ਅਤੇ ਸਿੱਖ ਕਿਰਦਾਰ ਨੂੰ ਸਥਾਪਤ ਕੀਤਾ ਹੈ। ਲੇਖਕ ਰਾਹੀ ਨੇ ਕਿਹਾ ਕਿ ਮੈਂ ਉਸ ਆਤਮਕ ਬਲ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦੇ ਆਸਰੇ ਮੁਸਾਫਰਾਂ ਨੇ ਗੋਲੀਆਂ ਅਤੇ ਤੋਪਾਂ ਦਾ ਟਾਕਰਾ ਕੀਤਾ ਹੈ। ਇਸ ਆਤਮ ਬਲ ਦੀਆਂ ਜੜ੍ਹਾਂ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਵਿਰਸੇ 'ਚ ਲੱਗੀਆਂ ਹੋਈਆਂ ਹਨ। ਇਸ ਕਿਤਾਬ ਵਿਚੋਂ ਇਸ ਸਭ ਕੁਝ ਦੇ ਦਰਸ਼ਨ ਹੁੰਦੇ ਹਨ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਦੇ ਉੱਦਮ ਨਾਲ ਕਰਵਾਈ ਇਸ ਸਮਾਗਮ ਵਿੱਚ ਬਜ਼ੁਰਗ ਪੱਤਰਕਾਰ ਦਲਬੀਰ ਸਿੰਘ, ਡਾਕਟਰ ਗੁਰਦਰਸ਼ਨ ਸਿੰਘ ਢਿਲੋਂ, ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ, ਹਮੀਰ ਸਿੰਘ, ਕਰਮਜੀਤ ਸਿੰਘ ਬੁਟਰ, ਸਾਬਕਾ ਐਸਡੀਓ ਬੇਅੰਤ ਸਿੰਘ, ਗੀਤਕਾਰ ਸ਼ਮਸ਼ੇਰ ਸੰਧੂ, ਉੱਘੇ ਲੇਖਕ ਸੁਖਮਿੰਦਰ ਸਿੰਘ ਗੱਜਣਵਾਲਾ, ਸ. ਬਬਲਜੀਤ ਸਿੰਘ, ਗੁਰਦੁਆਰਾ ਬਾਬਾ ਜੀਵਨ ਸਿੰਘ ਫੇਜ ਤਿੰਨ ਮੁਹਾਲੀ ਦੇ ਪ੍ਰਧਾਨ ਸ. ਈਸ਼ਰ ਸਿੰਘ, ਐਸ. ਡੀ.ਓ. ਗੁਰਦੇਵ ਸਿੰਘ, ਸ਼ਹੀਦ ਬਾਬਾ ਬੀਰ ਸਿੰਘ, ਧੀਰ ਸਿੰਘ ਫਾਉਂਡੇਸ਼ਨ ਦੇ ਖਜ਼ਾਨਚੀ ਕੁਲਦੀਪ ਸਿੰਘ ਸੇਖਾ, ਸੰਗੀਤਕਾਰ ਐਚ.ਐਮ. ਸਿੰਘ, ਵੀਡੀਓ ਡਾਇਰੈਕਟਰ ਸਵਾਲਿਨਜੀਤ ਸਿੰਘ, ਕੁਲਦੀਪ ਸਿੰਘ ਸੇਖਾ ਸਮੇਤ ਹੋਰ ਹਸਤੀਆਂ ਸ਼ਾਮਲ ਸਨ।


ਪੁਸਤਕ ਦੀ ਘੁੰਡ ਚੁਕਾਈ ਮੌਕੇ (ਖੱਬਿਓਂ ਸੱਜੇ) ਸੁਖਦੇਵ ਸਿੰਘ, ਅਜਮੇਰ ਸਿੰਘ, ਰਾਜਵਿੰਦਰ ਸਿੰਘ ਰਾਹੀ, ਕਰਮਜੀਤ ਸਿੰਘ ਅਤੇ ਜਸਪਾਲ ਸਿੰਘ ਸਿੱਧੂ





# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# CHAAT BHAVAN®

CHAAT BHAVAN RESTAURANT

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨੱਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

## ਮੈਂ ਆਪਣੇ ਫਾਇਦੇ ਲਈ ਟੈਕਸ ਕਾਨੂੰਨਾਂ ਦੀ ਵਰਤੋਂ ਕੀਤੀ : ਟਰੰਪ

**ਕੋਲੋਰਾਡੋ/ਬਿਊਰੋ ਨਿਊਜ਼ :** ਡੋਨਲਡ ਟਰੰਪ ਵੱਲੋਂ 18 ਸਾਲਾਂ ਤਕ ਆਮਦਨ ਕਰ ਤੋਂ ਬਚਣ ਲਈ ਚਕਮਾ ਦੇਣ ਦੀਆਂ ਸੰਭਾਵਨਾਵਾਂ ਸਬੰਧੀ ਰਿਪੋਰਟਾਂ ਤੋਂ ਭੈਅਮੁਕਤ ਨਜ਼ਰ ਆ ਰਹੇ ਰਿਪਬਲਿਕਨ ਪਾਰਟੀ ਦੇ ਵਿਵਾਦਤ ਉਮੀਦਵਾਰ ਨੇ ਆਪਣੇ



ਇਸ ਕਦਮ ਦਾ ਬਚਾਅ ਕਰਦਿਆਂ ਕਿਹਾ ਕਿ ਉਸ ਨੇ ਜੋ ਕੀਤਾ ਸੀ ਉਹ ਅਮਰੀਕੀ ਕਰ ਕਾਨੂੰਨਾਂ ਦੀ 'ਬਿਹਤਰੀਨ' ਵਰਤੋਂ ਸੀ।

ਕੋਲੋਰਾਡੋ ਵਿੱਚ ਚੋਣ ਰੈਲੀ ਦੌਰਾਨ 70 ਸਾਲਾ ਟਰੰਪ ਨੇ ਕਿਹਾ, 'ਇਕ ਕਾਰੋਬਾਰੀ ਅਤੇ ਰੀਅਲ ਅਸਟੇਟ ਡਿਵੈੱਲਪਰ ਹੋਣ ਨਾਤੇ ਮੈਂ ਆਪਣੇ ਫਾਇਦੇ ਲਈ ਕਾਨੂੰਨੀ ਤੌਰ 'ਤੇ ਟੈਕਸ ਕਾਨੂੰਨਾਂ ਦੀ ਵਰਤੋਂ ਕੀਤੀ ਹੈ। ਇਹ ਕਦਮ ਆਪਣੀ ਕੰਪਨੀ ਅਤੇ ਕਰਮਚਾਰੀਆਂ ਦੇ ਲਾਭ ਲਈ ਉਠਾਇਆ ਸੀ। ਮੈਂ ਅਕਸਰ ਕਹਿੰਦਾ ਹਾਂ ਕਿ ਕਾਨੂੰਨ ਮੈਨੂੰ ਅਧਿਕਾਰ ਦਿੰਦਾ ਹੈ ਕਿ ਮੈਂ ਕਾਨੂੰਨ ਤੋਂ ਵੱਧ ਟੈਕਸ ਨਾ ਭਰਾਂ ਜਾਂ ਘੱਟ ਟੈਕਸ ਅਦਾ ਕਰਨ ਲਈ ਕਾਨੂੰਨੀ ਤੌਰ 'ਤੇ ਸੰਭਵ ਹੋਰ ਰਾਹ ਦੀ ਤਲਾਸ਼ ਕਰਾਂ।'

ਜਨਤਕ ਮੀਟਿੰਗਾਂ ਦੀ ਲੜੀ ਵਿੱਚ ਇਸ ਤਰ੍ਹਾਂ ਨਜ਼ਰ ਆ ਰਿਹਾ ਸੀ ਕਿ ਟਰੰਪ ਉਤੇ 18 ਸਾਲਾਂ ਤੱਕ ਆਮਦਨ ਕਰ ਨਾ ਭਰਨ ਵਾਲੇ ਖੁਲਾਸੇ ਵਾਲੀਆਂ ਰਿਪੋਰਟਾਂ ਦਾ ਕੋਈ ਅਸਰ ਨਹੀਂ ਹੈ। ਟਰੰਪ ਨੇ ਕਿਹਾ, 'ਮੇਰਾ ਮਤਲਬ ਹੈ ਮੈਂ ਇਮਾਨਦਾਰੀ ਨਾਲ ਬਿਹਤਰੀਨ ਢੰਗ ਨਾਲ ਕਾਨੂੰਨ ਦੀ ਵਰਤੋਂ ਕੀਤੀ ਹੈ। ਮੈਂ ਨਫ਼ਰਤ ਕਰਦਾ ਹਾਂ ਜਿਵੇਂ ਉਹ ਸਾਡੇ ਟੈਕਸਾਂ ਵਾਲੀ ਰਾਸ਼ੀ ਨੂੰ ਰੋੜ੍ਹਦੇ ਹਨ।' ਦੇਸ਼ ਅਤੇ ਵਿਸ਼ਵ ਵਿੱਚ ਵੱਡੇ ਰੀਅਲ ਅਸਟੇਟ ਕਾਰੋਬਾਰੀ ਟਰੰਪ ਨੇ ਕਿਹਾ ਕਿ ਉਸ ਨੂੰ ਸ਼ਹਿਰੀ ਟੈਕਸ, ਸਟੇਟ ਟੈਕਸ, ਸੇਲਜ਼ ਤੇ ਐਕਸਾਈਜ਼ ਟੈਕਸ, ਮੁਲਾਜ਼ਮ ਟੈਕਸ ਅਤੇ ਸੰਘੀ ਟੈਕਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੇ ਕਿਹਾ, 'ਇਹ ਮੇਰਾ ਫ਼ਰਜ਼ ਹੈ ਕਿ ਜਿਥੋਂ ਤਕ ਸੰਭਵ ਹੋ ਸਕੇ ਓਵਰਆਲ ਟੈਕਸਾਂ ਦੇ ਬੋਝ ਨੂੰ ਘੱਟ ਕਰਾਂ, ਜਿਸ ਸਹਾਰੇ ਮੈਂ ਗੁਆਂਢ, ਵਰਕਰਾਂ ਅਤੇ ਵੱਡੀਆਂ ਪ੍ਰਾਪਰਟੀਆਂ ਵਿਚ ਮੁੜ ਨਿਵੇਸ਼ ਕਰਦਾ ਹਾਂ ਅਤੇ ਰੁਜ਼ਗਾਰ ਦੇਣ ਵਾਲਿਆਂ ਅਤੇ ਛੋਟੇ ਕਾਰੋਬਾਰੀਆਂ ਦੀ ਹਮੇਸ਼ਾ ਮਦਦ ਕਰਦਾ ਹਾਂ।'

# ਦੁਨੀਆ ਭਰ ਦੇ ਮੁਲਕਾਂ ਨੂੰ ਦਿੱਤੀ ਜਾਵੇਗੀ ਸਿੱਖਾਂ ਦੀ ਪਛਾਣ ਬਾਰੇ ਜਾਣਕਾਰੀ

### ਸ਼੍ਰੋਮਣੀ ਕਮੇਟੀ ਵਲੋਂ ਤਿਆਰ ਕਿਤਾਬਚਾ ਸਫ਼ਾਰਤਖ਼ਾਨਿਆਂ ਨੂੰ ਸੌਂਪਿਆ ਜਾਵੇਗਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਵਿਸ਼ੇਸ਼ ਕਿਤਾਬਚਾ ਤਿਆਰ ਕੀਤਾ ਗਿਆ ਹੈ। ਇਸ ਕਿਤਾਬਚੇ 'ਸਮ ਕਾਮਨ ਕੰਸਰਨ ਐਂਡ ਇਸ਼ੂਜ਼ ਆਫ਼ ਓਵਰਸੀਜ਼ ਸਿੱਖ ਕਮਿਊਨਿਟੀ' ਵਿੱਚ ਦੱਸਿਆ ਗਿਆ ਹੈ ਕਿ ਭਾਰਤ ਨੂੰ ਛੱਡ ਹੋਰ ਬਾਕੀ ਮੁਲਕਾਂ ਵਿੱਚ ਇਸ ਵੇਲੇ ਲਗਭਗ 20 ਲੱਖ ਸਿੱਖ ਵਸੇ ਹੋਏ ਹਨ, ਜਿਨ੍ਹਾਂ ਵਿਚੋਂ ਵਧੇਰੇ ਸਿੱਖ ਕੈਨੇਡਾ, ਬਰਤਾਨੀਆ ਅਤੇ ਅਮਰੀਕਾ ਵਿੱਚ ਹਨ। ਇਹ ਕਿਤਾਬਚਾ ਵਿਦੇਸ਼ਾਂ ਵਿੱਚ ਸਿੱਖ ਪਛਾਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਨੂੰ ਹੁਣ ਵੱਖ-ਵੱਖ ਮੁਲਕਾਂ ਦੇ ਸਫ਼ਾਰਤਖ਼ਾਨਿਆਂ ਨੂੰ ਸੌਂਪਿਆ ਜਾਵੇਗਾ। ਇਹ ਕਿਤਾਬਚਾ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਰਿਲੀਜ਼ ਕੀਤਾ।

ਵੱਖ-ਵੱਖ ਸਿੱਖ ਵਿਦਵਾਨਾਂ ਦੀ ਰਾਇ ਨਾਲ ਤਿਆਰ ਕੀਤੇ ਗਏ ਇਸ ਕਿਤਾਬਚੇ ਵਿੱਚ ਪਹਿਲੀ ਵਿਸ਼ਵ ਜੰਗ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਇਤਿਹਾਸ, ਸਿੱਖ ਪਛਾਣ, ਸਿੱਖਾਂ ਦੀਆਂ ਵਿਸ਼ਵ-ਵਿਆਪੀ ਪ੍ਰਾਪਤੀਆਂ, ਸਿੱਖਾਂ ਦੀ ਵਿਦੇਸ਼ਾਂ ਵਿੱਚ ਸਥਿਤੀ, ਕਾਰੋਬਾਰ, ਸਭਿਆਚਾਰ ਅਤੇ ਹੋਰ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਇਸ ਕਿਤਾਬਚੇ ਵਿੱਚ ਦਰਜ ਹੈ ਕਿ ਇਸ ਵੇਲੇ ਵੱਖ-ਵੱਖ ਮੁਲਕਾਂ ਵਿੱਚ ਸਿੱਖਾਂ ਦੀ ਆਬਾਦੀ ਲਗਭਗ 20 ਲੱਖ ਹੈ, ਜਿਸ ਵਿਚੋਂ ਸਭ ਤੋਂ ਵਧੇਰੇ ਕੈਨੇਡਾ ਵਿੱਚ 4.68 ਲੱਖ ਸਿੱਖ ਹਨ। ਬਰਤਾਨੀਆ ਵਿੱਚ ਸਿੱਖਾਂ ਦੀ ਗਿਣਤੀ ਲਗਭਗ 4.32 ਲੱਖ ਹੈ ਅਤੇ ਅਮਰੀਕਾ ਵਿੱਚ ਸਿੱਖਾਂ ਦੀ ਗਿਣਤੀ ਲਗਭਗ ਢਾਈ ਲੱਖ ਹੈ। ਇਸ ਵੇਲੇ ਸਿੱਖ ਭਾਰਤ ਨੂੰ ਛੱਡ ਕੇ 58 ਹੋਰ ਮੁਲਕਾਂ ਵਿੱਚ ਵਸੇ ਹੋਏ ਹਨ ਪਰ ਉਹ ਪਛਾਣ ਦੀ ਸਮੱਸਿਆ ਨਾਲ ਜੂਝ ਰਹੇ ਹਨ। ਕਈ ਮੁਲਕਾਂ ਵਿਚ ਸਿੱਖਾਂ ਨੂੰ ਮੁਸਲਮਾਨ ਸਮਝਦਿਆਂ ਨਸਲੀ ਹਮਲਿਆਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਯਤਨ ਸ਼ੁਰੂ ਕੀਤੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਹ ਕਿਤਾਬਚਾ ਸਿੱਖ ਵਿਦਵਾਨ ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਕਾਰ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਧਰਮ ਸਿੰਘ ਅਤੇ ਦਿਲਜੀਤ ਸਿੰਘ ਬੇਦੀ 'ਤੇ ਆਧਾਰਤ ਮੰਡਲ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਕਿਤਾਬਚੇ ਨੂੰ ਜਲਦੀ ਹੀ ਵੱਖ ਵੱਖ ਮੁਲਕਾਂ ਦੇ ਸਫਾਰਤਖਾਨਿਆਂ ਵਿਚ ਮੌਜੂਦ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ, ਜਿਸ ਨਾਲ ਸਿੱਖ ਪਛਾਣ ਸਬੰਧੀ ਜਾਗਰੂਕਤਾ ਵਧੇਗੀ। ਇਹ ਕਿਤਾਬਚਾ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਹਰੇਕ ਵਿਦੇਸ਼ੀ ਨੁਮਾਇੰਦੇ ਨੂੰ ਵੀ ਦਿੱਤਾ ਜਾਵੇਗਾ। ਇਸ ਦਾ ਅਨੁਵਾਦ ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਵੀ ਕਰਵਾਇਆ ਜਾਵੇਗਾ ਤਾਂ ਜੋ ਵੱਖ ਵੱਖ ਮੁਲਕਾਂ ਦੇ ਲੋਕ ਇਸ ਨੂੰ ਆਪਣੀ ਭਾਸ਼ਾ ਵਿੱਚ ਪੜ੍ਹ ਸਕਣ ਅਤੇ ਸਿੱਖਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਸਕਣ। ਉਨ੍ਹਾਂ ਦੱਸਿਆ ਕਿ ਜਲਦੀ ਹੀ ਸ਼੍ਰੋਮਣੀ ਕਮੇਟੀ ਇਸ ਕਿਤਾਬਚੇ 'ਤੇ ਆਧਾਰਤ ਦਸਤਾਵੇਜ਼ੀ ਵੀਡਿਓ ਫਿਲਮ ਵੀ ਤਿਆਰ ਕਰੇਗੀ। ਇਸ ਨੂੰ ਵੀ ਵੱਖ-ਵੱਖ ਭਾਸ਼ਾਵਾਂ ਵਿੱਚ ਤਿਆਰ ਕੀਤਾ ਜਾਵੇਗਾ ਅਤੇ ਇਲੈਕਟ੍ਰੋਨਿਕ ਤੇ ਸੋਸ਼ਲ ਮੀਡੀਆ ਦੇ ਰਾਹੀਂ ਪ੍ਰਚਾਰਿਆ ਜਾਵੇਗਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਹੋਰ ਸਿੱਖ ਪਛਾਣ ਸਬੰਧੀ ਤਿਆਰ ਕਿਤਾਬਚਾ ਜਾਰੀ ਕਰਦੇ ਹੋਏ।

### *ਸ਼੍ਰੋਮਣੀ ਕਮੇਟੀ ਇਜਲਾਸ ਲਈ ਕੇਂਦਰ ਵਲੋਂ ਕੋਈ ਪੱਤਰ ਨਹੀਂ ਆਇਆ*

*ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ 2011 ਦੇ ਸਦਨ ਦੇ ਜਨਰਲ ਇਜਲਾਸ ਨੂੰ ਸੱਦਣ ਸਬੰਧੀ ਫਿਲਹਾਲ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਕੋਈ ਪੱਤਰ ਨਹੀਂ ਪੁੱਜਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਪੱਤਰ ਦੀ ਉਡੀਕ ਕੀਤੀ ਜਾ ਰਹੀ ਹੈ। ਜਥੇਦਾਰ ਅਵਤਾਰ ਸਿੰਘ ਨੇ ਕਿ ਸੁਪਰੀਮ ਕੋਰਟ ਵੱਲੋਂ ਇਸ ਸਬੰਧੀ ਹੋਏ ਫੈਸਲੇ ਦੀ ਕਾਪੀ ਅਤੇ ਲੋੜੀਂਦਾ ਪੱਤਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਆਖਿਆ ਕਿ ਸਰਹੱਦ 'ਤੇ ਬਣੇ ਤਣਾਅ ਵਾਲੇ ਹਾਲਾਤ ਦੌਰਾਨ ਪੱਤਰ ਦਾ ਹੁੰਗਾਰਾ ਆਉਣ ਵਿੱਚ ਦੇਰ ਹੋਈ ਹੈ।*










# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 24ਵਾਂ ਸਥਾਪਨਾ ਦਿਵਸ ਸੰਗਤਾਂ ਤੇ ਪ੍ਰਬੰਧਕਾਂ ਨੇ ਭਾਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ







**ਸੈਕਰਾਮੈਂਟੋ/ਬਿਊਰੋ ਨਿਊਜ਼** : ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਦਾ 24ਵਾਂ ਸਥਾਪਨਾ ਦਿਵਸ ਐਤਵਾਰ 2 ਅਕਤੂਬਰ ਨੂੰ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ, ਪਿਆਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਤਿੰਨ ਦਿਨ ਗੁਰੂ ਘਰ ਵਿਖੇ ਰੌਣਕਾਂ ਲੱਗੀਆਂ ਰਹੀਆਂ। ਸ਼ੁਕਰਵਾਰ 30 ਸਤੰਬਰ ਨੂੰ ਸ੍ਰੀ ਜਸਵਿੰਦਰ ਬੰਗਾ, ਸ੍ਰੀ ਸੁਬੰਗਾ ਅਤੇ ਬੰਗਾ ਪਰਿਵਾਰ ਅਤੇ ਸਮੂਹ ਸੰਗਤ ਵੱਲੋਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।

ਸ਼ਨੀਵਾਰ 1 ਅਕਤੂਬਰ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਜੀ ਦੀ ਸੇਵਾ ਭੈਣ ਉਸ਼ਾ ਰਾਣੀ ਅਤੇ ਪਰਿਵਾਰ ਵੱਲੋਂ ਆਪਣੇ ਭਰਾ ਸ੍ਰੀ ਪਵਨ ਵਿਰਦੀ ਦੇ ਘਰ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਕਰਵਾਈ ਗਈ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਸ੍ਰੀ ਨਿਸ਼ਾਨ ਸਾਹਿਬ ਦੇ ਚੌਲਾ ਸਾਹਿਬ ਦੀ ਸੇਵਾ ਕੀਤੀ ਗਈ ਅਤੇ ਸੰਗਤਾਂ ਨੇ ਰਲ ਮਿਲ ਕੇ ਸ਼ਬਦ ਗੁਰਬਾਣੀ ਦਾ ਗਾਇਨ ਕੀਤਾ। ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਯੂਬਾ ਸਿਟੀ ਤੋਂ ਪੰਜਾਬੀ ਗਾਇਕ ਸ੍ਰੀ ਅਸ਼ੋਕ ਕੁਮਾਰ ਨੇ ਵੀ ਗੁਰੂ ਰਵਿਦਾਸ ਜੀ ਦੇ ਇਨਕਲਾਬੀ ਜੀਵਨ ਅਤੇ ਗੁਰੂਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੇ ਪੀ ਆਰ ਓ ਦੀਪਕ ਸਰੋਆ ਵੱਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਐਤਵਾਰ 2 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸੰਗਤੀ ਰੂਪ ਵਿਚ ਅਰਦਾਸ ਬੇਨਤੀ ਕੀਤੀ ਗਈ। ਸ੍ਰੀ ਸ਼ੁਭਾਸ਼ ਬੰਗਾ ਅਤੇ ਸ੍ਰੀ ਜਸਵਿੰਦਰ ਬੰਗਾ ਦੇ ਸਤਿਕਾਰ ਯੋਗ ਮਾਤਾ ਸ੍ਰੀਮਤੀ ਗੁਰਦੇਵ ਕੌਰ ਬੰਗਾ, ਸ੍ਰੀ ਪਵਨ ਵਿਰਦੀ ਭੈਣ ਉਸ਼ਾ ਰਾਣੀ ਨੂੰ ਸਿਰੋਪਾਓ ਸਾਹਿਬ ਨਾਲ ਨਿਵਾਜਿਆ ਗਿਆ। ਗੁਰੂ ਘਰ ਦੇ ਚੇਅਰਮੈਨ ਸ੍ਰੀ ਬਲਵਿੰਦਰ ਰੱਲ ਦੀ ਧਰਮ ਪਤਨੀ ਬੀਬੀ ਬਲਜੀਤ ਕੌਰ ਰੱਲ ਗੁਰੂ ਘਰ ਦੇ ਨਵੇਂ ਪੈਟਰਨ ਬਣੇ। ਸ੍ਰੀਮਤੀ ਬਲਜੀਤ ਕੌਰ ਨੂੰ ਵੀ ਸਿਰੋਪਾਓ ਸਾਹਿਬ ਬਖਸ਼ਿਸ ਕੀਤਾ ਗਏ।

ਗੁਰੂ ਘਰ ਦੀਆਂ ਰੌਣਕਾਂ ਨੇ ਤਾਂ ਇਕ ਵਾਰ ਸਾਲਾਨਾ ਨਗਰ ਕੀਰਤਨ ਦੀ ਯਾਦ ਤਾਜਾ ਕਰਵਾ ਦਿੱਤੀ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਭਾਈ ਤਾਜਵਿੰਦਰ ਸਿੰਘ, ਭਾਈ ਸਾਹਿਬ ਅਵਤਾਰ ਸਿੰਘ, ਭਾਈ ਪ੍ਰਭਜੋਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਥੇ ਨੇ ਸੰਗਤਾਂ ਨੂੰ ਗੁਰੂਬਾਣੀ ਕੀਰਤਨ ਨਾਲ ਨਿਹਾਲ ਕੀਤਾ। ਭਾਈ ਜਸਪਾਲ ਸਿੰਘ ਦੇ ਪੁੱਤਰ ਕਾਕਾ ਪ੍ਰਭਜੀਤ ਸਿੰਘ ਅਤੇ ਪੁੱਤਰੀ ਗੁਰਕਿਰਨ ਕੌਰ ਨੇ ਵੀ ਰਸਭਿੰਨੀ ਅਵਾਜ਼ ਨਾਲ ਸੰਗਤਾਂ ਨੂੰ ਗੁਰੂਬਾਣੀ ਕੀਰਤਨ ਨਾਲ ਨਿਹਾਲ ਕੀਤਾ। ਜਸਵਿੰਦਰ ਮਧਾਰਾ ਜੀ ਨੇ ਵੀ ਗੁਰੂਬਾਣੀ ਸ਼ਬਦ ਪੜਕੇ ਸੁਰੀਲੀ ਅਵਾਜ਼ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਬਾਕੀ ਸਫ਼ਾ 32 'ਤੇ

# ਸਿੱਖ ਬੱਚਿਆਂ ਨੇ ਬਹੁ-ਸੱਭਿਆਚਾਰਕ ਮੇਲੇ ਦੌਰਾਨ ਦਿਖਾਏ ਗਤਕੇ ਦੇ ਜੌਹਰ

**ਸਿਆਟਲ/ਬਿਊਰੋ ਨਿਊਜ਼:** ਸੰਸਾਰ ਭਰ ਤੋਂ ਵੱਖ-ਵੱਖ ਧਰਮਾਂ, ਜਾਤਾਂ ਤੇ ਰੰਗਾਂ ਦੇ ਲੋਕਾਂ ਨੇ ਮਿਲ ਕੇ 'ਇੰਟਰਨੈਸ਼ਨਲ ਮਲਟੀਕਲਚਰਲ ਫੈਸਟੀਵਲ' ਮਨਾਇਆ, ਜਿੱਥੇ ਸਿੱਖ ਭਾਈਚਾਰੇ ਦੇ ਬੱਚਿਆਂ ਨੇ ਮਾਰਸ਼ਲ ਆਰਟ, ਗਤਕਾ ਬੜੇ ਜੋਸ਼ੀਲੇ ਤੇ ਦਿਲਖਿਚਵੇਂ ਢੰਗ ਨਾਲ ਪੇਸ਼ ਕੀਤਾ ਜਿਸ ਨੂੰ ਦੇਖ ਕੇ ਦੂਸਰੇ ਧਰਮਾਂ ਦੇ ਲੋਕਾਂ ਨੇ ਸ਼ਲਾਘਾ ਕੀਤੀ । ਗੁਰਚਰਨ ਸਿੰਘ ਢਿੱਲੋਂ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਰੈਨਟਨ ਸਿਟੀ ਦੇ ਮੇਅਰ ਡੈਨਿਸ ਲਾਅ ਨੇ ਪੰਜਾਬੀ ਬੱ ਚਿਆਂ ਦੇ ਜੌਹਰ ਦੇਖ ਕੇ ਖੁਸ਼ੀ ਮਨਾਈ ਅਤੇ ਵਧਾਈ ਦਿੱਤੀ । ਇਕ-ਦੂਸਰੇ ਦੇ ਧਰਮਾਂ ਦੇ ਰੀਤੀ-ਰਿਵਾਜ ਤੇ ਵਿਰਸੇ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ । ਰੈਨਟਨ ਸਿਟੀ ਦੇ ਉਪਰਾਲੇ ਦੀ ਤਾਰੀਫ ਕੀਤੀ ਜਿਨ੍ਹਾਂ ਨੇ ਵੱਖ-ਵੱਖ ਧਰਮਾਂ, ਜਾਤਾਂ ਤੇ ਰੰਗਾਂ ਦੇ ਲੋਕਾਂ ਨੂੰ ਬੁਲਾ ਕੇ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ।




CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ .ਐਮ . ਵੀ . ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



JAI SHREE KRISHAN

ਗ੍ਰਹਿਸਥ ਕਮਜ਼ੋਰੀ ਦਾ ਪੱਕਾ ਇਲਾਜ

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ



ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਕਿਸੇ ਵੀ ਉਮਰ 'ਚ ਆਈ ਗ੍ਰਹਿਸਥ ਕਮਜ਼ੋਰੀ, ਸ਼ੂਕਰਾਣੂ ਘਾਟ ਆਦਿ ਗੁਪਤ ਰੋਗਾਂ ਨੂੰ ਜੜ੍ਹ ਤੋਂ ਪੁੱਟਣ ਲਈ ਟਿਕਾਊ ਇਲਾਜ ਕੀਤਾ ਜਾਂਦਾ ਹੈ। ਨਵਾਂ ਵਿਆਹ ਕਰਵਾਉਣ ਵਾਲੇ ਗੱਭਰੂਆਂ ਨੂੰ ਵਿਸ਼ੇਸ਼ ਦਵਾਈ ਦਿੱਤੀ ਜਾਂਦੀ ਹੈ। ਮੌਕੇ 'ਤੇ ਤੁਰੰਤ ਫਾਇਦਾ ਪਹੁੰਚਾਉਣ ਵਾਲੀ ਦਵਾਈ ਵੀ ਦਿੱਤੀ ਜਾਂਦੀ ਹੈ, ਜੋ ਕਿ ਜਵਾਨੀ ਵਿੱਚ ਹੀ ਨਹੀਂ, ਸਗੋਂ ਬੁਢਾਪੇ ਵਿੱਚ ਵੀ ਬਹੁਤ ਸ਼ਾਨਦਾਰ ਅਸਰ ਕਰਦੀ ਹੈ। ਘਰ ਬੈਠੇ ਫੋਨ ਕਰਕੇ ਦਵਾਈ ਮੰਗਵਾਓ।

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ

ਚਿਹਰੇ ਦੇ ਦਾਗ ਤੇ ਛਾਈਆਂ ਦਾ ਇਲਾਜ | ਸਿਹਤ ਬਣਾਓ ਤੇ ਪਤਲੇਪਨ ਦਾ ਇਲਾਜ
ਜੋੜਾਂ ਦਾ ਦਰਦ ਤੇ ਯੂਰਿਕ ਐਸਿਡ | ਵਾਲ ਝੜਨਾ ਜਾਂ ਸਫੈਦ ਹੋਣਾ

AYURVEDIC MEDICINE, NO SIDE EFFECT

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail :- shweat077@yahoo.com www.surajvanshipharmacy.com

Mobile : 98155-33933 Fax : 0091-181-5062627



ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅ.ਫ.ਗਾਨਿਸਤਾਨ ਵਿੱਚ ਅੱਤਵਾਦੀਆਂ ਨੇ ਸਿੱਖ ਨੂੰ ਅਗਵਾ ਕਰਕੇ ਗੋਲੀ ਮਾਰੀ

**ਪੇਸ਼ਾਵਰ/ਬਿਊਰੋ ਨਿਊਜ਼ :** ਅਫ਼ਗਾਨਿਸਤਾਨ ਵਿੱਚ ਪਾਕਿਸਤਾਨ ਨਾਲ ਲੱਗਦੇ ਅਸ਼ਾਂਤ ਨਾਂਗਰਹਰ ਸੂਬੇ ਵਿੱਚ ਮਸ਼ਕੂਕ ਅਤਿਵਾਦੀਆਂ ਨੇ ਇਕ ਸਿੱਖ ਨੂੰ ਉਸ ਦੇ ਘਰ ਵਿਚੋਂ ਅਗਵਾ ਕਰਕੇ ਗੋਲੀ ਮਾਰਕੇ ਮਾਰ ਦਿੱਤਾ। ਸਰਦਾਰ ਰਵੇਲ ਸਿੰਘ ਜਲਾਲਾਬਾਦ ਦਾ ਵਸਨੀਕ ਸੀ ਤੇ ਫੌਜੀ ਵਰਦੀ ਵਾਲੇ ਅਤਿਵਾਦੀਆਂ ਨੇ ਉਸ ਨੂੰ ਅਗਵਾ ਕਰ ਲਿਆ। ਇਸ ਤੋਂ ਬਾਅਦ ਖ਼ਾਲਿਸ ਫ਼ਾਮਿਲ ਖੇਤਰ ਵਿੱਚ ਉਸ ਦੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਘੱਟਗਿਣਤੀ ਸਿੱਖਾਂ ਨੇ ਲਾਸ਼ ਜਲਾਲਾਬਾਦ ਦੇ ਗਵਰਨਰ ਦੇ ਘਰ ਦੇ ਬਾਹਰ ਰੱਖ ਕੇ ਪ੍ਰਦਰਸ਼ਨ ਕੀਤਾ ਅਤੇ ਕਾਤਲਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਇਹ ਹੱਤਿਆ ਹੋਈ ਹੈ। ਡਿਪਟੀ ਗਵਰਨਰ ਮੁਹੰਮਦ ਹਨੀਫ਼ ਗੜਦੀਵਾਲ ਨੇ ਪ੍ਰਦਰਸ਼ਨਕਾਰੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਸ਼ਾਂਤ ਕੀਤਾ। ਉਨ੍ਹਾਂ ਕਿਹਾ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇ ਜਾਰੀ ਹਨ। ਪ੍ਰਦਰਸ਼ਨ ਵਿੱਚ ਸ਼ਾਮਲ ਰਵਿੰਦਰ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਰਵੇਲ ਸਿੰਘ ਦੀ ਆਪਣੇ ਗੁਆਂਢੀਆਂ ਨਾਲ ਲੜਾਈ ਹੋ ਗਈ ਸੀ ਤੇ ਅਗਲੇ ਦਿਨ ਗੁਆਂਢੀ ਕੁੱਝ ਬੰਦੂਕਧਾਰੀਆਂ ਨਾਲ ਆਏ ਤੇ ਰਵੇਲ ਸਿੰਘ ਨੂੰ ਘਰੋਂ ਚੁੱਕ ਕੇ ਲੈ ਗਏ ਤੇ ਬਾਅਦ ਵਿੱਚ ਉਸ ਦੀ ਹੱਤਿਆ ਕਰ ਦਿੱਤੀ ਗਈ।

# ਭਾਈ ਪਿੰਦਰਪਾਲ ਸਿੰਘ ਨੂੰ ਸਿਰਪਾਓ ਦੇ ਕੇ ਨਿਵਾਜਿਆ

**ਸਿਆਟਲ/ਬਿਊਰੋ ਨਿਊਜ਼:** ਗੁਰਦੁਆਰਾ ਸੱਚਾ ਮਾਰਗ ਐਬਰਨ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਰਾਜਬੀਰ ਸਿੰਘ ਸੰਧੂ, ਮੁਖੀ ਹਰਸ਼ਿੰਦਰ ਸਿੰਘ ਸੰਧੂ ਤੇ ਹੈਡ ਗ੍ਰੰਥੀ ਭਾਈ ਗੁਰਮੀਤ ਸਿੰਘ ਨੇ ਸਿੱਖ ਕੌਮ ਦੇ ਵਿਦਵਾਨ ਭਾਈ ਪਿੰਦਰਪਾਲ ਸਿੰਘ ਜੀ ਨੂੰ ਅਖੀਰਲੇ ਦਿਨ ਗੁਰੂ ਘਰ ਵੱਲੋਂ ਸਿਰਪਾਓ ਦੇ ਕੇ ਨਿਵਾਜਿਆ। ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਵੱਲੋਂ ਭਾਈ ਪਿੰਦਰਪਾਲ ਸਿੰਘ ਦਾ ਧੰਨਵਾਦ ਕਰਦਿਆਂ ਦਸਿਆ ਕਿ ਪੰਥਕ ਪ੍ਰਵਾਣਤ ਬਾਣੀਆਂ ਦਾ ਇਤਿਹਾਸ ਸੁਣਾ ਕੇ ਗੁਰੂ ਦਾ ਜੱਸ ਗਾਇਨ ਕੀਤਾ ਅਤੇ ਨਾਮ ਸਿਮਰਨ ਕਰਨ ਤੇ ਜ਼ੋਰ ਦਿੱਤਾ। ਗੁਰਚਰਨ ਸਿੰਘ ਢਿੱਲੋਂ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਭਾਈ ਪਿੰਦਰਪਾਲ ਸਿੰਘ ਨੇ ਪ੍ਰਬੰਧਕ ਕਮੇਟੀ ਵੱਲੋਂ ਸੱਦਾ ਪ੍ਰਵਾਨ ਕਰਦਿਆ ਕਿਹਾ ਕਿ ਹਰੇਕ ਸਾਲ ਸਿਆਟਲ ਪਹੁੰਚ ਕੇ ਸੰਗਤਾਂ ਦੇ ਰੂ-ਬ-ਰੂ ਹੋ ਕੇ ਸੰਗਤ ਨੂੰ ਗੁਰੂ ਦਾ ਜੱਸ ਸੁਨਾਉਣ ਦਾ ਓਪਰਾਲਾ ਕੀਤਾ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਲੰਗਰਾਂ ਦੀ ਸੇਵਾ ਸ਼ਰੀਂਹ ਪਿੰਡ ਦੀ ਛਿੰਜ ਕਮੇਟੀ ਤੇ ਪਿੰਡ ਸ਼ਰੀਂਹ ਵੱਲੋਂ ਬੜੇ ਉਤਸ਼ਾਹ ਨਾਲ ਸੇਵਾ ਨਿਭਾਈ ਗਈ। ਭਾਈ ਪਿੰਦਰਪਾਲ ਸਿੰਘ ਵੱਲੋਂ ਕਥਾ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਮਾਂ ਬੜੇ ਸ਼ਰਲ ਤੇ ਸੋਖੇ ਢੰਗ ਨਾਲ ਕਰਨ ਦੀ ਸ਼ਲਾਘਾ ਕੀਤੀ।



ਭਾਈ ਪਿੰਦਰਪਾਲ ਸਿੰਘ ਨੂੰ ਗੁਰੂ ਘਰ ਵੱਲੋਂ ਰਾਜਬੀਰ ਸਿੰਘ ਸੰਧੂ, ਹਰਸ਼ਿੰਦਰ ਸਿੰਘ ਸੰਧੂ ਤੇ ਹੈਡ ਗ੍ਰੰਥੀ ਗੁਰਮੀਤ ਸਿੰਘ ਸਿਰਪਾਓ ਦੇ ਕੇ ਨਿਵਾਜਦੇ ਸਮੇਂ।

# ਸੁਖਬੀਰ ਸਿੰਘ ਬਾਦਲ ਦੇ ਸਲਾਹਕਾਰ ਮਨਜਿੰਦਰ ਸਿੰਘ ਸਿਰਸਾ ਦੇ ਪਿਤਾ ਜਸਬੀਰ ਸਿੰਘ ਸਿਰਸਾ ਨੂੰ ਧੋਖ਼ਾਧੜੀ ਮਾਮਲੇ ਵਿਚ ਦੋ ਸਾਲ ਦੀ ਕੈਦ

**ਚੰਡੀਗੜ੍ਹ/ਬਿਊਰੋ ਨਿਊਜ਼ :**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਲਾਹਕਾਰ ਮਨਜਿੰਦਰ ਸਿੰਘ ਸਿਰਸਾ ਦੇ ਪਿਤਾ ਜਸਬੀਰ ਸਿੰਘ ਸਿਰਸਾ ਤੇ ਐਡਵੋਕੇਟ ਰਾਕੇਸ਼ ਨੂੰ ਸਥਾਨਕ ਅਦਾਲਤ ਨੇ ਕੀਨੀਆ ਦੇ ਆਜ਼ਾਦੀ ਘੁਲਾਟੀਏ ਮੱਖਣ ਸਿੰਘ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਦੀ ਪਾਵਰ ਆਫ਼ ਅਟਾਰਨੀ ਸਬੰਧੀ ਧੋਖਾਧੜੀ ਦੇ ਦੋਸ਼ ਹੇਠ ਦੋ ਸਾਲ ਕੈਦ ਅਤੇ ਦਸ ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਸਬੰਧੀ ਦਿੱਲੀ ਤੇ ਚੰਡੀਗੜ੍ਹ ਪੁਲੀਸ ਵੱਲੋਂ ਢੁੱਕਵੀਂ ਕਾਰਵਾਈ ਨਾ ਕਰਨ ’ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ’ਤੇ ਕੇਸ ਦਰਜ ਕੀਤਾ ਗਿਆ ਸੀ। ਕੇਸ ਸਬੰਧੀ ਜਾਇਦਾਦ ਦਿੱਲੀ ਦੇ ਪੰਜਾਬੀ ਬਾਗ਼ ਵਿੱਚ ਹੈ ਤੇ ਜਨਰਲ ਪਾਵਰ ਆਫ਼ ਅਟਾਰਨੀ ਸਬੰਧੀ ਪਤਾ ਸੈਕਟਰ ਗਿਆਰਾਂ ਦਾ ਦਿੱਤਾ ਗਿਆ ਸੀ। ਇਸਤਗਾਸਾ ਮੁਤਾਬਕ ਇਹ ਜਾਇਦਾਦ ਸੁਧ ਸਿੰਘ ਦੀ ਸੀ ਤੇ ਉਸ ਨੇ ਇਸ ਨੂੰ ਕੀਨੀਆ ਵਾਸੀ ਆਪਣੇ ਪੁੱਤਰ ਮੱਖਣ ਸਿੰਘ ਤੇ ਰਿਸ਼ਤੇਦਾਰ ਤਾਰਾ ਸਿੰਘ ਦੇ ਨਾਮ ਤਬਦੀਲ ਕੀਤਾ ਸੀ। ਮੱਖਣ ਸਿੰਘ ਨੂੰ ਕੀਨੀਆ ਦਾ ਨੈਲਸਨ ਮੰਡੇਲਾ ਕਿਹਾ ਜਾਂਦਾ ਸੀ ਤੇ ਉਨ੍ਹਾਂ ਦਾ 1973 ਵਿੱਚ ਦੇਹਾਂਤ ਹੋ ਗਿਆ ਸੀ। ਜਸਬੀਰ ਨੇ ਸੈਕਟਰ 11 ਦੇ ਪਤੇ ’ਤੇ 19 ਜੁਲਾਈ 1994 ਨੂੰ ਮੱਖਣ ਸਿੰਘ ਤੇ ਤਾਰਾ ਸਿੰਘ ਦੇ ਨਾਮ ’ਤੇ ਜਾਅਲੀ ਜਨਰਲ ਪਾਵਰ ਆਫ਼ ਅਟਾਰਨੀ ਬਣਾ ਲਈ ਸੀ, ਹਾਲਾਂਕਿ ਇਸ ਪਤੇ ’ਤੇ ਜਾਇਦਾਦ ਦੇ ਮਾਲਕ ਕਦੇ ਰਹੇ ਹੀ ਨਹੀਂ ਸਨ। ਰਜਿਸਟਰੀ ਦੋ ਦਿਨ ਬਾਅਦ 21 ਜੁਲਾਈ 1994 ਨੂੰ ਕਰਵਾਈ ਗਈ ਸੀ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ ‘ਰੇਡੀਓ ਪੰਜਾਬ’ ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ
ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ






MLS
ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ ’ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ ’ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635
www.rsingh.pmz.com
3516 Deer Park Dr., Suit A
Stockton, CA 95219
ਰਾਜਿੰਦਰ ਸਿੰਘ



Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।
Kulwinder Kaur K.D.
Cell 916-212-0123
e-mail kdkaur9@yahoo.com

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ



## ਵੋਟਾਂ ਆਈਆਂ ਨੇ ਵੋਟਾਂ !!

ਅਤਰੋ- ਨੀਂ ਚਤਰੋ ਆਹ, ਅੱਜ ਕੈਂਪ ’ਚ ਏਨੀ ਦਗੜ ਦਗੜ ਕਾਹਤੋਂ ਹੋਈ ਜਾਂਦੀ ਐ ? ਕਿਤੇ ਅੱਤਵਾਦੀਆਂ ਨੇ ਏਥੇ ’ਟੈਕ ਤਾਂ ਨੀਂ ਕਰਤਾ ?

ਚਤਰੋ- ਲੈ, ਬਹਿ ਜਾ ਟਿਕ ਕੇ। ਇਥੇ ਅੱਤਵਾਦੀ ਕਿਵੇਂ ਆ ਜਾਣਗੇ। ਭਲਾ ਆਪਾਂ ਕਿਹੜਾ ਹੁਣ ਸਰਹੱਦ ਮੂਹਰੇ ਬੈਠੇ ਆਂ।

ਅਤਰੋ- ਨਾ ਫੇਰ ਆਹ ਸਿਪਾਹੀ ਧੂੜਾਂ ਜਿਹੀਆਂ ਕਿਉਂ ਪੁਟਦੇ ਫਿਰਦੇ ਆ ?

ਚਤਰੋ- ਤੈਨੂੰ ਵੀ ਅਤਰੋ ਬੱਸ ਦੁਨੀਆਦਾਰੀ ਦਾ ਪਤਾ ਨਹੀਂ। ਇਹ ਤਾਂ ਆਪਣੇ ਮੁੱਖ ਮੰਤਰੀ ਪ੍ਰਕਾਸ਼ ਸੂੰਹ ਬਾਦਲ ਆਏ ਆ ਆਪਣਾ ਹਾਲ ਪੁਛਣ।

ਅਤਰੋ- ਲੈ, ਭਲਾ ਹੋ ਜੇ...ਫੇਰ ਆਪਾਂ ਵੀ ਚੱਲੀਏ...ਆਪਣੇ ਦੁਖੜੇ ਦੱਸ ਆਈਏ।

ਚਤਰੋ- ਨਾ ਤੈਨੂੰ ਕਾਹਦਾ ਦੁੱਖ, ਕੈਂਪ ’ਚ ਬੈਠੀ ਐਂ...ਬੈਠੀ ਨੂੰ ਪੱਕੀ-ਪਕਾਈ ਰੋਟੀ ਮਿਲ ਰਹੀ ਐ !

ਅਤਰੋ- ਨਾ ਭਲਾ ਮੇਰੀ ਬੱਕਰੀ ਦਾ ਕੀ ਬਣੂ ? ਉਹ ਵਿਚਾਰੀ ਲਈ ਕਿਹੜਾ ਕੈਂਪ ਆ। ਮੇਰਾ ਤਾਂ ਉਹੀ ਸਹਾਰਾ...ਜੇ ਉਹ ਨਾ ਬਚੀ ਮੈਂ ਕਿਥੋਂ ਖਾਊਂ।

ਚਤਰੋ- ਨੀਂ ਆਹੋ, ਗੱਲ ਤਾਂ ਤੇਰੀ ਠੀਕ ਆ। ਚੱਲ, ਫੇਰ ਆਪਾਂ ਵੀ ਫਰਿਆਦ ਲੈ ਚਲਦੇ ਆਂ।

ਸਿਪਾਹੀ- ਨੀਂ ਬੁੜ੍ਹੀਓ! ਕਿਧਰ ਨੂੰ ਮੂੰਹ ਚੁੱਕਿਐ ? ਪਤਾ ਨਹੀਂ ਮੁੱਖ ਮੰਤਰੀ ਸਾਹਿਬ ਅੰਦਰ ਲੋਕਾਂ ਦੇ ਦੁੱਖ ਸੁਣ ਰਹੇ ਨੇ ?

ਅਤਰੋ- ਨਾ, ਅਸੀਂ ਵੀ ਤਾਂ ਆਪਣੇ ਦੁੱਖ ਦੱਸਣ ਆਈਆਂ। ਅਸੀਂ ਵੀ ਤਾਂ ਉਜੜ ਕੇ ਕੈਂਪ ’ਚ ਆਈਆਂ...ਫੇਰ ਆ ਮੁੱਖ ਮੰਤਰੀ ਸਾਹਿਬ ਸਾਨੂੰ ਕਾਹਤੋਂ ਨੀਂ ਮਿਲਦੇ...। ਕੀ ਇਹ ਖ਼ਾਸ ਖ਼ਾਸ ਲੋਕਾਂ ਨੂੰ ਮਿਲਦੇ ਆ ?

ਸਿਪਾਹੀ- ਬੀਬੀ ਮੁੱਖ ਮੰਤਰੀ ਸਾਹਿਬ ਚਿਹਰਾ ਪੜ੍ਹ ਲੈਂਦੇ ਆ ਬਈ ਕਿਹਨੂੰ ਦੁੱਖ ਐ ਤੇ ਕਿਹਨੂੰ ਨਹੀਂ...ਤੁਸੀਂ ਜਾ ਕੇ ਪਾਠ-ਪੂਜਾ ਕਰੋ।

ਚਤਰੋ- ਨੀਂ ਰਹਿਣਦੇ, ਆ ਜਾ ਉਰੇ ਨੂੰ। ਐਵੇਂ ਨਾ ਹੱਡੀਆਂ ਤੁੜਾ ਬੈਠੀ ਸਰਕਾਰ ਦੇ ਦਰਬਾਰੀਆਂ ਕੋਲੋਂ। ਮਖਾਂ, ਆਹ ਮਾੜਾ ਜਾ ਟੈਂਟ ਤਾਂ ਚੁੱਕ ਕੇ ਦੇਖ, ਖੌਰੇ ਮੁੱਖ ਮੰਤਰੀ ਕੁਝ ਦੇ ਕੇ ਜਾਣ ਤੇ ਆਪਾਂ ਨੂੰ ਵੀ ਭੌਰੇ ਛਿਲੜ ਮਿਲ ਜਾਣ।

ਅਤਰੋ- ਲੈ...ਅੰਦਰ ਤਾਂ ਮੁੱਖ ਮੰਤਰੀ ਸਾਹਿਬ ਕੁਰਸੀ ’ਤੇ ਬੈਠੇ ਨੇ। ਆਲੇ-ਦੁਆਲੇ ਪੁਲੀਸ ਈ ਪੁਲੀਸ ਐ...ਆਹ ਹੇਠ ਦੋ-ਚਾਰ ਬੁੜ੍ਹੇ-ਬੁੜ੍ਹੀਆਂ ਬੈਠੇ ਆ।

ਚਤਰੋ- ਕੀ ਕਹਿ ਰਹੇ ਨੇ...ਕੁਸ਼ ਦੇ ਰਹੇ ਨੇ ?

ਅਤਰੋ- ਆਹੋ, ਬੜੇਵੇਂ ਦੇ ਰਹੇ ਨੇ।

ਚਤਰੋ- ਨਾ ਕੀ ਮਤਬਲ ?

ਅਤਰੋ- ਆ ਭਲੇ ਲੋਕ ਤਾਂ ਕੁਝ ਬੋਲੇ ਨੀਂ... ਮੁੱਖ ਮੰਤਰੀ ਸਾਹਿਬ ਕਹਿੰਦੇ, ‘ਓ ਭਾਈ ਮੈਨੂੰ ਪਤੈ, ਤੁਸੀਂ ਬਹੁਤ ਔਖੇ ਓ... ਸਾਡੇ ਕੋਲੋਂ ਜੋ ਹੋਇਆ ਕਰਾਂਗੇ...ਪਰ ਤੁਸੀਂ ਹੌਸਲਾ ਰੱਖੋ... ਰੱਬ ਆਪੇ ਭਲੀ ਕਰੂ। ਚੰਗਾ ਹੁਣ ਮੇਰੀ ਸਿਹਤ ਠੀਕ ਨਹੀਂ...ਅਸੀਂ ਚਲਦੇ ਆਂ।

ਚਤਰੋ- ਨਾ ਭਲਾ ਆਹ ਕੀ ਹੋਇਆ ? ਐਨੀ ਗੱਲ ਤਾਂ ਉਨ੍ਹਾਂ ਦਾ ਕੋਈ ਛੋਟਾ-ਮੋਟਾ ਅਫ਼ਸਰ ਕਹਿ ਦਿੰਦਾ, ਉਨ੍ਹਾਂ ਨੂੰ ਏਥੇ ਆਉਣ ਦੀ ਕੀ ਲੋੜ ਪਈ ?

ਅਤਰੋ- ਲੈ ਦੱਸ, ਠੁੱਠਾ ਤਾਂ ਫੜਾ ਤਾ ਥੋਡੇ ਹੱਥਾਂ ’ਚ, ਹੁਣ ਹੋਰ ਕੀ ਕਰਨ ? ਨਾਲੇ ਜੇ ਉਹ ਨਾ ਆਉਂਦੇ ਤਾਂ ਕਹਿਣਾ ਸੀ, ਅਖੇ ਮੁੱਖ ਮੰਤਰੀ ਨੇ ਆਪ ਆ ਕੇ ਹਾਲ ਨੀਂ ਪੁਛਿਆ। ਆਹ ਪਿਛੇ ਜਿਹੇ ਬੁੜ੍ਹੀਆਂ ਨੇ ਘੱਟ ਕੀਤੀ ਸੀ ਉਨ੍ਹਾਂ ਨਾਲ...ਕਹਿੰਦੀਆਂ ਸਾਨੂੰ ਮਿਲੇ ਨਹੀਂ...ਅਸੀਂ ਨੀਂ ਵੋਟਾਂ ਪਾਉਂਦੀਆਂ। ਤਾਂਹੀਓਂ ਤਾਂ ਉਹ ਮਿਲਣ ਆਏ ਆ। ਚਾਰ ਵੋਟਾਂ ਤਾਂ ਪੈਣਗੀਆਂ ਈ। ਦੇਖ ਨਾਲੇ ਬਿਮਾਰ ਸੀ ਤਾਂ ਵੀ ਆ ਗਏ ਉਠ ਕੇ, ਤੂੰ ਤਾਂ ਐਵੇਂ ਘੁਣਤਰਾਂ ਕੱਢਦੀ ਰਹਿੰਨੀ ਐ...!!!

ਚਤਰੋ- ਅੱਛਾ...ਅੱਛਾ ਮੁੱਖ ਮੰਤਰੀ ਨਹੀਂ... ਵੋਟਾਂ ਆਈਆਂ ਨੇ ਵੋਟਾਂ!!

## ਫੇਰ ਥੋਡਾ ਕੀ ਬਣੂ ?!!

ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਪੰਜਾਬ ਦੇ ਨੌਜਵਾਨਾਂ ਦਾ ਬਾਹਲਾ ਈ ਹੇਜ ਆ ਰਿਹੈ। ਅਖੇ-ਨੌਜਵਾਨਾਂ ਦੀਆਂ ਜੇਬਾਂ ਖਾਲੀ ਹਨ ਤੇ ਉਹ ਅਪਰਾਧੀ ਬਣਦੇ ਜਾ ਰਹੇ ਹਨ।

ਬਾਈ ਜੀ! ਜੇਬਾਂ ਤਾਂ ਖਾਲੀ ਹੋਣੀਆਂ ਹੀ ਹੋਈਆਂ...ਨਾ ਤਾਂ ਉਹ ਕਿਸੇ ਸਿਆਸੀ ਲੀਡਰ ਦੇ ਧੀ-ਪੁੱਤ ਨੇ...ਨਾ ਕੋਈ ਸਿਆਸੀ ਚਾਚਾ-ਤਾਇਆ ਬੇਲੀ...ਨਾ ਕਿਸੇ ਕਾਰੋਬਾਰੀ ਦੇ ਪੁੱਤ। ਮਾਤੜ੍ਹ ਵਿਚਾਰੇ ਕਿੱਧਰ ਜਾਣ। ਆਹ ਸਾਰੇ ਨੌਜਵਾਨ ਥੋਡੇ ਵਰਗੀ ਕਿਸਮਤ ਲੈ ਕੇ ਥੋੜ੍ਹਾ ਜੰਮਦੇ ਆ, ਜਿਨ੍ਹਾਂ ਨੂੰ ਪੜ੍ਹਾਈ ਪੂਰੀ ਕਰਦਿਆਂ ਥਾਲੀ ’ਚ ਪਰੋਸ ਕੇ ਲੀਡਰੀ ਮਿਲ ਜਾਵੇ...ਜਾਂ ਕੋਈ ਅਫ਼ਸਰੀ ਮਿਲ ਜਾਵੇ...। ਪੈਸੇ ਨੂੰ ਪੈਸਾ ਖਿੱਚਦੈ...ਲੀਡਰਾਂ ਨੂੰ ਲੀਡਰ ਤੇ ਗ਼ਰੀਬਾਂ ਨੂੰ ਗ਼ਰੀਬ ਖਿੱਚਦੀ ਨਹੀਂ...ਸਿੱਧੀ ਜੱਫ਼ਾ ਮਾਰ ਲੈਂਦੀ ਐ-ਬਈ ਹੁਣ ਤੂੰ ਉਠ ਕੇ ਤਾਂ ਦਿਖਾ...। ਬਿੱਟੂ ਜੀ ਜੇ ਇਨ੍ਹਾਂ ਨੌਜਵਾਨਾਂ ਦੀਆਂ ਜੇਬਾਂ ਭਰ ਜਾਣ ਤਾਂ ਤੁਸੀਂ ਕਿੱਥੇ ਜਾਓਗੇ...। ਦਿਹਾੜੀ ’ਤੇ ਵੀ ਕਿਸੇ ਨੇ ਨਹੀਂ ਰੱਖਣਾ...। ਗੁੱਸਾ ਨਾ ਕਰੋ...ਤੁਸੀਂ ’ਕੱਲੇ ਨੀਂ...ਸਿਆਸੀ ਆਗੂ ਸਭ ਭਾਈ ਭਾਈ...!!!




ਬੀ.ਬੀ.ਸੀ. ਹਿੰਦੀ ਤੋਂ ਧੰਨਵਾਦ ਸਹਿਤ

## ਡਰਾਮੇਬਾਜ਼ਾਂ ਦੀ ਪਾਰਟੀ !!

ਡਰਾਮੇਬਾਜ਼ਾਂ ਦੀ ਪਾਰਟੀ!!! ਭਲਾ ਇਹ ਕਿਹੜੀ ਪਾਰਟੀ ਆ ਗਈ ਹੁਣ ? ਮੇਰੇ ਵਾਂਗ ਤੁਸੀਂ ਵੀ ਹੈਰਾਨ ਹੋ ਰਹੇ ਹੋਵੋਗੇ। ਹੋਰ ਕੋਈ ਨਹੀਂ, ਇਹ ਤਾਂ ਭਾਰਤੀ ਜਨਤਾ ਪਾਰਟੀ ਦੀ ਗੱਲ ਕਰ ਰਹੇ ਹਾਂ। ਕਿਵੇਂ ?? ਉਹ ਇਸ ਤਰ੍ਹਾਂ ਕਿ ਜੇ ਤੁਸੀਂ ਪਾਰਟੀ ’ਚ ਕੋਈ ਖ਼ਾਸ ਅਹੁਦਾ ਲੈਣੈ ਤਾਂ ਕਿਸੇ ਧਾਰਮਿਕ ਡਰਾਮੇ ਵਿਚ ‘ਦੇਵੀ-ਦੇਵਤੇ’ ਵਰਗਾ ਰੋਲ ਕਰ ਲਓ...ਤੁਹਾਡੀ ਸੀਟ ਪੱਕੀ।



ਹਾਲੇ ਵੀ ਨਹੀਂ ਸਮਝੇ। ਮੁਕੇਸ਼ ਖੰਨਾ ਭੀਸ਼ਮ ਪਿਤਾਮਾ ਬਣਿਆ ਤਾਂ ਉਸ ਨੂੰ ਚੇਅਰਮੈਨੀ ਮਿਲੀ...ਮਹਾਂਭਾਰਤ ਵਿਚ ਯੁਧਿਸ਼ਟਰ, ਕ੍ਰਿਸ਼ਨ ਬਣਨ ਵਾਲੇ ਕਲਾਕਾਰਾਂ ਦੀ ਵੀ ਚਾਂਦੀ ਬਣ ਗਈ...ਸਭ ਤੋਂ ਜ਼ਿਆਦਾ ਖੱਟੀ ਸਮ੍ਰਿਤੀ ਇਰਾਨੀ ਨੇ ਜਿਹਨੇ ‘ਕਭੀ ਸਾਸ ਭੀ ਬਹੂ ਥੀ’ ਵਿਚ ਵੱਡੀ ਸਾਰੀ ਬਿੰਦੀ ਲਾ ਕੇ ਭਾਰਤੀ ਆਦਰਸ਼ਵਾਦੀ ਔਰਤ ਦਾ ਕਿਰਦਾਰ ਕੀਤਾ ਸੀ...ਕ੍ਰਿਕਟਰ ਤੋਂ ਕਾਮੇਡੀ ਸ਼ੋਅ ਵਿਚ ਆਏ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਲਈ ਚੰਗੀਆਂ ਵੋਟਾਂ ਬਟੋਰੀਆਂ ਤੇ ਉਹਦੇ ਜਾਣ ਮਗਰੋਂ ਹੁਣ ਰਾਜ ਸਭਾ ਦੀ ਮੈਂਬਰੀ ਰੂਪਾ ਗਾਂਗੂਲੀ ਨੂੰ ਦੇ ਦਿੱਤੀ। ਰੂਪਾ ਗਾਂਗੂਲੀ!! ਪਤਾ ਨਹੀਂ। ਇੰਜ ਨਹੀਂ ਯਾਦ ਆਉਣਾ...ਮਹਾਂਭਾਰਤ ਯਾਦ ਕਰੋ। ਹਾਂ ਜੀ, ਇਹ ਉਹੀ ਰੂਪਾ ਗਾਂਗੂਲੀ ਹੈ ਜਿਸ ਨੇ ਦਰਪੋਦੀ ਦਾ ਕਿਰਦਾਰ ਨਿਭਾਇਆ। ਤੁਸੀਂ ਕੀ ਸੋਚਦੇ ਹੋ!!! ਭਾਜਪਾ ’ਚ ਕੋਈ ਅਹੁਦਾ ਲੈਣੈ...ਚਿੰਤਾ ਨਾ ਕਰੋ...ਇਕ-ਅੱਧ ਧਾਰਮਿਕ ਲੜੀਵਾਰ ਕਰ ਲਓ...। ਸੀਟ ਨਾ ਮਿਲੀ, ਲੋਕ ਮੱਥਾ ਤਾਂ ਟੇਕ ਹੀ ਦੇਣਗੇ।



## ਮੈਂ ਘੁੱਗੀ ਨਈਂ ਆ...!!

ਉਂ ਤਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਵੀ ਪਿਛੇ ਨਹੀਂ...। ਲੋਕਾਂ ਨੂੰ ਆਕਰਸ਼ਤ ਕਰਨ ਲਈ ਚਰਚਿਤ ਚਿਹਰੇ, ਖ਼ਾਸ ਕਰ ਕਲਾਕਾਰਾਂ ਨੂੰ ਪਾਰਟੀਆਂ ਸ਼ਾਮਲ ਕਰਦੀਆਂ ਹੀ ਹਨ। ਭਗਵੰਤ ਮਾਨ ਨੂੰ ਹੀ ਦੇਖ ਲਓ...ਜਿੰਨਾ ਭੀੜ ਉਹ ’ਕੱਠੀ ਕਰ ਲੈਂਦਾ ਹੈ, ਕਿਸੇ ਆਗੂ ਦੀ ਓਨੀ ਜੁਰੱਅਤ ਨਹੀਂ ਪੈਂਦੀ। ਲੀਡਰੀ-ਲੁਡਰੀ ਤਾਂ ਪਤਾ ਨਹੀਂ ਪਰ ਉਹਦੇ ਟੋਟਕੇ ਜ਼ਰੂਰ ਅਸਰ ਕਰ ਜਾਂਦੇ ਆ। ਪਿਛੇ ਜਹੇ ਜਦੋਂ ‘ਆਪ’ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਬਾਹਰ ਦਾ ਰਾਹ ਦਿਖਾਇਆ ਤਾਂ ਉਨ੍ਹਾਂ ਦੀ ਥਾਂ ਹੋਰ ਨੂੰ ਅਹੁਦਾ ਸੌਂਪਣ ਵਾਲਿਆਂ ਦੀ ਕਤਾਰ ਤਾਂ ਲੰਬੀ ਸੀ ਪਰ ਪਾਰਟੀ ਨੇ ਨਵੇਂ ਨਵੇਂ ਭਰਤੀ ਹੋਏ ਗੁਰਪ੍ਰੀਤ ਸਿੰਘ ਘੁੱਗੀ ਨੂੰ ਕਨਵੀਨਰ ਥਾਪ ਦਿੱਤਾ। ਉਹ ਨਹੀਂ ਨਹੀਂ...ਗੁਰਪ੍ਰੀਤ ਸਿੰਘ ਵੜੈਚ। ਕੌਣ ਵੜੈਚ ?? ਉਹੀ ਆਪਣਾ ਘੁੱਗੀ।

ਇਹ ਵੜੈਚ ਕਦੋਂ ਤੋਂ ਹੋ ਗਿਆ...ਅੱਗੇ ਤਾਂ ਕਦੇ ਇਹ ਨਾ ਸੁਣਿਆ ਨਹੀਂ ਸੀ...। ਉਹ ਤਾਂ ਆਪ ਸਟੇਜਾਂ ਤੋਂ ਬੜੇ ਮਾਣ ਨਾਲ ਕਹਿੰਦਾ ਸੀ- ਮੈਂ ਘੁੱਗੀ ਆਂ, ਉਡ ਕੇ ਵਿਖਾਵਾਂ। ਹੁਣ ਜਦੋਂ ਲੋਕਾਂ ਨੇ ਕਹਿਣਾ ਸ਼ੁਰੂ ਕੀਤਾ-ਘੁੱਗੀ ਉਡ, ਉਡ ਘੁੱਗੀ ਉਡ...ਤੂੰ ਉਡਦੀ ਕਿਉਂ ਨਹੀਂ...। ਹੁਣ ਨੀਂ ਘੁੱਗੀ ਉਡ਼ਦੀ। ਵੜੈਚ ਸਾਹਿਬ ਨੇ ਵਿਚਾਰੀ ਆਪਣੀ ਘੁੱਗੀ ਨੂੰ ਫੈਵੀਕੋਲ ਦਾ ਪੱਕਾ ਜੋੜ ਲਾ ਕੇ ਕੁਰਸੀ ’ਤੇ ਬਹਾਲ ’ਤਾ। ਇਹ ਤਾਂ ਹੁਣ ਉਦੋਂ ਹੀ ਉਡੂ ਜਦੋਂ ਪਾਰਟੀ ਉਡੀ ਜਾਂ ਪਾਰਟੀ ਨੇ ਛੋਟੇਪੁਰ ਵਾਂਗ ਵੜੈਚ ਸਾਹਿਬ ਨੂੰ ਵੀ ਅੱਖਾਂ ਦਿਖਾਈਆਂ।

ਐਵੇਂ ਕਿਵੇਂ ??? ਕਿਉਂ ਨਹੀਂ...ਇਹ ਸਿਆਸਤ ਐ ਬਈ...ਇਥੇ ਕਦੋਂ ਕੌਣ ਉਡ ਜਾਵੇ, ਕੁਝ ਪਤਾ ਨਹੀਂ ਚਲਦਾ। ਵੜੈਚ ਸਾਹਿਬ ਤਾਂ ਹੈ ਈ ਘੁੱਗੀ। ਉਂਜ ਗੁਰਪ੍ਰੀਤ ਸਿੰਘ ਜੀ ਘੁੱਗੀ ਨੇ ਹਮੇਸ਼ਾ ਤੁਹਾਡੇ ਨਾਲ ਰਹਿਣੈ...ਜੇ ਘੁੱਗੀ ਉਡ ਗਈ ਤਾਂ ਵੜੈਚ ਕਿਸੇ ਕੰਮ ਨੀਂ ਆਉਣਾ। ਘੁੱਗੀ ਨੇ ਹੀ ਦਾਣੇ ਚੁਗ ਕੇ ਲਿਆਉਣੇ ਆ। ਚੱਲੋ ਛੱਡੋ! ਇਕ ਵਾਰ ਉਡ ਕੇ ਤਾਂ ਦਿਖਾਓ...।



# ਬਾਦਲ ਸਰਕਾਰ ਦੀਆਂ ਮੁ.ਫਤ ਸਿਲਾਈ ਮਸ਼ੀਨਾ ਦੇ ਡੇਢ ਮਹੀਨੇ ’ਚ ‘ਉਧੜੇ ਬਖ਼ੀਏ’

**ਬਠਿੰਡਾ/ਬਿਊਰੋ ਨਿਊਜ਼ :** ਹੁਣ ਸਿਲਾਈ ਮਸ਼ੀਨਾਂ ਦੀ ਖਰੀਦ ਤੋਂ ਸਰਕਾਰੀ ਦਰਬਾਰ ਵਿੱਚ ਰੌਲਾ ਪੈ ਗਿਆ ਹੈ। ਪ੍ਰਾਈਵੇਟ ਫਰਮਾਂ ਨੇ ਡੇਢ ਮਹੀਨੇ ਵਿੱਚ ਹੀ ਪ੍ਰਤੀ ਮਸ਼ੀਨ 645 ਰੁਪਏ ਕੀਮਤ ਵਧਾ ਦਿੱਤੀ ਹੈ। ਜਿਹੜੀਆਂ ਦੋ ਫਰਮਾਂ ਨੇ ਮਸ਼ੀਨਾਂ ਘੱਟ ਭਾਅ ’ਤੇ ਦੇਣ ਦੀ ਪੇਸ਼ਕਸ਼ ਕੀਤੀ ਸੀ, ਉਨਾਂ ਦੇ ਟੈਂਡਰ ਤਕਨੀਕੀ ਆਧਾਰ ’ਤੇ ਰੱਦ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਨੀਲੇ ਕਾਰਡ ਹੋਲਡਰਾਂ ਵਿਚੋਂ ਵਿਧਵਾਵਾਂ ਜਾਂ ਉਨਾਂ ਦੀਆਂ ਅਣਵਿਆਹੀਆਂ ਧੀਆਂ ਨੂੰ ਇਹ ਸਿਲਾਈ ਮਸ਼ੀਨਾਂ ਦਿੱਤੀਆਂ ਜਾਣੀਆਂ ਹਨ। ਤਕਰੀਬਨ 5.25 ਲੱਖ ਸਿਲਾਈ ਮਸ਼ੀਨਾਂ ਵੰਡੀਆਂ ਜਾਣੀਆਂ ਹਨ।

ਜਾਣਕਾਰੀ ਅਨੁਸਾਰ ਕੰਟਰੋਲਰ ਆਫ਼ ਸਟੋਰੇਜ ਨੇ 5.25 ਲੱਖ ਸਿਲਾਈ ਮਸ਼ੀਨਾਂ ਦਾ ਟੈਂਡਰ 8 ਅਗਸਤ 2016 ਨੂੰ ਖੋਲਿਆ ਸੀ, ਜਿਸ ਵਿੱਚ 17 ਫਰਮਾਂ ਵਿਚੋਂ ਪਟਿਆਲਾ ਦੀ ਫਰਮ ਆਰ.ਜੇ ਦਾ 2050 ਰੁਪਏ (ਸਮੇਤ ਟੈਕਸ) ਵਿੱਚ ਸਿਲਾਈ ਮਸ਼ੀਨ ਦੇਣ ਦਾ ਰੇਟ ਸਭ ਤੋਂ ਘੱਟ ਨਿਕਲਿਆ ਸੀ।

ਕੰਟਰੋਲਰ ਨੇ ਇਸ ਫਰਮ ਦਾ ਰੇਟ ਵੀ ਫਾਈਨਲ ਕਰ ਦਿੱਤਾ ਸੀ ਪਰ ਮਗਰੋਂ ਫਰਮ ਦੀ ਸਪਲਾਈ ਸਮਰੱਥਾ ਨਾ ਹੋਣ ਦੇ ਆਧਾਰ ’ਤੇ ਇਹ ਟੈਂਡਰ ਰੱਦ ਕਰ ਦਿੱਤਾ ਗਿਆ। ਸਿਲਾਈ ਮਸ਼ੀਨਾਂ ਦਾ ਮੁੜ ਟੈਂਡਰ ਲਾਇਆ ਗਿਆ ਜੋ 23 ਸਤੰਬਰ, 2016 ਨੂੰ ਖੋਲਿਆ ਗਿਆ। ਮੁੜ 9 ਫਰਮਾਂ ਨੇ ਟੈਂਡਰ ਪਾਏ, ਜਿਨਾਂ ਵਿਚੋਂ ਦੋ ਫਰਮਾਂ ਦੇ ਟੈਂਡਰ ਤਕਨੀਕੀ ਆਧਾਰ ’ਤੇ ਰੱਦ ਕਰ ਦਿੱਤੇ ਗਏ, ਜਿਨਾਂ ਨੇ ਤਕਰੀਬਨ 2450 ਰੁਪਏ ਸਿਲਾਈ ਮਸ਼ੀਨ ਦਾ ਰੇਟ ਪਾਇਆ ਸੀ। ਦੂਜੇ ਟੈਂਡਰ ਵਿੱਚ ਲੁਧਿਆਣਾ ਦੀ ਇਕ ਫਰਮ ਦਾ ਰੇਟ ਸਭ ਤੋਂ ਘੱਟ 2695 ਰੁਪਏ ਨਿਕਲਿਆ ਹੈ, ਜੋ ਪਹਿਲੇ ਟੈਂਡਰ ਨਾਲੋਂ ਪ੍ਰਤੀ ਮਸ਼ੀਨ 645 ਰੁਪਏ ਜ਼ਿਆਦਾ ਹੈ। ਡੇਢ ਮਹੀਨੇ ਵਿੱਚ ਹੀ ਸਵਾ ਪੰਜ ਲੱਖ ਮਸ਼ੀਨਾਂ ਦੇ ਭਾਅ ਵਿੱਚ 33.85 ਕਰੋੜ ਦਾ ਵਾਧਾ ਹੋ ਗਿਆ ਹੈ। ਸੂਤਰਾਂ ਮੁਤਾਬਕ ਸੱਤ ਫਰਮਾਂ ਵਿਚੋਂ ਪੰਜ ਨੇ ਪੂਲ ਕੀਤਾ ਹੋਇਆ ਹੈ।

ਜ਼ੀਰਕਪੁਰ ਦੀ ਬੀ.ਆਰ. ਸਪਲਾਇਰ ਨੇ ਵੀ 2695 ਰੁਪਏ, ਸੰਗਰੂਰ ਦੀ ਮਿੱਤਲ ਟਰੇਡਰਜ਼ ਨੇ 2715 ਰੁਪਏ, ਸੰਗਰੂਰ ਦੀ ਟੀ.ਆਰ. ਟਰੇਡਰਜ਼ ਨੇ 2725 ਰੁਪਏ, ਸੀ.ਆਰ ਫਰਮ ਨੇ 2750 ਰੁਪਏ, ਸੰਯੋਗ ਫਰਮ ਨੇ 2757 ਅਤੇ ਇੱਕ ਹੋਰ ਫਰਮ ਨੇ 2769 ਰੁਪਏ ਕੀਮਤ ਪਾਈ ਹੈ।

ਸੂਤਰਾਂ ਮੁਤਾਬਕ ਭਾਅ ਵਿੱਚ ਥੋੜਾ ਬਹੁਤਾ ਫਰਕ ਹੋਣਾ ਹੀ ਸਪਸ਼ਟ ਕਰਦਾ ਹੈ ਕਿ ਦਾਲ ਵਿੱਚ ਕੁਝ ਕਾਲਾ ਹੈ। ਪੰਜਾਬ ਸਰਕਾਰ ਨੂੰ ਮੌਜੂਦਾ ਭਾਅ ਤੇ ਇਹ ਮਸ਼ੀਨਾਂ ਖਰੀਦਣ ਲਈ 141.8 ਕਰੋੜ ਦੀ ਲੋੜ ਪਵੇਗੀ ਜਦੋਂ ਕਿ ਪਹਿਲੇ ਟੈਂਡਰ ਮੁਤਾਬਕ 107.62 ਕਰੋੜ ਦੀ ਲੋੜ ਪੈਣੀ ਸੀ। ਭਾਵੇਂ ਸਰਕਾਰ ਐਨੇ ਉੱਚੇ ਭਾਅ ਤੋਂ ਹਿੱਲੀ ਹੋਈ ਹੈ ਪਰ ਫਰਮਾਂ ਨੇ ਵੀ ਦੋ ਵਿਭਾਗਾਂ ਦੇ ਅਫ਼ਸਰਾਂ ’ਤੇ ਡੋਰੇ ਪਾਏ ਹੋਏ ਹਨ। ਕੰਟਰੋਲਰ ਆਫ ਸਟੋਰੇਜ ਦੀ ਅਫ਼ਸਰਸ਼ਾਹੀ ਦੇ ਪ੍ਰਾਈਵੇਟ ਫਰਮਾਂ ’ਤੇ ਸਵੱਲੀ ਨਜ਼ਰ ਹੋਣ ਦੇ ਚਰਚੇ ਵੀ ਹਨ।

ਉਦਯੋਗ ਮੰਤਰੀ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਕੰਟਰੋਲਰ ਆਫ ਸਟੋਰੇਜ ਦੇ ਮਾਮਲੇ ਵਿਚ ਉਹ ਕੋਈ ਦਖ਼ਲ ਨਹੀਂ ਦਿੰਦੇ ਪਰ ਮਹਿਕਮੇ ਵੱਲੋਂ ਪ੍ਰਾਈਵੇਟ ਫਰਮਾਂ ਨਾਲ ਮੀਟਿੰਗ ਕੀਤੀ ਗਈ ਹੈ ਤਾਂ ਜੋ ਰੇਟ ਸੈਟਲ ਕੀਤੇ ਜਾ ਸਕਣ। ਉਨਾਂ ਕਿਹਾ ਕਿ ਫਰਮਾਂ ਨਾਲ ਠੀਕ ਕੀਮਤ ’ਤੇ ਹੀ ਗੱਲ ਤੈਅ ਕੀਤੀ ਜਾਵੇਗੀ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਕਿਹਾ ਕਿ ਇਨਾਂ ਮਸ਼ੀਨਾਂ ਵਾਸਤੇ 120 ਕਰੋੜ ਦੀ ਲੋੜ ਹੈ ਅਤੇ ਕੇਸ ਵਿੱਤ ਵਿਭਾਗ ਨੂੰ ਭੇਜਿਆ ਗਿਆ ਹੈ। ਉਨਾਂ ਕਿਹਾ ਕਿ ਜੇਕਰ ਫਰਮਾਂ ਨੇ ਉੱਚੇ ਰੇਟ ਪਾਏ ਹਨ ਤਾਂ ਮੁੜ ਟੈਂਡਰ ਹੋ ਜਾਣਗੇ।

# ਭਾਈ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼-ਪੰਜ ਪਿਆਰੇ ਕਰਨਗੇ ਸਰਬੱਤ ਖ਼ਾਲਸਾ ਦੀ ਅਗਵਾਈ

**ਚੰਡੀਗੜ੍ਹ/ਬਿਊਰੋ ਨਿਊਜ਼ :** 'ਸਰਬੱਤ ਖ਼ਾਲਸਾ' ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਥਾਪੇ ਗਏ ਭਾਈ ਜਗਤਾਰ ਸਿੰਘ ਹਵਾਰਾ ਨੇ ਤਿਹਾੜ ਜੇਲ੍ਹ, ਦਿੱਲੀ ਤੋਂ ਭੇਜੀ ਚਿੱਠੀ ਰਾਹੀਂ 10 ਨਵੰਬਰ ਨੂੰ ਸੱਦੇ ਸਰਬੱਤ ਖਾਲਸਾ ਦੀ ਅਗਵਾਈ ਜਥੇਦਾਰਾਂ ਦੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਤਰਫ਼ ਕੀਤੇ ਪੰਜ ਪਿਆਰਿਆਂ ਵੱਲੋਂ ਕਰਨ ਦਾ 'ਹੁਕਮਨਾਮਾ' ਜਾਰੀ ਕੀਤਾ ਹੈ। ਸ੍ਰੀ ਹਵਾਰਾ ਦੇ ਵਕੀਲ ਅਮਰ ਸਿੰਘ ਚਾਹਲ ਨੇ ਗੁਰਚਰਨ ਸਿੰਘ ਬਹਾਦਰਗੜ੍ਹ ਅਤੇ ਬਲਵਿੰਦਰ ਸਿੰਘ ਦੌਣਕਲਾਂ ਦੀ ਮੌਜੂਦਗੀ ਵਿੱਚ ਜੇਲ੍ਹ ਤੋਂ ਭੇਜੀ ਚਿੱਠੀ ਪੱਤਰਕਾਰਾਂ ਸਾਹਮਣੇ ਖੋਲ੍ਹ ਕੇ ਪੜ੍ਹੀ।

ਚਿੱਠੀ ਵਿੱਚ ਭਾਈ ਜਥੇਦਾਰ ਹਵਾਰਾ ਨੇ ਸਪਸ਼ਟ ਲਿਖਿਆ ਹੈ ਕਿ ਇਸ ਵਾਰ 10 ਨਵੰਬਰ ਨੂੰ ਸੱਦੇ ਗਏ ਸਰਬੱਤ ਖ਼ਾਲਸਾ ਦੀ ਅਗਵਾਈ ਪੰਜ ਪਿਆਰੇ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਖ਼ਾਲਸਾ, ਭਾਈ ਮੇਜਰ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮੰਗਲ ਸਿੰਘ ਕਰਨ। 'ਸਰਬੱਤ ਖ਼ਾਲਸਾ' ਮੌਕੇ ਥਾਪੇ ਗਏ ਬਾਕੀ ਤਖ਼ਤਾਂ ਦੇ ਜਥੇਦਾਰ ਇਸ ਦੀ ਸਰਪ੍ਰਸਤੀ ਕਰਨਗੇ। ਸਰਬੱਤ ਖਾਲਸਾ ਦੀ ਤਿਆਰੀ, ਮਤਿਆਂ ਅਤੇ ਹੋਰ ਮਾਮਲਿਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਾਰਜਕਾਰਨੀ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ ਗਿਆ ਹੈ। ਕਾਰਜਕਾਰਨੀ ਦੀ ਅਗਵਾਈ ਵੀ ਪੰਜ ਪਿਆਰੇ ਹੀ ਜਥੇਦਾਰਾਂ ਨੂੰ ਭਰੋਸੇ ਵਿੱਚ ਲੈ ਕੇ ਕਰਨਗੇ। ਕਾਰਜਕਾਰਨੀ ਕਮੇਟੀ ਦੀ ਇਤਿਹਾਸਕ ਮੀਟਿੰਗ ਛੇਤੀ ਸੱਦੀ ਜਾਵੇਗੀ, ਜਿਸ ਵਿੱਚ ਸਮੁੱਚੇ ਸਿੱਖ ਜਗਤ ਦੀਆਂ



ਧਾਰਮਿਕ ਅਤੇ ਰਾਜਸੀ ਧਿਰਾਂ ਸ਼ਾਮਲ ਹੋਣਗੀਆਂ। ਹਵਾਰਾ ਨੇ ਲਿਖਿਆ ਕਿ 24 ਸਤੰਬਰ ਦਾ ਦਿਨ ਸਿੱਖ ਇਤਿਹਾਸ ਵਿੱਚ ਸਦਾ ਕਾਲੇ ਦਿਨ ਵਜੋਂ ਯਾਦ ਕੀਤਾ ਜਾਵੇਗਾ ਕਿਉਂਕਿ ਪਿਛਲੇ ਸਾਲ ਇਸ ਦਿਨ ਅਕਾਲ ਤਖ਼ਤ ਅਤੇ ਹੋਰ ਤਖ਼ਤਾਂ ਦੇ 'ਸਰਕਾਰ' ਵੱਲੋਂ ਥਾਪੇ ਜਥੇਦਾਰਾਂ ਨੇ ਕੌਮ ਦੀ ਭਾਵਨਾ ਦੇ ਉਲਟ ਡੇਰਾ ਮੁਖੀ ਨੂੰ ਬਿਨਾਂ ਮੰਗਿਆ ਹੀ ਮੁਆਫ਼ੀ ਦੇ ਦਿੱਤੀ। ਹਵਾਰਾ ਨੇ ਆਪਣੀ ਚਾਰ ਸਫਿਆਂ ਦੀ ਚਿੱਠੀ ਦੇ ਅਖੀਰ ਵਿਚ ਜੇਲ੍ਹਾਂ ਕੱਟ ਰਹੇ ਸਿੰਘਾਂ ਨੂੰ ਵੀ ਪੰਥਕ ਏਕਤਾ ਲਈ ਸਹਿਯੋਗ ਦੇਣ ਦਾ ਹੋਕਾ ਦਿੱਤਾ ਹੈ।

## ਭਾਈ ਹਵਾਰਾ ਦੀ ਅਪੀਲ ਨੂੰ ਪੰਜ ਪਿਆਰਿਆਂ ਨੇ ਕੀਤਾ ਪ੍ਰਵਾਨ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਡੇਰਾ ਸਿਰਸਾ ਮੁਖੀ ਨੂੰ ਦਿੱਤੀ ਗਈ ਬਿਨ ਮੰਗੀ ਮੁਆਫੀ ਨੂੰ ਲੈ ਕੇ ਪੈਦਾ ਹੋਏ ਹਾਲਾਤ ਵਿੱਚ ਕੌਮੀ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਮ੍ਰਿਤ ਸੰਚਾਰ ਜੱਥੇ ਦੇ ਪੰਜ ਪਿਆਰੇ ਸਿੰਘਾਂ ਨੇ 10 ਨਵੰਬਰ 2016 ਨੂੰ ਹੋਣ ਵਾਲੇ ਸਰਬੱਤ ਖਾਲਸਾ ਨੂੰ ਇਤਿਹਾਸਕ ਬਨਾਉਣ ਲਈ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦਿਆਂ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਵਿਸ਼ਵਾਸ਼ ਦਿਵਾਇਆ ਹੈ ਕਿ ਉਹ ਇਸ ਸਰਬੱਤ ਖਾਲਸੇ ਨੂੰ ਮੀਲ ਪੱਥਰ ਬਨਾਉਣ ਲਈ ਹਰ ਸੰਭਵ ਯਤਨ ਕਰਨਗੇ। ਚੌਂਕ ਬਾਬਾ ਸਾਹਿਬ ਸਥਿਤ ਅਖੰਡ ਕੀਰਤਨੀ ਜਥਾ ਦੇ ਹੈੱਡ ਕੁਆਟਰ ਰੰਗਲੇ ਸੱਜਣ ਟਰੱਸਟ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਭਾਈ ਸਤਨਾਮ ਸਿੰਘ ਖੰਡੇਵਾਲਾ ਨੇ ਦੱਸਿਆ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਵਕੀਲ ਅਮਰ ਸਿੰਘ ਚਾਹਲ ਰਾਹੀਂ ਜੋ ਹੱਥ

ਬਾਕੀ ਸਫ਼ਾ 31 'ਤੇ

# ਬੇਭਰੋਸਗੀ ਵਾਲੇ ਸਾਧਨਾਂ ਰਾਹੀਂ ਆਏ ਭਾਈ ਹਵਾਰਾ ਦੇ ਬਿਆਨ ਨਾਲ ਪੰਥ 'ਚ ਭੰਬਲਭੂਸਾ ਪਿਆ: ਮਾਨ

**ਫ਼ਤਹਿਗੜ੍ਹ ਸਾਹਿਬ/ਸਿੱਖ ਸਿਆਸਤ ਬਿਊਰੋ :**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬਿਆਨ ਜਾਰੀ ਕਰਕੇ ਕਿਹਾ, ਅਖ਼ਬਾਰਾਂ ਅਤੇ ਮੀਡੀਏ ਵਿਚ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਜੋ ਵਿਚਾਰ ਪੜ੍ਹਨ ਸੁਣਨ ਨੂੰ ਮਿਲ ਰਹੇ ਹਨ ਉਨ੍ਹਾਂ ਬਾਰੇ ਸੰਗਤਾਂ 'ਚ ਭੰਬਲਭੂਸਾ ਹੈ ਕਿ ਉਹਨਾਂ ਦੇ ਹਨ ਜਾਂ ਉਨ੍ਹਾਂ ਦੇ ਨਾਮ ਦੀ ਦੁਰਵਰਤੋਂ ਹੋ ਰਹੀ ਹੈ ਕਿਉਂਕਿ ਭਾਈ ਸਾਹਿਬ ਖੁਦ ਹਿੰਦੂ ਹੁਕਮਰਾਨਾਂ ਦੀ ਜੇਲ੍ਹ ਵਿਚ ਬੰਦ ਹਨ।" ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿਚ ਸ. ਮਾਨ ਨੇ ਕਿਹਾ, ਹੋ ਸਕਦਾ ਹੈ ਕਿ ਭਾਈ ਹਵਾਰਾ ਨੂੰ ਖ਼ਾਲਸਾ ਪੰਥ ਅਤੇ ਪੰਜਾਬ ਪ੍ਰਤੀ ਸਹੀ ਜਾਣਕਾਰੀ ਨਾ ਮਿਲਦੀ ਹੋਵੇ। ਜਿਨ੍ਹਾਂ ਸਾਧਨਾਂ ਰਾਹੀਂ ਉਹਨਾਂ ਨੂੰ ਜਾਣਕਾਰੀ ਮਿਲ ਰਹੀ ਹੈ, ਉਹਨਾਂ ਸਾਧਨਾਂ ਦੇ ਆਪਣੇ ਨਿੱਜੀ ਜਾਂ ਹਕੂਮਤ ਪੱਖੀ ਸੋਚ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਫਿਰ ਸਮੁੱਚੇ ਖ਼ਾਲਸਾ ਪੰਥ ਨੂੰ ਇਹ ਵੀ ਜਾਣਕਾਰੀ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਆਪ ਉੱਚੀ-ਸੁੱਚੀ ਪੰਥਕ ਅਤੇ ਇਨਕਲਾਬੀ ਸੋਚ ਦੇ ਮਾਲਕ ਹਨ।

ਜੋ ਅਖ਼ਬਾਰਾਂ ਰਾਹੀਂ ਉਹਨਾਂ ਦੇ ਨਾਮ 'ਤੇ 10 ਨਵੰਬਰ 2016 ਨੂੰ ਹੋਣ ਜਾ ਰਹੇ ਸਰਬੱਤ ਖ਼ਾਲਸਾ ਦੀ ਅਗਵਾਈ ਪੰਜ ਪਿਆਰਿਆਂ ਨੂੰ ਦੇਣ ਦੀ ਗੱਲ ਕਹੀ ਗਈ ਹੈ, ਇਹ ਗੱਲ ਪੰਥਕ ਹਲਕਿਆਂ ਵਿਚ ਹਜ਼ਮ ਨਹੀਂ ਹੋ ਰਹੀ। ਬੇਸ਼ੱਕ ਪੰਜ ਪਿਆਰਿਆਂ ਦੇ ਸਿਧਾਂਤ ਦੀ ਸਿੱਖ ਕੌਮ ਵਿਚ ਵੱਡੀ ਮਹਾਨਤਾ ਹੈ, ਪਰ ਲੰਮੇ ਸਮੇਂ ਤੋਂ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਪਾਨ ਕਰਵਾਉਣ ਜਾਂ ਕਿਸੇ ਸਿੱਖ ਦਿਹਾੜੇ ਉਤੇ ਕੱਢੇ ਜਾਣ ਵਾਲੇ ਨਗਰ ਕੀਰਤਨ ਸਮੇਂ ਅਗਵਾਈ ਕਰਨਾ ਹੀ ਰਿਹਾ ਹੈ। ਫਿਰ ਮੌਜੂਦਾ ਪੰਜ ਪਿਆਰੇ ਉਹ ਹਨ, ਜਿਨ੍ਹਾਂ ਨੇ 10 ਨਵੰਬਰ 2015 ਦੇ ਸਰਬੱਤ ਖ਼ਾਲਸੇ ਦੇ ਹੋਏ 13 ਫੈਸਲਿਆਂ, ਜਿਨ੍ਹਾਂ ਵਿਚ ਤਖ਼ਤਾਂ ਦੇ ਜਥੇਦਾਰ ਸਾਹਿਬਾਨਾਂ ਦੀ ਨਿਯੁਕਤੀ ਵੀ ਹੋਈ ਹੈ, ਉਹਨਾਂ ਫੈਸਲਿਆ ਨੂੰ ਇਹ ਪੰਜ ਪਿਆਰੇ ਪ੍ਰਵਾਨ ਹੀ ਨਹੀਂ ਕਰਦੇ। ਜਦੋਂ ਇਹ ਪੰਜ ਪਿਆਰੇ ਦੁਬਈ ਗਏ ਸਨ, ਤਾਂ ਉਹਨਾਂ ਨੂੰ ਜਦੋਂ ਪੁੱਛਿਆ ਗਿਆ ਕਿ 10 ਨਵੰਬਰ 2015 ਨੂੰ ਹੋਏ ਸਰਬੱਤ ਖ਼ਾਲਸਾ ਦੇ ਫੈਸਲਿਆਂ ਅਤੇ ਜਥੇਦਾਰਾਂ ਦੀ ਨਿਯੁਕਤੀ ਨੂੰ ਉਹ ਪ੍ਰਵਾਨ ਕਰਦੇ ਹਨ ਕਿ ਨਹੀਂ, ਤਾਂ ਉਹਨਾਂ ਦਾ ਜੁਆਬ ਸੀ ਕਿ ਪਹਿਲੇ ਇਹ ਜਥੇਦਾਰ ਬਾਦਲ ਦੇ ਲਿਫਾਫੇ ਵਿਚੋਂ ਨਿਕਲਦੇ ਸਨ ਅਤੇ ਹੁਣ ਮਾਨ ਦੇ ਲਿਫਾਫੇ ਵਿਚੋਂ ਨਿਕਲੇ ਹਨ"। ਫਿਰ ਪਹਿਲੇ ਬਾਦਲ ਰਾਹੀਂ ਅਤੇ ਹੁਣ ਸਰਬੱਤ ਖ਼ਾਲਸੇ ਰਾਹੀਂ ਚੁਣੇ ਜਥੇਦਾਰਾਂ ਦੀ ਢੰਗ-ਵਿਧੀ ਵਿਚ ਕੀ ਫਰਕ ਰਹਿ ਗਿਆ ਹੈ ? ਹੁਣ ਸਿੱਖ ਕੌਮ ਅਤੇ ਭਾਈ ਜਗਤਾਰ ਸਿੰਘ ਹਵਾਰਾ ਸੋਚ ਵਿਚਾਰ ਕਰ ਲੈਣ ਕਿ ਸਰਬੱਤ ਖ਼ਾਲਸਾ ਦੇ ਫੈਸਲਿਆਂ ਨੂੰ ਪ੍ਰਵਾਨ ਨਾ ਕਰਨ ਵਾਲੇ 'ਪੰਜ ਪਿਆਰੇ' 10 ਨਵੰਬਰ 2016 ਨੂੰ ਹੋਣ ਜਾ ਰਹੇ ਸਰਬੱਤ ਖ਼ਾਲਸੇ ਦੀ ਅਗਵਾਈ ਕਰਨ ਦੇ ਸਮਰੱਥ ਹਨ ਜਾਂ ਨਹੀਂ ?"

ਸ.ਮਾਨ ਨੇ ਅਖ਼ਬਾਰਾਂ ਅਤੇ ਮੀਡੀਏ ਵਿਚ ਪ੍ਰਕਾਸ਼ਿਤ ਹੋਈ ਚਿੱਠੀ ਅਤੇ ਉਹਨਾਂ ਦੇ ਨਾਮ 'ਤੇ ਜੇਲ੍ਹ ਵਿਚੋਂ ਬੇਭਰੋਸਗੀ ਵਾਲੇ ਸਾਧਨਾਂ ਰਾਹੀਂ ਆਏ ਪੱਤਰ ਦੇ ਸਹੀ ਹੋਣ ਜਾਂ ਨਾ ਹੋਣ ਉਤੇ ਸਿੱਖ ਸੰਗਤ ਵੱਲੋਂ ਭੰਬਲਭੂਸੇ ਵਾਲੀ ਸਥਿਤੀ ਪੈਦਾ ਹੋ ਜਾਣ ਦੇ ਮਸਲੇ ਨੂੰ ਹਲ ਕਰਨ ਲਈ ਭਾਈ ਜਗਤਾਰ ਸਿੰਘ ਹਵਾਰਾ ਨੂੰ ਕੌਮ ਲਈ ਕੀਤੇ ਜਾਣ ਵਾਲੇ ਹੁਕਮਾਂ ਨੂੰ ਦੂਸਰੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਰਾਹੀਂ ਹੀ ਸਿੱਖ ਸੰਗਤਾਂ ਦੀ ਜਾਣਕਾਰੀ ਲਈ ਨਸ਼ਰ ਕਰਨ ਦੀ ਬੇਨਤੀ ਕੀਤੀ। ਸ. ਮਾਨ ਨੇ ਦਾਅਵੇ ਨਾਲ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਕਦੀ ਵੀ 'ਸਰਬੱਤ ਖ਼ਾਲਸੇ' ਸੰਬੰਧੀ ਗੈਰ ਤਜ਼ਰਬੇਕਾਰ 'ਪੰਜ ਪਿਆਰਿਆਂ' ਨੂੰ ਅਗਵਾਈ ਕਰਨ ਦੀ ਗੱਲ ਨਹੀਂ ਕਰ ਸਕਦੇ। ਜਦੋਂ ਉਹਨਾਂ ਦੇ ਵਿਚਾਰ ਜਾਂ ਹੁਕਮ ਦੂਸਰੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਰਾਹੀਂ ਜਨਤਕ ਹੋਣਗੇ ਤਾਂ ਸਮੁੱਚੀ ਸਿੱਖ ਕੌਮ ਉਹਨਾਂ ਵਿਚਾਰਾਂ 'ਤੇ ਯਕੀਨ ਵੀ ਕਰੇਗੀ ਅਤੇ ਉਹਨਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਵੀ ਦੇਵੇਗੀ।

ਬਾਕੀ ਸਫ਼ਾ 32 'ਤੇ


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear

Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC

Family Law • Divorce

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਅਸੀਂ ਕਿਸੇ ਦੀ ਜ਼ਮੀਨ ਨਹੀਂ ਹੜੱਪੀ : ਮੋਦੀ

## ਪਰਵਾਸੀ ਭਾਰਤੀ ਕੇਂਦਰ ਉਦਘਾਟਨ ਮੌਕੇ 'ਬਰੇਨ ਡਰੇਨ' ਨੂੰ 'ਬਰੇਨ ਗੇਨ' ਵਿਚ ਬਦਲਣ ਦੀ ਲੋੜ 'ਤੇ ਜ਼ੋਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਨੇ ਕਦੇ ਵੀ ਕਿਸੇ ਦੇਸ਼ 'ਤੇ ਹਮਲਾ ਨਹੀਂ ਕੀਤਾ ਅਤੇ ਨਾ ਹੀ ਉਸ ਨੂੰ ਕਿਸੇ ਦੀ ਜ਼ਮੀਨ ਦੀ ਭੁੱਖ ਹੈ, ਸਗੋਂ ਉਸ ਨੇ ਤਾਂ ਦੂਜਿਆਂ ਲਈ ਲੜਦਿਆਂ ਕੁਰਬਾਨੀਆਂ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨੇ ਇਥੇ ਪਰਵਾਸੀ ਭਾਰਤੀ ਕੇਂਦਰ ਦੇ ਉਦਘਾਟਨ ਸਮਾਗਮ ਵਿੱਚ ਕਿਹਾ, 'ਭਾਰਤ ਨੇ ਕਿਸੇ 'ਤੇ ਹਮਲਾ ਨਹੀਂ ਕੀਤਾ। ਉਸ ਨੂੰ ਕਿਸੇ ਦੀ ਜ਼ਮੀਨ ਦੀ ਭੁੱਖ ਨਹੀਂ ਹੈ। ਸਗੋਂ ਦੋ ਵਿਸ਼ਵ ਜੰਗਾਂ, ਜਿਨ੍ਹਾਂ ਵਿੱਚ ਭਾਰਤ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸੀ, ਵਿੱਚ ਡੇਢ ਲੱਖ ਭਾਰਤੀ ਫੌਜੀਆਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਹਨ।'



ਸ੍ਰੀ ਮੋਦੀ ਨੇ ਇਹ ਬਿਆਨ ਅਜਿਹੇ ਸਮੇਂ ਦਿੱਤਾ ਹੈ, ਜਦੋਂ ਕੁੱਝ ਦਿਨ ਪਹਿਲਾਂ ਭਾਰਤੀ ਫੌਜੀਆਂ ਨੇ ਕੰਟਰੋਲ ਰੇਖਾ ਪਾਰ ਕਰਕੇ ਅਤਿਵਾਦੀ ਟਿਕਾਣਿਆਂ ਉਪਰ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਪਾਕਿਸਤਾਨ ਕੌਮਾਂਤਰੀ ਮੰਚਾਂ 'ਤੇ ਕਸ਼ਮੀਰ ਮੁੱਦੇ ਨੂੰ ਲਗਾਤਾਰ ਚੁੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰੀ ਕੀਮਤ ਚੁਕਾਉਣ ਦੇ ਬਾਵਜੂਦ ਭਾਰਤ ਸੰਸਾਰ ਨੂੰ ਆਪਣੀ ਕੁਰਬਾਨੀਆਂ ਦੀ ਅਹਿਮੀਅਤ ਦਾ ਅਹਿਸਾਸ ਨਹੀਂ ਕਰਵਾ ਸਕਿਆ। ਉਹ ਜਦੋਂ ਵੀ ਵਿਦੇਸ਼ ਜਾਂਦੇ ਹਨ ਉਹ ਭਾਰਤੀ ਫੌਜੀਆਂ ਦੀ ਯਾਦਗਾਰਾਂ ਦੀ ਯਾਤਰਾ ਜ਼ਰੂਰ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਦੇਸ਼ ਵਿੱਚ ਮੌਜੂਦ ਭਾਰਤੀ ਭਾਈਚਾਰਾ ਸਿਆਸਤ ਵਿੱਚ ਸ਼ਾਮਲ ਹੋਣ ਜਾਂ ਵਿਦੇਸ਼ੀ ਧਰਤੀ 'ਤੇ ਸੱਤਾ ਹਥਿਆਉਣ ਵਿੱਚ ਵਿਸ਼ਵਾਸ ਨਹੀਂ ਰੱਖਦਾ, ਸਗੋਂ ਸਮਾਜਿਕ ਸਦਭਾਵਨਾ ਦੇ ਸਿਧਾਂਤ ਦੀ ਪਾਲਣਾ ਕਰਦਾ ਹੋਇਆ ਹੋਰ ਭਾਈਚਾਰਿਆਂ ਨਾਲ ਘੁਲ-ਮਿਲ ਜਾਂਦਾ ਹੈ। ਵਿਦੇਸ਼ਾਂ ਵਿੱਚ ਵਸੇ ਭਾਰਤੀ ਪਾਣੀ ਵਾਂਗ ਹਨ, ਜੋ ਜ਼ਰੂਰਤ ਮੁਤਾਬਕ ਢਲ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕੁੱਝ ਅਜਿਹੇ ਦੇਸ਼ ਹਨ, ਜਿਥੇ ਭਾਰਤੀ ਭਾਈਚਾਰਾ ਭਾਰਤੀ ਮਿਸ਼ਨ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ ਅਤੇ ਉਥੋਂ ਦੇ ਲੋਕਾਂ ਵਿਚਾਲੇ ਭਾਰਤ ਬਾਰੇ ਅਣਜਾਣ ਡਰ ਨੂੰ ਖਤਮ ਕਰਨ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ 'ਬਰੇਨ ਡਰੇਨ' (ਪ੍ਰਤਿਭਾ ਪਲਾਯਨ) ਬਾਰੇ ਬਹੁਤ ਕੁੱਝ ਕਿਹਾ ਗਿਆ ਹੈ ਅਤੇ ਜੇ ਭਾਰਤੀ ਭਾਈਚਾਰੇ ਦੀ ਮਜ਼ਬੂਤੀ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਇਆ ਜਾਂਦਾ ਹੈ ਤਾਂ ਇਸ 'ਬਰੇਨ ਡਰੇਨ' ਨੂੰ 'ਬਰੇਨ ਗੇਨ' ਵਿੱਚ ਬਦਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਡੈਮ ਪਾਣੀ ਦੀ ਊਰਜਾ ਦੀ ਵਰਤੋਂ ਬਿਜਲੀ ਬਣਾਉਣ ਲਈ ਕੀਤੀ ਜਾਂਦੀ ਹੈ, ਉਵੇਂ ਹੀ ਭਾਰਤ ਨੂੰ ਰੌਸ਼ਨ ਕਰਨ ਲਈ 2.45 ਕਰੋੜ ਮਜ਼ਬੂਤ ਭਾਰਤੀ ਭਾਈਚਾਰੇ ਦੀ ਊਰਜਾ ਦੀ ਵਰਤੋਂ ਲਈ ਇਕ ਸਰੋਤ ਦੀ ਲੋੜ ਹੈ। ਉਨ੍ਹਾਂ ਭੂਚਾਲ ਤੋਂ ਬਾਅਦ ਨੇਪਾਲ ਦੀ ਜਨਤਾ ਦੀ ਮਦਦ ਵਿੱਚ ਅਤੇ ਯਮਨ ਵਰਗੇ ਦੇਸ਼ਾਂ ਵਿੱਚ ਭਾਰਤੀ ਅਤੇ ਹੋਰ ਦੇਸ਼ਾਂ ਦੇ ਲੋਕਾਂ ਨੂੰ ਕੱਢਣ ਵਿੱਚ ਵਿਦੇਸ਼ ਮੰਤਰਾਲੇ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲੇ ਨੂੰ ਆਪਣੀ ਵੱਖਰੀ ਥਾਂ ਬਣਾਈ ਹੈ ਤੇ ਦੁਨੀਆ ਹੁਣ ਭਾਰਤ ਨੂੰ ਮਨੁੱਖੀ ਮਦਦ ਦੇਣ ਵਾਲੇ ਪ੍ਰਮੁੱਖ ਮਦਦਗਾਰ ਵਜੋਂ ਮੰਨਦਾ ਹੈ। ਹੁਣ ਹੋਰ ਦੇਸ਼ ਸੰਕਟਗ੍ਰਸਤ ਖੇਤਰਾਂ ਵਿਚੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਭਾਰਤ ਦੀ ਮਦਦ ਮੰਗਦੇ ਹਨ।

# ਸਰਜੀਕਲ ਸਟਰਾਈਕ ਨੂੰ ਕੈਸ਼ ਕਰੇਗੀ ਭਾਜਪਾ

## ਮੋਦੀ ਸਰਕਾਰ ਦੀਆਂ ਸਕੀਮਾਂ ਤੋਂ ਜਾਣੂ ਕਰਵਾਉਣ ਲਈ ਕੱਢੀ ਜਾਵੇਗੀ ਰੱਥ ਯਾਤਰਾ




**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਜਨਤਾ ਪਾਰਟੀ ਨੇ ਆਪਣੇ ਕਾਡਰ ਨੂੰ ਸਰਜੀਕਲ ਸਟਰਾਈਕ ਨੂੰ ਸਰਕਾਰ ਦੇ ਪੱਖ ਵਿਚ ਜ਼ਿਆਦਾ ਤੋਂ ਜ਼ਿਆਦਾ ਕੈਸ਼ ਕਰਨ ਲਈ ਕਿਹਾ ਹੈ। ਇੱਥੇ ਪਾਰਟੀ ਦੇ ਮੁੱਖ ਦਫ਼ਤਰ ਵਿਚ ਹੋਈ ਮੀਟਿੰਗ ਦੌਰਾਨ ਭਾਜਪਾ ਲੀਡਰਸ਼ਿਪ ਨੇ ਕਿਹਾ ਕਿ ਪਾਰਟੀ ਕੋਲ ਉਨ੍ਹਾਂ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਣ ਦਾ ਇਹ ਵੱਡਾ ਮੌਕਾ ਹੈ, ਜੋ ਉੜੀ ਹਮਲੇ ਮਗਰੋਂ ਮੋਦੀ ਸਰਕਾਰ ਦੀ ਕਾਰਜ-ਕੁਸ਼ਲਤਾ 'ਤੇ ਸਵਾਲ ਉਠਾ ਰਹੇ ਸਨ। ਇਹ ਵੀ ਕਿਹਾ ਗਿਆ ਕਿ ਉਹ ਲੋਕਾਂ ਵਿਚ ਜਾ ਕੇ ਇਸ ਗੱਲ ਨੂੰ ਪ੍ਰਚਾਰਤ ਕਰਨ ਕਿ ਅਜਿਹਾ ਮੋਦੀ ਸਰਕਾਰ ਹੀ ਕਰ ਸਕਦੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੀ ਦੂਸਰੇ ਦੇਸ਼ਾਂ ਨਾਲ ਸਬੰਧਾਂ ਨੂੰ ਸੁਧਾਰ ਕੇ ਵਿਸ਼ਵ ਭਾਈਚਾਰੇ ਵਿਚ ਵੀ ਪਾਕਿਸਤਾਨ ਨੂੰ ਅਲੱਗ-ਥਲੱਗ ਕਰ ਦਿੱਤਾ ਹੈ। ਪਾਰਟੀ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਕਿਹਾ, "ਅੱਜ ਜ਼ਿਆਦਾਤਰ ਦੇਸ਼ ਭਾਰਤ ਦੇ ਨਾਲ ਖੜ੍ਹੇ ਹਨ। ਚੀਨ ਵਰਗੇ ਪਾਕਿਸਤਾਨ ਦੇ ਮਿਤਰ ਦੇਸ਼ ਨੇ ਵੀ ਉਸ ਦਾ ਸਾਥ ਨਹੀਂ ਦਿੱਤਾ ਹੈ। ਸੂਬਾ ਕਾਰਜਕਾਰੀਨੀ ਦੀ ਮੀਟਿੰਗ ਵਿਚ ਇਸ ਗੱਲ 'ਤੇ ਵੀ ਵਿਚਾਰ ਕੀਤਾ ਗਿਆ ਕਿ ਇਕ ਵਾਰ ਫਿਰ ਤੋਂ ਮਾਹੌਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੱਖ ਵਿਚ ਹੈ। ਕਿਉਂਕਿ 2017 ਦੇ ਸ਼ੁਰੂ ਵਿਚ ਹੀ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਹਨ, ਅਜਿਹੇ ਵਿਚ ਪਾਰਟੀ ਨੂੰ ਇਕ ਰੱਥ ਯਾਤਰਾ ਕੱਢਣੀ ਚਾਹੀਦੀ ਹੈ ਤਾਂ ਪੂਰੇ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਜਾਏ। ਇਸ ਯੋਜਨਾ ਨੂੰ ਪਾਰਟੀ ਕਾਡਰ ਨੇ ਮਨਜ਼ੂਰ ਕਰ ਲਿਆ ਹੈ। ਇਸ ਲਈ ਜਲਦੀ ਹੀ ਤਰੀਕ ਅਤੇ ਸਥਾਨ ਤੈਅ ਕਰਨ ਦੀ ਜ਼ਿੰਮੇਵਾਰੀ ਸਟੇਟ ਲੀਡਰਸ਼ਿਪ ਨੂੰ ਸੌਂਪ ਦਿੱਤੀ ਗਈ ਹੈ। ਪਾਰਟੀ ਦੇ ਇਕ ਸੀਨੀਅਰ ਨੇਤਾ ਨੇ ਦੱਸਿਆ ਕਿ ਇਸ ਰੱਥ ਯਾਤਰਾ ਦੌਰਾਨ ਮੋਦੀ ਸਰਕਾਰ ਦੀਆਂ ਸਾਰੀਆਂ 52 ਯੋਜਨਾਵਾਂ ਨੂੰ ਲੋਕਾਂ ਵਿਚਾਲੇ ਲਿਆਂਦਾ ਜਾਵੇਗਾ। ਇਸ ਵਿਚ ਜਨ ਧਨ ਯੋਜਨਾ, ਫਸਲੀ ਬੀਮਾ ਯੋਜਨਾ, ਗੈਸ ਸਬਸਿਡੀ ਛੁਡਾ ਕੇ ਗ਼ਰੀਬਾਂ ਨੂੰ ਰਾਹਤ ਪਹੁੰਚਾਉਣ ਵਰਗੀਆਂ ਯੋਜਨਾਵਾਂ ਸ਼ਾਮਲ ਹਨ।

### ਚੋਣ ਲਾਹਾ ਲੈਣ ਲਈ ਪ੍ਰਚਾਰਿਆ :ਕੈਪਟਨ

**ਬੁਢਲਾਡਾ :** ਕਾਂਗਰਸ ਦੇ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਹੱਦੀ ਇਲਾਕਿਆਂ ਵਿਚ ਵਸੇ ਲੋਕਾਂ ਨੂੰ ਕੇਂਦਰ ਸਰਕਾਰ ਜੰਗ ਦੇ ਨਾਂ 'ਤੇ ਡਰਾ ਰਹੀ ਹੈ। ਪੰਜਾਬ ਅਤੇ ਯੂ.ਪੀ. ਵਿਚ ਵਿਧਾਨ ਸਭਾ ਚੋਣਾਂ ਵਿਚ ਲਾਹਾ ਲੈਣ ਲਈ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਨੂੰ ਬਲੀ ਦਾ ਬਕਰਾ ਬਣਾ ਰਹੀ ਹੈ। ਭਾਰਤ-ਪਾਕਿਸਤਾਨ ਵਿਚਾਲੇ ਜੰਗ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਪਰ ਅਸਲ ਵਿਚ ਅਜਿਹਾ ਕੁਝ ਵੀ ਨਹੀਂ ਹੈ। ਕੈਪਟਨ ਨੇ 'ਹਲਕੇ ਵਿਚ ਕੈਪਟਨ' ਦੌਰਾਨ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ, 'ਲੋਕ ਘਰ-ਬਾਰ ਛੱਡ ਕੇ ਨਾ ਜਾਣ। ਮੈਂ ਜਲਦੀ ਹੀ ਤੁਹਾਡੇ ਨਾਲ ਰਹਿਣ ਆ ਰਿਹਾ ਹਾਂ। ਸੰਕਟ ਆਉਣ 'ਤੇ ਬਹਾਦੁਰ ਪੰਜਾਬੀ ਜਾਨ ਬਚਾ ਕੇ ਭੱਜਣ ਦੀ ਬਜਾਏ ਆਪਣੇ ਫ਼ੌਜੀ ਜਵਾਨਾਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਦੁਸ਼ਮਣ ਨਾਲ ਲੋਹਾ ਲੈਣਾ ਪਸੰਦ ਕਰਦੇ ਹਨ।"

### ਵੋਟਾਂ ਲਈ ਹੋ ਰਿਹਾ ਸਭ : ਛੋਟੇਪੁਰ

**ਗੁਰਦਾਸਪੁਰ :** ਆਪਣਾ ਪੰਜਾਬ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਸਰਹੱਦੀ ਇਲਾਕਿਆਂ ਦੇ ਦੌਰੇ ਦੌਰਾਨ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਸਭ ਵੋਟਾਂ ਲਈ ਕਰ ਰਹੇ ਹਨ। ਹੋਣਾ ਤਾਂ ਇਹ ਚਾਹੀਦਾ ਹੈ ਕਿ ਹਿਜਰਤ ਲਈ ਮਜਬੂਰ ਕਰਨ ਦੀ ਬਜਾਏ ਫ਼ਸਲ ਦੀ ਖ਼ਰੀਦ ਕਰਕੇ 24 ਘੰਟੇ ਵਿਚ ਕਿਸਾਨਾਂ ਨੂੰ ਭੁਗਤਾਨ ਕਰਨ।

# ਰਿਟਰੀਟ ਰਸਮ ਵੇਲੇ ਪਾਕਿਸਤਾਨੀਆਂ ਨੇ ਭਾਰਤੀ ਗੈਲਰੀ ਵੱਲ ਸੁੱਟਿਆ ਪੱਥਰ

**ਅੰਮ੍ਰਿਤਸਰ/ਅਟਾਰੀ/ਬਿਊਰੋ ਨਿਊਜ਼ :** ਅਟਾਰੀ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਵੇਲੇ ਪਾਕਿਸਤਾਨੀ ਦਰਸ਼ਕ ਗੈਲਰੀ ਵਿਚੋਂ ਕਿਸੇ ਵੱਲੋਂ ਭਾਰਤੀ ਪਾਸੇ ਵੱਲ ਪੱਥਰ ਸੁੱਟਿਆ ਅਤੇ ਭਾਰਤ ਵਿਰੋਧੀ ਨਾਅਰੇ ਵੀ ਲਾਏ ਗਏ।

ਸਰਹੱਦ 'ਤੇ ਤਣਾਅ ਕਾਰਨ ਲੋਕਾਂ ਨੂੰ ਵੀਰਵਾਰ ਨੂੰ ਹੀ ਰੀਟਰੀਟ ਰਸਮ ਦੇਖਣ ਜਾਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਐਤਵਾਰ ਸ਼ਾਮ ਹੀ ਲੋਕਾਂ ਨੂੰ ਇਹ ਰਸਮ ਦੇਖਣ ਦੀ ਮੁੜ ਆਗਿਆ ਦਿੱਤੀ ਗਈ। ਜਦੋਂ ਇਹ ਰਸਮ ਸ਼ੁਰੂ ਹੋਣ ਵਾਲੀ ਸੀ ਤਾਂ ਪਾਕਿਸਤਾਨ ਵਾਲੇ ਪਾਸਿਉਂ ਕਿਸੇ ਵਿਅਕਤੀ ਨੇ ਭਾਰਤੀ ਪਾਸੇ ਪੱਥਰ ਸੁੱਟਿਆ, ਜੋ ਡਿੱਗਣ ਮਗਰੋਂ ਟੁੱਟ ਗਿਆ। ਇਸ ਦੌਰਾਨ ਪਾਕਿਸਤਾਨੀ ਦਰਸ਼ਕਾਂ ਵਿਚੋਂ ਕੁੱਝ ਵੱਲੋਂ ਭਾਰਤ ਵਿਰੋਧੀ ਨਾਅਰੇ ਵੀ ਲਾਏ ਗਏ।



ਭਾਰਤ-ਪਾਕਿ ਸਰਹੱਦ ਉਤੇ ਵਾਹਗਾ ਵਿੱਚ ਝੰਡਾ ਉਤਾਰਨ ਦੀ ਰਸਮ ਮੌਕੇ ਪਾਕਿਸਤਾਨੀ ਬਾਰਡਰ ਗਾਰਡਜ਼ ਅਤੇ ਬੀਐਸਐਫ ਦੇ ਜਵਾਨ।

ਨਾਅਰਿਆਂ ਦੌਰਾਨ 'ਕਸ਼ਮੀਰ ਬਣੇਗਾ ਪਾਕਿਸਤਾਨ' ਆਖਿਆ ਗਿਆ। ਇਸ ਘਟਨਾ ਦੀ ਪੁਸ਼ਟੀ ਬੀਐਸਐਫ ਦੇ ਉੱਚ ਪੱਧਰੀ ਅਧਿਕਾਰੀ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਦੱਸਿਆ ਕਿ ਇਸ ਘਟਨਾ ਤੋਂ ਤੁਰੰਤ ਬਾਅਦ ਡਿਪਟੀ ਕਮਾਡੈਂਟ ਪੱਧਰ ਦੇ ਅਧਿਕਾਰੀ ਦੀ ਫਲੈਗ ਮੀਟਿੰਗ ਵਿੱਚ ਇਸ ਘਟਨਾ ਦੀ ਸ਼ਿਕਾਇਤ ਕੀਤੀ ਹੈ ਅਤੇ ਸਖ਼ਤ ਕਾਰਵਾਈ ਲਈ ਆਖਿਆ ਹੈ। ਇਸ ਦੇ ਜਵਾਬ ਵਿੱਚ ਪਾਕਿ ਰੇਂਜਰ ਦੇ ਅਧਿਕਾਰੀ ਨੇ ਵੀ ਆਖਿਆ ਹੈ ਕਿ ਉਹ ਪੱਥਰ ਮਾਰਨ ਵਾਲੇ ਵਿਅਕਤੀ ਦੀ ਸ਼ਨਾਖਤ ਕਰਵਾ ਕੇ ਉਸ ਖ਼ਿਲਾਫ਼ ਕਾਰਵਾਈ ਕਰਨਗੇ। ਇਹ ਰਸਮ ਵੇਲੇ ਬੀਐਸਐਫ ਅਤੇ ਪਾਕਿ ਰੇਂਜਰ ਦੇ ਜਵਾਨਾਂ ਵੱਲੋਂ ਇਕ ਦੂਜੇ ਦੇ ਖ਼ਿਲਾਫ਼ ਭੜਕਾਉ ਤੇ ਉਤੇਜਿਤ ਕਰਨ ਵਾਲੇ ਇਸ਼ਾਰੇ ਤੇ ਅੰਦਾਜ਼ ਵਰਤੇ ਜਾਂਦੇ ਹਨ। ਇਸ ਤੋਂ ਪਹਿਲਾਂ ਇਕ ਵਾਰ ਅਜਿਹੀ ਇਕ ਘਟਨਾ ਸਮੇਂ ਦੋਵੇਂ ਪਾਸੇ ਪਰੇਡ ਕਰਦੇ ਜਵਾਨਾਂ ਵਿਚ ਧੱਕਾਮੁੱਕੀ ਵੀ ਹੋ ਚੁੱਕੀ ਹੈ। ਇਸ ਮਗਰੋਂ ਦੋਵਾਂ ਪਾਸੇ ਦੇ ਜਵਾਨਾਂ ਨੇ ਰਾਈਫਲਾਂ ਤਾਣ ਲਈਆਂ ਸਨ।

# ਪਾਕਿਸਤਾਨ ਦੇ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨੇ ਮੰਗੀ ਕਸ਼ਮੀਰ ਦੀ ਆਜ਼ਾਦੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਹਿਸ਼ਤਗਰਦ ਜਥੇਬੰਦੀ ਜਮਾਤ-ਉਦ-ਦਾਵਾ ਦੇ ਪ੍ਰਮੁੱਖ ਹਾਫਿਜ਼ ਸਈਦ ਨਾਲ ਨੇੜਤਾ ਨੂੰ ਲੈ ਕੇ ਚਰਚਾ ਵਿੱਚ ਆਏ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਅਤੇ ਪੀ.ਐਸ.ਜੀ.ਪੀ.ਸੀ. ਮੈਂਬਰ ਗੋਪਾਲ ਸਿੰਘ ਚਾਵਲਾ ਨੇ ਵੀਡੀਓ ਜਾਰੀ ਕਰਦਿਆਂ ਕਸ਼ਮੀਰ ਦੀ ਆਜ਼ਾਦੀ ਤੇ ਖ਼ਾਲਿਸਤਾਨ ਦੀ ਮੰਗ ਕੀਤੀ ਹੈ।



ਇਸ ਆਗੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਫ਼ਿਲਮੀ ਭੂਮਿਕਾ' ਨਿਭਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ। ਪਾਕਿਸਤਾਨ ਵਿੱਚ ਗੁਰਧਾਮ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਯਾਦਗਾਰਾਂ ਹੋਣ ਦੀ ਗੱਲ ਕਰਦਿਆਂ ਗੋਪਾਲ ਸਿੰਘ ਚਾਵਲਾ ਨੇ ਦਾਅਵਾ ਕੀਤਾ ਕਿ ਦੁਨੀਆ ਭਰ ਦੇ ਸਿੱਖਾਂ ਦੀ ਹਮਦਰਦੀ ਪਾਕਿਸਤਾਨ ਨਾਲ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਪਾਕਿਸਤਾਨ ਫ਼ੌਜ ਦੇ ਸਿੱਖ ਮੇਜਰ ਹਰਚਰਨ ਸਿੰਘ ਦੀ ਕਮਾਂਡ ਵਿੱਚ ਭਾਰਤ ਵਿਰੁੱਧ ਲੜਾਈ ਲੜਨ ਲਈ ਤਿਆਰ ਹਨ। ਉਸ ਨੇ ਕਿਹਾ ਕਿ ਪਾਕਿਸਤਾਨ ਵਿੱਚ ਭਾਰਤ ਵਿਰੋਧੀ ਮੁਹਿੰਮ ਤੇ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਹਾਫਿਜ਼ ਸਈਦ ਨੇ ਸਿੰਧ ਦੇ ਥਰਪਾਰਕਰ ਵਿੱਚ ਰਹਿੰਦੇ ਮੁਸਲਮਾਨ ਭਾਈਚਾਰੇ ਨੂੰ ਇੱਕ ਪੋਸਟਰ ਸਬੰਧੀ ਮਜ਼ਲੂਮ ਦੱਸਦਿਆਂ ਕਿਹਾ ਕਿ ਸੂਬਾ ਸਿੰਧ ਵਿੱਚ ਸ਼ਰੀਆ ਅਦਾਲਤ ਦਾ ਗਠਨ ਕੀਤਾ ਜਾਵੇਗਾ। ਇਸ ਨਾਲ ਘੱਟ ਗਿਣਤੀ ਹਿੰਦੂ ਤੇ ਈਸਾਈ ਭਾਈਚਾਰੇ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ।

# ਪਾਕਿਸਤਾਨ : ਆਕਾਸ਼ ਵਿਚ ਗੂੰਜੇ 'ਭਗਤ ਸਿੰਘ ਜ਼ਿੰਦਾਬਾਦ' ਦੇ ਨਾਅਰੇ

**ਫ਼ੈਸਲਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਸ਼ਹਿਰ ਫ਼ੈਸਲਾਬਾਦ ਦੇ ਪਿੰਡ ਬੰਗਾ ਦੇ ਚੱਕ ਨੰਬਰ 105 ਵਿਚ ਮੌਜੂਦ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ 'ਤੇ ਕੁਕਨਾਸ, ਪੰਜਾਬ ਲੋਕ ਸੁਜ਼ਾਗ ਅਤੇ ਪੰਜਾਬ ਵੇਵਜ਼ ਵਰਗੀਆਂ ਸੰਸਥਾਵਾਂ ਵੱਲੋਂ ਉਨ੍ਹਾਂ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਾਏ ਗਏ ਸਭਿਆਚਾਰਕ ਪ੍ਰੋਗਰਾਮ ਦੌਰਾਨ ਕਵਿਤਾਵਾਂ, ਗੀਤ ਅਤੇ ਭੰਗੜੇ ਦੀ ਪੇਸ਼ਕਾਰੀ ਦਿੱਤੀ ਗਈ ਅਤੇ ਪੂਰਾ ਬੰਗਾ ਪਿੰਡ 'ਇਨਕਲਾਬ ਜ਼ਿੰਦਾਬਾਦ' ਅਤੇ 'ਭਗਤ ਸਿੰਘ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜਦਾ ਰਿਹਾ। ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਵਿਚ ਰਹਿ ਰਹੇ ਇਕਬਾਲ ਵਿਰਕ ਨੇ ਦੱਸਿਆ ਕਿ ਉਨ੍ਹਾਂ ਇਸ ਘਰ ਨੂੰ 'ਹਵੇਲੀ ਭਗਤ ਸਿੰਘ ਸੰਧੂ' ਦਾ ਨਾਂ ਦਿੰਦਿਆਂ ਇਸ ਦਾ ਵੱਡਾ ਹਿੱਸਾ ਅਜਾਇਬ ਘਰ ਵਿੱਚ ਤਬਦੀਲ ਕਰ ਦਿੱਤਾ ਹੈ। ਇਥੇ ਸ਼ਹੀਦ ਭਗਤ ਸਿੰਘ ਅਤੇ



ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਦੇਸ਼ ਦੀ ਆਜ਼ਾਦੀ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ 100 ਦੇ ਕਰੀਬ ਦੇਸ਼ ਭਗਤਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਉਧਰ ਲਾਹੌਰ ਵਿੱਚ ਪਾਕਿਸਤਾਨ ਲੇਬਰ ਪਾਰਟੀ ਵੱਲੋਂ ਦਿਆਲ ਸਿੰਘ ਮੈਨਸ਼ਨ ਵਿੱਚ ਕੇਕ ਕੱਟ ਕੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਲਾਹੌਰ ਦੀ ਸੈਂਟਰਲ ਜੇਲ੍ਹ ਦੇ ਫਾਂਸੀ ਦੇ ਤਖ਼ਤੇ ਵਾਲੇ ਸਥਾਨ, ਜਿਥੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ 'ਤੇ ਲਟਕਾਇਆ ਗਿਆ ਸੀ, 'ਤੇ ਬਣੇ ਚੌਕ ਦਾ ਨਾਂ 'ਭਗਤ ਸਿੰਘ ਚੌਕ' ਨਾ ਰੱਖ ਕੇ ਹੁਰਮਤ-ਏ-ਰਸੂਲ ਚੌਕ ਰੱਖੇ ਜਾਣ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਜ਼ਿਕਰਯੋਗ ਹੈ ਕਿ ਉਪਰੋਕਤ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਸਬੰਧੀ ਪਾਕਿਸਤਾਨੀ ਅਤਿਵਾਦੀ ਸੰਗਠਨ ਜਮਾਤ-ਉਦ-ਦਾਵਾ ਨੇ ਕਿਹਾ ਸੀ ਕਿ ਭਗਤ ਸਿੰਘ ਨਾਸਤਿਕ ਸਿੱਖ ਸੀ ਅਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਅਤੇ ਅਲਾਮਾ-ਏ-ਇਕਬਾਲ ਮੁਹੰਮਦ ਇਕਬਾਲ ਦੇ ਬਣਾਏ ਪਾਕਿਸਤਾਨ ਵਿੱਚ ਇਸਲਾਮ ਧਰਮ ਨਾਲ ਜੁੜੇ ਨਾਮ, ਹਸਤੀਆਂ ਅਤੇ ਵਿਚਾਰਧਾਰਾ ਨੂੰ ਹੀ ਲਾਗੂ ਕੀਤਾ ਜਾਵੇਗਾ।

# ਅਸੀਂ ਕੀਤੀ ਹੈ ਗਗਨੇਜਾ ਦੀ ਹੱਤਿਆ: ਦਸਮੇਸ਼ ਰੈਜਮੈਂਟ

**ਜਲੰਧਰ/ਬਿਊਰੋ ਨਿਊਜ਼ :** ਆਰਐਸਐਸ ਆਗੂ ਜਗਦੀਸ਼ ਗਗਨੇਜਾ ਦੇ ਸ਼ਰਧਾਂਜਲੀ ਸਮਾਗਮ ਤੋਂ ਇਕ ਦਿਨ ਬਾਅਦ ਹੀ ਆਪਣੇ ਆਪ ਨੂੰ ਖ਼ਾਲਿਸਤਾਨ ਪੱਖੀ ਦੱਸਣ ਵਾਲੀ ਜਥੇਬੰਦੀ ਦਸਮੇਸ਼ ਰੈਜਮੈਂਟ ਨੇ ਗਗਨੇਜਾ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ। ਮੀਡੀਆ ਨੂੰ ਈਮੇਲ ਤੇ ਵਟਸਐਪ ਰਾਹੀਂ ਜਾਰੀ ਕੀਤੇ ਗਏ ਪੱਤਰ ਵਿੱਚ ਜਥੇਬੰਦੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਹੀ ਗਗਨੇਜਾ, ਸ਼ਿਵ ਸੈਨਾ ਦੇ ਅਖੌਤੀ ਆਗੂ ਦੁਰਗਾ ਪ੍ਰਸਾਦ ਗੁਪਤਾ ਨੂੰ ਮਾਰਿਆ ਹੈ ਅਤੇ ਲੁਧਿਆਣਾ ਵਿਚ ਆਰਐਸਐਸ ਦੀ ਸ਼ਾਖਾ 'ਤੇ ਹਮਲਾ ਕੀਤਾ ਸੀ। ਦਸਮੇਸ਼ ਰੈਜਮੈਂਟ ਵੱਲੋਂ ਇਹ ਪੱਤਰ 28 ਸਤੰਬਰ ਨੂੰ ਮਤਾ ਨੰਬਰ 501/2016 ਤਹਿਤ ਰਾਜਿੰਦਰ ਸਿੰਘ ਜਿੰਦਾ ਦੇ ਦਸਤਖ਼ਤਾਂ ਹੇਠ ਜਾਰੀ ਕੀਤਾ ਗਿਆ ਹੈ। ਇਸ ਪੱਤਰ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼



ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ 'ਤੇ ਦੋਸ਼ ਲਾਏ ਹਨ ਕਿ ਉਨ੍ਹਾਂ ਨੇ ਸਿੱਖ ਜਵਾਨੀ ਦਾ ਨਸ਼ਿਆਂ ਰਾਹੀਂ ਘਾਣ ਕੀਤਾ ਹੈ ਅਤੇ ਇਸ ਲਈ ਜਥੇਬੰਦੀ ਨੇ ਪੰਜਾਬ ਦੀਆਂ ਦੂਜੀਆਂ ਰਾਜਸੀ ਪਾਰਟੀਆਂ ਨੂੰ ਵੀ ਬਰਾਬਰ ਦੀਆਂ ਦੋਸ਼ੀ ਦੱਸਿਆ ਹੈ। ਉਨ੍ਹਾਂ ਨੇ ਪੰਜਾਬ ਵਿਚ ਚਿੱਟਾ ਤੇ ਸਮੈਕ ਵੇਚਣ ਵਾਲਿਆਂ ਬਾਰੇ ਸਬੂਤਾਂ ਸਮੇਤ ਜਥੇਬੰਦੀ ਨੂੰ ਸੂਚਿਤ ਕਰਨ ਲਈ ਕਿਹਾ ਹੈ। ਜਿਹੜੇ ਜਿਹੜੇ ਦੋਸ਼ੀ ਪਾਏ ਗਏ ਸਾਰਿਆਂ ਨੂੰ ਸਬਕ ਸਿਖਾਇਆ ਜਾਵੇਗਾ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਰਕਾਰੀ ਹੱਥਠੋਕਾ ਦੱਸਦਿਆਂ ਕਿਹਾ ਕਿ ਉਹ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਚੱਲਣ ਤੋਂ ਬਾਜ਼ ਆਵੇ। ਇਸ ਸਬੰਧੀ ਜਦੋਂ ਪੁਲੀਸ ਕਮਿਸ਼ਨਰ ਅਰਪਿਤ ਸ਼ੁਕਲਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪੁਲੀਸ ਕੋਲ ਇਸ ਤਰ੍ਹਾਂ ਦੇ ਪੱਤਰ ਬਾਰੇ ਕੋਈ ਜਾਣਕਾਰੀ ਨਹੀਂ ਹੈ।

### '84 ਕਤਲੇਆਮ

# ਅਦਾਲਤ ਨੇ ਸੀਬੀਆਈ ਨੂੰ ਪੁੱਛਿਆ-ਕੈਨੇਡਾ ਨੂੰ ਪੱਤਰ ਲਿਖਣ 'ਚ ਦੇਰੀ ਕਿਉਂ ਕੀਤੀ?

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੀ.ਬੀ.ਆਈ. ਨੇ 1984 ਕਤਲੇਆਮ ਦੇ ਮਾਮਲੇ ਵਿਚ ਗਵਾਹ ਦੀ ਤਲਾਸ਼ ਵਿਚ ਕੈਨੇਡਾ ਸਰਕਾਰ ਨੂੰ ਪੱਤਰ ਲਿਖਣ ਵਿਚ ਦੋ ਮਹੀਨੇ ਦੀ ਦੇਰੀ ਕਿਉਂ ਕੀਤੀ? ਇਹ ਸਵਾਲ ਦਿੱਲੀ ਦੇ ਵਧੀਕ ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਨੇ ਸੀ.ਬੀ.ਆਈ. ਤੋਂ ਪੁੱਛਿਆ ਹੈ। ਮਾਮਲਾ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਨਾਲ ਜੁੜਿਆ ਹੈ। ਮੈਜਿਸਟਰੇਟ ਨੇ ਕਿਹਾ, 'ਅਸੀਂ 11 ਜੁਲਾਈ ਨੂੰ ਮੁੱਖ ਗਵਾਹ ਦੇ ਬੇਟੇ ਨਰਿੰਦਰ ਸਿੰਘ ਦੀ ਜਾਣਕਾਰੀ ਲਈ ਕੈਨੇਡਾ ਸਰਕਾਰ ਨੂੰ ਪੱਤਰ ਲਿਖਣ ਦਾ ਆਦੇਸ਼ ਦਿੱਤਾ ਸੀ। ਤੁਸੀਂ ਉਹ ਪੱਤਰ ਦੋ ਮਹੀਨੇ ਬਾਅਦ 8 ਸਤੰਬਰ ਨੂੰ ਲਿਖਿਆ। ਏਨੇ ਦਿਨ ਕਿਉਂ ਲਾਏ?' ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੇ ਮਾਮਲੇ ਵਿੱਚ ਜਗਦੀਸ਼ ਟਾਈਲਰ ਨਾਲ ਜੁੜੇ ਮੁਕੱਦਮੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਸੀਬੀਆਈ ਵੱਲੋਂ ਪੇਸ਼ ਕੀਤੀ ਗਈ ਸਟੇਟਸ ਰਿਪੋਰਟ ਦੀ ਜਾਂਚ ਦੌਰਾਨ ਜਾਂਚ ਏਜੰਸੀ ਦੀ ਪੜਤਾਲ 'ਤੇ ਉਂਗਲ ਉਠਾਉਂਦਿਆਂ ਸੀਬੀਆਈ ਦੇ ਐੱਸਪੀ ਪੱਧਰ ਦੇ ਅਧਿਕਾਰੀ ਨੂੰ ਤਲਬ ਕੀਤਾ ਹੈ। ਅਦਾਲਤ ਨੂੰ ਮਹਿਸੂਸ ਹੋਇਆ ਕਿ ਸੀਬੀਆਈ ਨੇ ਜਾਂਚ ਦੌਰਾਨ ਜ਼ਿਆਦਾ ਅਸਰਦਾਰ ਕਦਮ ਨਹੀਂ ਪੁੱਟੇ। ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਦੱਸਿਆ ਕਿ ਕੜਕੜਡੂਮਾ ਦੀ ਏਸੀਐਮਐਮ ਸ਼ਿਵਾਲੀ ਸ਼ਰਮਾ ਦੀ ਅਦਾਲਤ ਅੱਗੇ ਜਾਂਚ ਲਈ ਸੀਬੀਆਈ ਨੇ ਤਿੰਨ ਮਹੀਨੇ ਦਾ ਹੋਰ ਸਮਾਂ ਮੰਗਿਆ ਹੈ, ਜਿਸ ਦਾ ਵਿਰੋਧ ਪੀੜਤਾਂ ਦੇ ਵਕੀਲਾਂ ਵੱਲੋਂ ਕੀਤਾ ਗਿਆ। ਅਦਾਲਤ ਨੇ ਅਗਲੀ ਸੁਣਵਾਈ ਦੌਰਾਨ ਸੀਬੀਆਈ ਦੇ ਐੱਸਪੀ ਪੱਧਰ ਦੇ ਅਧਿਕਾਰੀ ਨੂੰ ਤਲਬ ਕੀਤਾ ਹੈ ਤੇ ਸੀਬੀਆਈ ਨੂੰ 27 ਦਿਨ ਵਿੱਚ ਜਾਂਚ ਪੂਰੀ ਕਰ ਕੇ ਪੇਸ਼ ਕਰਨ ਦਾ ਹੁਕਮ ਦਿੱਤਾ ਹੈ ਤੇ ਹੁਣ 25 ਅਕਤੂਬਰ ਦੀ ਤਰੀਕ ਪਾਈ ਹੈ। ਸ੍ਰੀ ਫੂਲਕਾ ਨੇ ਲਖਵਿੰਦਰ ਕੌਰ ਵੱਲੋਂ ਪੇਸ਼ ਹੋ ਕੇ ਦੱਸਿਆ ਕਿ ਅਦਾਲਤ ਨੇ ਸੀਬੀਆਈ ਦੀ ਤੀਜੀ ਵਾਰ ਪੇਸ਼ ਕੀਤੀ ਰਿਪੋਰਟ ਨੂੰ ਰੱਦ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਗਵਾਹ ਨਰਿੰਦਰ ਸਿੰਘ ਨੂੰ ਲੱਭਣ ਦੀਆਂ ਸੀਬੀਆਈ ਦੀਆਂ ਕੋਸ਼ਿਸ਼ਾਂ ਨਾ-ਕਾਫ਼ੀ ਹਨ। ਸੀਬੀਆਈ ਵੱਲੋਂ ਕੈਨੇਡੀਅਨ ਦੂਤਾਵਾਸ ਨਾਲ ਕੀਤੇ ਗਏ ਪੱਤਰ-ਵਿਹਾਰ ਨੂੰ ਵੀ ਨਾਕਾਫ਼ੀ ਕਰਾਰ ਦਿੱਤਾ ਗਿਆ ਹੈ।

# ਸਤਾਰਾਂ ਸਾਲ ਪੁਰਾਣੇ ਇਰਾਦਾ ਕਤਲ ਕੇਸ ਚੋਂ ਬਾਬਾ ਦਰਸ਼ਨ ਸਿੰਘ ਢੱਕੀਵਾਲੇ ਬਰੀ

## 22 ਸਾਥੀਆਂ ਸਮੇਤ ਇਨ੍ਹਾਂ ਦੀ ਵਿਰੋਧੀ ਧਿਰ ਦੇ ਡੇਢ ਦਰਜਨ ਮੈਂਬਰ ਵੀ ਬਰੀ

**ਪਟਿਆਲਾ/ਬਿਊਰੋ ਨਿਊਜ਼ :**
ਇਥੇ ਸੀ.ਬੀ.ਆਈ ਕੋਰਟ ਵਿੱਚ ਇਰਾਦਾ ਕਤਲ ਦੇ ਸਤਾਰਾਂ ਸਾਲ ਪੁਰਾਣੇ ਅਤੇ ਬਹੁ ਚਰਚਿਤ ਕੇਸ ਦੇ ਅੱਜ ਆਏ ਫੈਸਲੇ ਦੌਰਾਨ ਬਾਬਾ ਦਰਸ਼ਨ ਸਿੰਘ ਢੱਕੀ ਵਾਲੇ ਅਤੇ ਉਨ੍ਹਾਂ ਦੇ 22 ਸਾਥੀਆਂ ਸਮੇਤ ਇਨ੍ਹਾਂ ਦੀ ਵਿਰੋਧੀ ਧਿਰ ਦੇ ਡੇਢ ਦਰਜਨ ਮੈਂਬਰ ਵੀ ਬਰੀ ਹੋ ਗਏ ਹਨ। ਥਾਣਾ ਪਾਇਲ ਵਿੱਚ ਇਹ ਕੇਸ 1999 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬਾਦਲ ਸਰਕਾਰ ਅਤੇ ਸੰਤ ਸਮਾਜ ਦੇ ਟਕਰਾਅ ਮੌਕੇ ਦਰਜ ਹੋਇਆ ਸੀ।

ਕੇਸ ਫਾਈਲ ਅਨੁਸਾਰ ਇਹ ਘਟਨਾ ਥਾਣਾ ਪਾਇਲ ਅਧੀਨ ਪੈਂਦੇ ਪਿੰਡ ਮਕਸੂਦੜਾ ਵਿਖੇ ਸਥਿਤ ਢੱਕੀਵਾਲਿਆਂ ਦੀ ਅਧੀਨਗੀ ਵਾਲੇ ਗੁਰਦਵਾਰਾ ਤਪੋਬਨ ਢੱਕੀ ਸਾਹਿਬ ਨੇੜਲੇ ਰਕਬੇ ਨੂੰ ਲੈ ਕੇ ਵਾਪਰੀ ਸੀ। ਪਿੰਡ ਮਕਸੂਦੜਾ ਦੇ ਕੁਝ ਵਾਸੀਆਂ ਵੱਲੋਂ ਗੁਰਦੁਆਰਾ ਪ੍ਰਬੰਧਕਾਂ 'ਤੇ ਪਿੰਡ



ਦੀ ਸ਼ਾਮਲਾਟ ਜ਼ਮੀਨ 'ਤੇ ਵੀ ਕਬਜ਼ਾ ਕਰਨ ਦੇ ਦੋਸ਼ ਲਾਏ ਗਏ ਗਏ ਸਨ ਜਿਸ ਕਰਕੇ ਹੋਈਆਂ ਝੜੱਪਾਂ ਦੌਰਾਨ ਦੋਵਾਂ ਧਿਰਾਂ ਦੇ ਕਈ ਕਈ ਮੈਂਬਰ ਜ਼ਖ਼ਮੀ ਹੋ ਗਏ ਸਨ। ਜਿਸ ਦੌਰਾਨ ਹੀ ਇੱਕ ਪਿੰਡ ਵਾਸੀ ਦੇ ਬਿਆਨਾ 'ਤੇ ਬਾਬਾ ਦਰਸ਼ਨ ਸਿੰਘ ਢੱਕੀ ਵਾਲਿਆਂ ਸਮੇਤ ਉਨ੍ਹਾਂ ਦੇ 21 ਹੋਰ ਸਾਥੀਆਂ ਅਤੇ ਹਮਾਇਤੀਆਂ ਖ਼ਿਲਾਫ਼ 307 ਅਤੇ ਹੋਰ ਧਾਰਾਵਾਂ ਤਹਿਤ ਇਹ ਕੇਸ 8 ਮਈ 1999 ਨੂੰ ਦਰਜ ਕੀਤਾ ਗਿਆ ਸੀ ਪਰ ਢੱਕੀਵਾਲਿਆਂ ਵੱਲੋਂ ਇਸ ਨੂੰ ਸਰਕਾਰ ਦੀ ਬਦਲਾਲਊ ਭਾਵਨਾ ਕਰਾਰ ਦਿੰਦਿਆਂ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਰਿੱਟ ਦੇ ਆਧਾਰ 'ਤੇ ਇਹ ਕੇਸ ਸੀਬੀਆਈ ਦੇ ਹਵਾਲੇ ਕੀਤਾ ਗਿਆ ਸੀ। ਉਧਰ ਢੱਕੀਵਾਲਿਆਂ ਵਾਲੀ ਧਿਰ ਵੱਲੋਂ ਵੀ ਪਿੰਡ ਮਕਸੂਦੜਾ ਦੇ ਵਸਨੀਕ ਕਈ ਵਿਅਕਤੀਆਂ ਵੱਲੋਂ ਹਮਲਾ ਕਰਕੇ ਉਨ੍ਹਾਂ ਦੀ ਧਿਰ ਦੇ ਕਈ ਬੰਦਿਆਂ ਨੂੰ ਜ਼ਖ਼ਮੀ ਕਰਨ ਦੇ ਦੋਸ਼ ਲਾਏ ਗਏ ਸਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਮਾਮਲਿਆਂ ਦੀ ਸੁਣਵਾਈ ਪਿਛਲੇ ਕਈ ਸਾਲਾਂ ਤੋਂ ਇਥੇ ਸਥਿਤ ਸੀਬੀਆਈ ਦੀ ਸੂਬਾ ਪੱਧਰੀ ਅਦਾਲਤ ਵਿਚਲੇ ਵਿਸ਼ੇਸ਼ ਜੱਜ ਐਸ.ਐਸ ਮਾਨ ਦੀ ਅਗਵਾਈ ਹੇਠਲੀ ਅਦਾਲਤ ਵਿੱਚ ਚੱਲ ਰਿਹਾ ਸੀ। ਇਸ ਸਬੰਧੀ ਸੁਣਾਏ ਗਏ ਫ਼ੈਸਲੇ ਮੁਤਾਬਕ ਇਰਾਦਾ ਕਤਲ ਦੇ ਇਸ ਮਾਮਲੇ ਵਿੱਚੋਂ ਬਾਬਾ ਦਰਸ਼ਨ ਸਿੰਘ ਢੱਕੀ ਵਾਲਿਆਂ ਅਤੇ ਉਨ੍ਹਾਂ ਦੀ ਧਿਰ ਦੇ 21 ਹੋਰ ਮੈਂਬਰਾਂ ਸਮੇਤ ਦੂਜੇ ਧਿਰ ਦੇ ਸਾਰੇ ਮੈਂਬਰਾਂ ਨੂੰ ਵੀ ਬਰੀ ਕਰ ਦਿੱਤਾ ਗਿਆ ਹੈ।

# ਸਰਬੱਤ ਖ਼ਾਲਸਾ ਦੀਆਂ ਸਰਗਰਮੀਆਂ ਕਾਰਨ ਫ਼ਿਕਰਾਂ ਵਿਚ ਪਈ ਸਰਕਾਰ

## ਗਰਮਖਿਆਲੀ ਆਗੂਆਂ ਨੂੰ ਅਹਿਮ ਅਹੁਦੇ ਦੇ ਕੇ ਨਰਮ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ/ਬਿਊਰੋ ਨਿਊਜ਼ :**
ਗਰਮਖ਼ਿਆਲੀ ਸਿੱਖ ਆਗੂਆਂ ਨੇ ਦੂਜਾ ਸਰਬੱਤ ਖ਼ਾਲਸਾ ਸੱਦ ਕੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠਲੀ ਸਰਕਾਰ ਨੂੰ ਫ਼ਿਕਰਾਂ ਵਿਚ ਪਾ ਦਿੱਤਾ ਹੈ। ਸੂਬਾ ਸਰਕਾਰ ਨੇ ਕੁਝ ਗਰਮਖ਼ਿਆਲੀ ਆਗੂਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਹਿਮ ਅਹੁਦੇ ਦੇ ਕੇ ਉਨ੍ਹਾਂ ਨੂੰ ਨਰਮ ਕਰਨ ਦੀ ਕੋਸ਼ਿਸ਼ ਆਰੰਭ ਦਿੱਤੀ ਹੈ। ਸਰਕਾਰ ਵੀ ਚੌਕਸ ਹੋ ਗਈ ਹੈ ਕਿਉਂਕਿ ਸਰਬੱਤ ਖ਼ਾਲਸਾ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਕੀਤਾ ਜਾ ਰਿਹਾ ਹੈ ਅਤੇ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਬੇੜੀ ਵਿਚ ਵੱਟੇ ਪੈ ਸਕਦੇ ਹਨ।

ਗਰਮਖ਼ਿਆਲੀ ਸਿੱਖ ਆਗੂਆਂ ਦੀ ਵੀਰਵਾਰ ਸ਼ਾਮ ਨੂੰ ਅੰਮ੍ਰਿਤਸਰ ਵਿਚ ਬੈਠਕ ਹੋਈ ਜਿਥੇ ਦੂਜੇ ਸਰਬੱਤ ਖ਼ਾਲਸਾ ਦੇ ਪ੍ਰਬੰਧਾਂ ਦੀ ਦੇਖ-ਰੇਖ ਲਈ 15 ਮੈਂਬਰੀ ਕਮੇਟੀ ਬਣਾਈ ਗਈ ਹੈ ਜੋ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਕੰਮ ਕਰੇਗੀ। ਕਮੇਟੀ ਵਿਚ ਜਥੇਦਾਰ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ, ਬਲਜੀਤ ਸਿੰਘ ਦਾਦੂਵਾਲ, ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬੂਟਾ ਸਿੰਘ, ਵੱਸਣ ਸਿੰਘ ਜ਼ੱਫਰਵਾਲ, ਭਾਈ ਮੋਹਕਮ ਸਿੰਘ, ਪਰਮਜੀਤ ਸਿੰਘ, ਗੁਰਦੀਪ ਸਿੰਘ ਬਠਿੰਡਾ, ਹਰਵਿੰਦਰ ਸਿੰਘ, ਤਰਲੋਕ ਸਿੰਘ, ਪਰਮਜੀਤ ਸਿੰਘ ਸਹੋਲੀ ਅਤੇ ਪ੍ਰੋਫੈਸਰ ਮਹਿੰਦਰ ਪਾਲ ਸਿੰਘ ਸ਼ਾਮਲ ਹਨ। ਸਰਬੱਤ ਖ਼ਾਲਸਾ 10 ਨਵੰਬਰ ਨੂੰ ਦਮਦਮਾ ਸਾਹਿਬ ਵਿਚ ਸੱਦਿਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਸਰਕਾਰ ਦੇ ਨੁਮਾਇੰਦਿਆਂ ਨੇ ਕੁਝ ਗਰਮਖ਼ਿਆਲੀ ਆਗੂਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਮੁਲਾਕਾਤ ਕਰ ਕੇ ਸਰਬੱਤ ਖ਼ਾਲਸਾ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਹੈ ਪਰ ਸਰਕਾਰ ਦੇ ਯਤਨਾਂ ਨੂੰ ਅਜੇ ਬੂਰ ਨਹੀਂ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਰਿਵਾਰ ਨਾਲ ਰੋਡੇ ਪਿੰਡ ਵਿਚ ਹੋਈ ਮੁਲਾਕਾਤ ਨੂੰ ਵੀ ਇਸੇ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿਚ ਸੱਦੇ ਗਏ ਸਰਬੱਤ ਖ਼ਾਲਸਾ ਨੇ ਸਰਕਾਰ ਖ਼ਾਸ ਕਰ ਕੇ ਅਕਾਲੀ ਦਲ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ।

### ਸੇਖਵਾਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਦੌੜ ਵਿਚ ਮੂਹਰੇ :

ਉਧਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਉਹ ਮੁੜ ਪ੍ਰਧਾਨਗੀ ਅਹੁਦੇ ਦੇ ਦਾਅਵੇਦਾਰ ਨਹੀਂ ਹੋਣਗੇ। ਰਿਪੋਰਟਾਂ ਮੁਤਾਬਕ ਸੀਨੀਅਰ ਅਕਾਲੀ ਆਗੂ ਸੇਵਾ ਸਿੰਘ ਸੇਖਵਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਨ ਦੀ ਦੌੜ ਵਿਚ ਸਭ ਤੋਂ ਅੱਗੇ ਹਨ ਪਰ ਸਰਕਾਰ ਵੱਲੋਂ ਗਰਮਖ਼ਿਆਲੀ ਆਗੂਆਂ ਵਿਚੋਂ ਕੁਝ ਨੂੰ ਸ਼੍ਰੋਮਣੀ ਕਮੇਟੀ ਵਿਚ ਅਹਿਮ ਅਹੁਦੇ ਦਿੱਤੇ ਜਾ ਸਕਦੇ ਹਨ। ਇਸ ਦੇ ਨਾਲ ਕੁਝ ਨੂੰ ਤਖ਼ਤਾਂ ਦਾ ਜਥੇਦਾਰ ਲਾ ਕੇ ਸਰਬੱਤ ਖ਼ਾਲਸਾ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

# ਦਸਮੇਸ਼ ਰੈਜਮੈਂਟ ਵਲੋਂ ਲੰਬੇ ਸਮੇਂ ਮਗਰੋਂ ਗਗਨੇਜਾ ਕਤਲ ਦੀ ਜ਼ਿੰਮੇਵਾਰੀ ਲੈਣ ਤੋਂ ਸੀ.ਬੀ.ਆਈ. ਤੇ ਗਰਮਖਿਆਲੀ ਆਗੂ ਹੈਰਾਨ

**ਜਲੰਧਰ/ਬਿਊਰੋ ਨਿਊਜ਼ :** ਆਰਐਸਐਸ ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਨੂੰ ਮਾਰਨ ਦੀ ਜ਼ਿੰਮੇਵਾਰੀ ਲੈਣ ਵਾਲੀ ਦਸਮੇਸ਼ ਰੈਜਮੈਂਟ ਦੀ ਚਿੱਠੀ ਸੀਬੀਆਈ ਨੂੰ ਹਜ਼ਮ ਨਹੀਂ ਹੋ ਰਹੀ। ਗਰਮਖ਼ਿਆਲੀ ਹਲਕਿਆਂ ਵਿੱਚ ਵੀ ਇਸ ਗੱਲ ਦੀ ਹੈਰਾਨੀ ਹੈ ਕਿ ਅਤਿਵਾਦ ਸਮੇਂ ਵਿਚ ਕੋਈ ਵੱਡੀ ਜ਼ਿੰਮੇਵਾਰੀ ਲੈਣ ਤੋਂ ਹਿਚਕਚਾਉਣ ਵਾਲੀ ਦਸਮੇਸ਼ ਰੈਜਮੈਂਟ ਨੇ 54 ਦਿਨਾਂ ਬਾਅਦ ਇਹ ਜ਼ਿੰਮੇਵਾਰੀ ਕਿਉਂ ਲਈ ਹੈ? ਗਰਮ ਖਿਆਲੀ ਆਗੂਆਂ ਦਾ ਮੰਨਣਾ ਹੈ ਕਿ ਪੰਜਾਬ ਦੇ ਗਰਮਾ ਰਹੇ ਰਾਜਸੀ ਮਾਹੌਲ ਵਿੱਚ ਕੁਝ ਧਿਰਾਂ ਹਿੰਦੂ-ਸਿੱਖ ਦਾ ਮਸਲਾ ਖੜ੍ਹਾ ਕਰਨ ਦੀ ਤਾਕ ਵਿੱਚ ਹਨ।

ਗਗਨੇਜਾ 'ਤੇ ਹੋਏ ਹਮਲੇ ਬਾਰੇ ਜਾਂਚ ਕਰ ਰਹੀ ਸੀਬੀਆਈ ਦੀ ਟੀਮ ਇਸ ਗੱਲੋਂ ਹੈਰਾਨ ਦੱਸੀ ਜਾ ਰਹੀ ਹੈ ਕਿ ਦਸਮੇਸ਼ ਰੈਜਮੈਂਟ ਨੇ ਆਖਰਕਾਰ ਐਨੇ ਸਮੇਂ ਬਾਅਦ ਇਹ ਜ਼ਿੰਮੇਵਾਰੀ ਕਿਉਂ ਲਈ ਹੈ? ਸੂਤਰਾਂ ਅਨੁਸਾਰ ਸੀਬੀਆਈ ਦੀ ਟੀਮ ਚਿੱਠੀ ਦੇ ਮਜ਼ਮੂਨ ਦਾ ਵੀ ਵਾਰ-ਵਾਰ ਅਧਿਐਨ ਕਰਨ ਵਿੱਚ ਲੱਗੀ ਹੋਈ ਹੈ ਅਤੇ ਇਸ ਦੇ ਵੱਖ ਵੱਖ ਅਰਥ ਕੱਢੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਇਸ ਗੱਲ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਕਿ ਰਾਜਨੀਤਕ ਤੌਰ 'ਤੇ ਅਜਿਹੀ ਸਾਜ਼ਿਸ਼/ਸ਼ਰਾਰਤ ਕਿਸ ਧਿਰ ਨੂੰ ਲਾਭ ਪਹੁੰਚਾ ਸਕਦੀ ਹੈ। ਜਾਣਕਾਰੀ ਅਨੁਸਾਰ ਦਸਮੇਸ਼ ਰੈਜਮੈਂਟ ਭਾਵੇਂ ਅਤਿਵਾਦ ਸਮੇਂ ਹੋਂਦ ਵਿਚ ਆਈ ਦੱਸੀ ਜਾ ਰਹੀ ਹੈ ਪਰ ਇਸ ਦਾ ਕਿਸੇ ਨੇ ਵੀ ਜ਼ਿਕਰ ਨਹੀਂ ਸੀ ਸੁਣਿਆ ਕਿਉਂਕਿ ਇਸ ਨੇ ਕਦੇ ਵੀ ਕੋਈ ਵੱਡੀ ਜ਼ਿੰਮੇਵਾਰੀ ਨਹੀਂ ਲਈ ਸੀ। ਅਤਿਵਾਦ ਸਮੇਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਆਗੂ ਨੇ ਇਹ ਜਥੇਬੰਦੀ ਬਣਾਈ ਸੀ ਅਤੇ ਹੁਣ ਇਹ ਆਗੂ ਸਰਗਰਮ ਰਾਜਨੀਤੀ ਵਿਚ ਵਿਚਰ ਰਿਹਾ ਹੈ। ਗਰਮ ਖਿਆਲੀ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਜਗਦੀਸ਼ ਗਗਨੇਜਾ ਐਨਾ ਵੱਡਾ ਆਗੂ ਸੀ, ਇਸ ਗੱਲ ਦਾ ਉਨ੍ਹਾਂ 'ਤੇ ਹਮਲਾ ਹੋਣ ਤੋਂ ਬਾਅਦ ਹੀ ਪਤਾ ਲੱਗਾ। ਕੰਵਰਪਾਲ ਸਿੰਘ ਨੇ ਕਿਹਾ ਕਿ ਦਸਮੇਸ਼ ਰੈਜਮੈਂਟ ਨੇ ਪਹਿਲਾਂ ਕਦੇ ਕੋਈ ਅਜਿਹੀ ਜ਼ਿੰਮੇਵਾਰੀ ਨਹੀਂ ਲਈ। ਦੱਸਣਯੋਗ ਹੈ ਕਿ ਦਸਮੇਸ਼ ਰੈਜਮੈਂਟ ਵੱਲੋਂ ਪੱਤਰਕਾਰਾਂ ਨੂੰ ਹੱਤਿਆ ਦੀ ਜ਼ਿੰਮੇਵਾਰੀ ਵਾਲਾ ਪੱਤਰ ਪੰਜਾਬ ਦੀ ਇਕ ਵੱਡੀ ਰਾਜਸੀ ਧਿਰ ਵੱਲੋਂ ਵਰਤੀ ਜਾਂਦੀ ਈਮੇਲ ਤੋਂ ਭੇਜਿਆ ਗਿਆ ਹੈ। ਇਹ ਈਮੇਲ ਇਸ ਜਥੇਬੰਦੀ ਦੇ ਹੱਥ ਕਿਵੇਂ ਲੱਗੀ ਇਹ ਵੀ ਇਕ ਰਹੱਸ ਬਣਿਆ ਹੋਇਆ ਹੈ। ਪੰਜਾਬ ਦਾ ਸੂਹੀਆਤੰਤਰ ਬਾਜ਼ ਅੱਖ ਰੱਖਣ ਦਾ ਦਾਅਵਾ ਕਰਦਾ ਹੈ ਪਰ ਉਸ ਦਿਨ ਇਹ ਤੰਤਰ ਕੁਸਕਿਆ ਨਹੀਂ। ਵੱਡੇ ਪੁਲੀਸ ਅਧਿਕਾਰੀ ਵੀ ਹੈਰਾਨ ਹਨ ਕਿ ਉਨ੍ਹਾਂ ਨੂੰ ਇਸ ਪੱਤਰ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਉਨ੍ਹਾਂ ਨੇ ਇਹ ਪੱਤਰ ਮੀਡੀਆ ਕਰਮੀਆਂ ਕੋਲੋਂ ਹੀ ਮੰਗਵਾਏ ਸਨ।

ਜ਼ਿਕਰਯੋਗ ਹੈ ਕਿ 6 ਅਗਸਤ ਨੂੰ ਜਗਦੀਸ਼ ਗਗਨੇਜਾ ਨੂੰ ਜਲੰਧਰ ਦੇ ਜੋਤੀ ਚੌਕ ਵਿੱਚ ਮੋਟਰਸਾਈਕਲ ਸਵਾਰ ਦੋ ਜਵਾਨਾਂ ਨੇ ਗੋਲੀਆਂ ਮਾਰੀਆਂ ਸਨ। ਇਸ ਹਮਲੇ ਦੇ ਕੁਝ ਘੰਟਿਆਂ ਅੰਦਰ ਹੀ ਪੁਲੀਸ ਦੇ ਕੁਝ ਅਧਿਕਾਰੀਆਂ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿੱਤੀ ਸੀ ਕਿ ਇਹ ਹਮਲਾ ਖਾਲਿਸਤਾਨ ਪੱਖੀ ਜਥੇਬੰਦੀਆਂ ਵੱਲੋਂ ਕੀਤਾ ਹੋ ਸਕਦਾ ਹੈ। ਹਸਪਤਾਲ ਵਿੱਚ ਗਗਨੇਜਾ ਦੇ ਇਲਾਜ ਸਮੇਂ ਹੀ ਇਹ ਚਰਚਾ ਛਿੜ ਗਈ ਸੀ ਕਿ ਆਖਰ ਪੁਲੀਸ ਐਨੀ ਛੇਤੀ ਇਸ ਸਿੱਟੇ 'ਤੇ ਬਿਨਾਂ ਜਾਂਚ ਕੀਤਿਆਂ ਕਿਵੇਂ ਪੁੱਜ ਗਈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਹਮਲੇ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਦੱਸਦੇ ਹਨ। ਮੁੱਖ ਮੰਤਰੀ ਇਸ ਗੱਲ ਤੋਂ ਇਨਕਾਰ ਕਰਦੇ ਹਨ ਅਤੇ ਕਾਂਗਰਸ ਦੇ ਸੀਨੀਅਰ ਆਗੂ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਜਗਦੀਸ਼ ਗਗਨੇਜਾ ਪਿੰਡਾਂ ਵਿਚ ਆਰਐਸਐਸ ਦੀਆਂ ਸ਼ਾਖਾਵਾਂ ਲਗਾ ਰਹੇ ਸਨ, ਜਿਸ ਦਾ ਰਾਜਸੀ ਤੌਰ 'ਤੇ ਭਾਜਪਾ ਨੂੰ ਲਾਭ ਹੋ ਰਿਹਾ ਸੀ ਅਤੇ ਜਿਨ੍ਹਾਂ ਦਾ ਪਿੰਡੋਂ ਵਿੱਚੋਂ ਰਾਜਨੀਤਕ ਆਧਾਰ ਖਿਸਕ ਰਿਹਾ ਸੀ ਉਨ੍ਹਾਂ ਨੇ ਹੀ ਇਹ ਹਮਲੇ ਦਾ ਤਾਣਾ-ਬਾਣਾ ਬੁਣਿਆ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES
05 ਅਕਤੂਬਰ 2016 ਤੋਂ 11 ਅਕਤੂਬਰ 2016

## ਸਰਜੀਕਲ ਸਟਰਾਈਕ- ਜੰਗ, ਅਵਾਮ ਤੇ ਹੁਕਮਰਾਨ

ਭਾਰਤੀ ਕਸ਼ਮੀਰ ਦੇ ਉੜੀ ਵਿਚ ਦਹਿਸ਼ਤਗਰਦਾਂ ਦੇ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਦੇ ਜਵਾਨਾਂ ਵਲੋਂ ਮਕਬੂਜ਼ਾ ਕਸ਼ਮੀਰ (ਪਾਕਿਸਤਾਨੀ ਕਬਜ਼ੇ ਵਾਲਾ ਕਸ਼ਮੀਰ) ਵਿਚ ਦਾਖ਼ਲ ਹੋ ਕੇ ਦਹਿਸ਼ਤਗਰਦਾਂ ਦੇ 7 ਟਿਕਾਣੇ ਤਬਾਹ ਕਰਨ ਵਾਲਾ ਸਰਜੀਕਲ ਸਟਰਾਈਕ ਅੱਜ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਰਜੀਕਲ ਸਟਰਾਈਕ ਦੀ ਖ਼ਬਰ ਜਿਵੇਂ ਹੀ ਭਾਰਤੀ ਫੌਜ ਵਲੋਂ ਨਸ਼ਰ ਕੀਤੀ ਗਈ ਤਾਂ ਪਾਕਿਸਤਾਨੀ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਨੇ ਇਸ ਨੂੰ ਆਪਣੇ ਮੁਲਕ 'ਤੇ ਹਮਲਾ ਦਸਿਆ ਜਦਕਿ ਪਾਕਿਸਤਾਨੀ ਫੌਜ ਨੇ ਇਸ ਤਰਾਂ ਦੇ ਕਿਸੇ ਵੀ ਅਪ੍ਰੇਸ਼ਨ ਤੋਂ ਇਨਕਾਰ ਕਰਦਿਆਂ ਇਸ ਨੂੰ ਸਰਹੱਦ ਪਾਰਲੀ ਗੋਲੀਬਾਰੀ ਦਸਦਿਆਂ ਇਹ ਜ਼ਰੂਰ ਮੰਨਿਆ ਕਿ ਉਨਾਂ ਦੇ 2 ਫੌਜੀ ਮਾਰੇ ਗਏ ਹਨ। ਦੂਸਰੇ ਪਾਸੇ ਅਮਰੀਕਾ ਸਮੇਤ ਸੰਸਾਰ ਦੇ ਪ੍ਰਮੁਖ ਮੁਲਕਾਂ ਨੇ ਇਸ ਸੰਦਰਭ ਵਿਚ ਸੰਜਮੀ ਟਿੱਪਣੀਆਂ ਕਰਦਿਆਂ ਪਾਕਿਸਤਾਨ ਨੂੰ ਦਹਿਸ਼ਗਰਦਾਂ ਨੂੰ ਸਰਪ੍ਰਸਤੀ ਦੇਣ ਦੇ ਵਰਤਾਰੇ ਤੋਂ ਪਾਸਾ ਵੱਟ ਲੈਣ ਦੀਆਂ ਨਸੀਹਤਾਂ ਦਿੱਤੀਆਂ। ਇਸੇ ਦੌਰਾਨ ਭਾਰਤ ਦੀ ਪਾਕਿਸਤਾਨ ਨੂੰ ਕੌਮਾਂਤਰੀ ਸਫ਼ਾਂ 'ਤੇ ਅਲੱਗ-ਥਲੱਗ ਕਰਨ ਦੀ ਕੂਟਨੀਤੀ ਵੀ ਰੰਗ ਲਿਆਈ ਜਦੋਂ ਭੂਟਾਨ, ਸ੍ਰੀਲੰਕਾ, ਅਫ਼ਗਾਨਿਸਤਾਨ ਨੇ ਭਾਰਤ ਦਾ ਸਾਥ ਦਿੰਦਿਆਂ ਪਾਕਿਸਤਾਨ ਵਿਚ ਹੋਣ ਵਾਲੇ ਸਾਰਕ ਸਿਖ਼ਰ ਸੰਮੇਲਨ ਦਾ ਬਾਈਕਾਟ ਕਰ ਦਿੱਤਾ ਤੇ ਇਹ ਸੰਮੇਲਨ ਰੱਦ ਵੀ ਹੋ ਗਿਆ। ਪਰ ਹੁਣ ਜਦੋਂ ਕੁੱਝ ਦਿਨ ਲੰਘ ਗਏ ਹਨ ਤਾਂ ਇਸ ਸਰਜੀਕਲ ਸਟਰਾਈਕ ਨਾਲ ਪਾਕਿਸਤਾਨੀ ਦਹਿਸ਼ਗਰਦੀ ਕੈਂਪਾਂ ਦੇ ਹੋਏ ਦੱਸੇ ਜਾਂਦੇ ਨੁਕਸਾਨ ਦੇ ਸੱਚਮੁਚ ਹੀ ਹੋਣ ਜਾਂ ਨਾ ਹੋਣ ਬਾਰੇ ਚਰਚਾ ਛਿੜ ਗਈ ਹੈ।

ਸਵਾਲ ਉਠ ਰਹੇ ਹਨ ਕਿ ਕੀ ਵਾਕਿਆ ਹੀ ਇਹ ਫ਼ੌਜੀ ਕਾਰਵਾਈ ਹੋਈ ਹੈ ਜਾਂ ਨਹੀਂ, ਜੇ ਹੋਈ ਤਾਂ ਕੀ ਇਹ ਮਹਿਜ਼ ਮੌੜਵੀਂ ਫ਼ੌਜੀ ਕਾਰਵਾਈ ਸੀ ਜਾਂ ਫੇਰ ਭਾਰਤ ਅਤੇ ਪਾਕਿਸਤਾਨ ਦੀ ਸਿਆਸਤ ਵੀ ਇਹਦੀ ਪਿੱਠਭੂਮੀ ਵਿਚ ਵਿਚਰ ਰਹੀ ਸੀ? ਇਹ ਸਵਾਲ ਉਦੋਂ ਹੋਰ ਵੀ ਪ੍ਰੇਸ਼ਾਨ ਕਰਦੇ ਹਨ ਜਦੋਂ ਪੂਰੇ ਘਟਨਾਕ੍ਰਮ ਦੀ ਪਰਤ-ਦਰ-ਪਰਤ ਉਧੜਦੀ ਹੈ। ਜੇਕਰ ਇਨਾਂ ਪਰਤਾਂ ਪਿਛੇ ਲੁਕਿਆ 'ਸੱਚ' ਝੂਠ ਨਹੀਂ ਹੈ ਤਾਂ ਇਹ ਭਾਰਤ ਦੇ ਕਰੋੜਾਂ ਲੋਕਾਂ ਨਾਲ ਸਿਰਫ਼ ਧੋਖਾ ਹੀ ਨਹੀਂ, ਸਗੋਂ ਵੱਡੇ ਪੱਧਰ 'ਤੇ ਆਰਥਿਕ, ਸਮਾਜਿਕ ਤੇ ਸਿਆਸੀ ਨੁਕਸਾਨਦੇਹ ਵਾਲਾ ਹੋਵੇਗਾ। ਇਸ 'ਝੂਠ' ਨੂੰ ਫੈਲਾਉਣ ਪਿਛੇ ਉਹੀ ਖ਼ਬਰੀਆ ਚੈਨਲ ਹਨ ਜਿਹੜੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਛਾਤੀ ਨੂੰ ਹੁਣ 56 ਇੰਚ ਤੋਂ ਵੀ ਦੁੱਗਣੀ ਚੌੜੀ ਕਰਕੇ ਦੱਸ ਰਹੇ ਹਨ। ਇਕ ਸੱਚ ਇਹ ਵੀ ਹੈ ਕਿ ਅਜਿਹੇ ਸਰਜੀਕਲ ਸਟਰਾਈਕ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਵੀ ਹੁੰਦੇ ਰਹੇ ਹਨ ਪਰ ਇਸ ਵਾਰ ਏਨਾ ਢੋਲ ਕਿਉਂ ਪਿਟਿਆ ਜਾ ਰਿਹਾ ਹੈ?

ਭਾਰਤ ਦੀ ਮੌਜੂਦਾ ਸਿਆਸਤ ਦਾ ਦ੍ਰਿਸ਼ ਇਹ ਹੈ ਕਿ ਉਤਰ ਪ੍ਰਦੇਸ਼ ਤੇ ਪੰਜਾਬ ਦੀਆਂ ਚੋਣਾਂ ਕਿਉਂਕਿ ਨਜ਼ਦੀਕ ਆ ਰਹੀਆਂ ਹਨ ਤੇ ਭਾਜਪਾ ਨੇ 'ਮੋਦੀ ਮੋਦੀ' ਰਾਗ ਅਲਾਪ ਕੇ ਸਰਜੀਕਲ ਸਟਰਾਈਕ ਦਾ ਲਾਹਾ ਖੱਟਣਾ ਸ਼ੁਰੂ ਵੀ ਕਰ ਦਿੱਤਾ ਹੈ। ਨੁਕਸਾਨ ਹੋਇਆ ਤਾਂ ਸਿਰਫ਼ ਦੋਵਾਂ ਪੰਜਾਬਾਂ ਦੇ ਸਰਹੱਦੀ ਇਲਾਕਿਆਂ ਦੇ ਲੱਖਾਂ ਲੋਕਾਂ ਨੂੰ ਜਿਹੜੇ ਆਪਣੇ ਘਰ-ਬਾਰ, ਫ਼ਸਲਾਂ, ਮਾਲ ਡੰਗਰ ਛੱਡ ਕੇ ਬੇਘਰੇ ਹੋਣ ਦੀ ਜੂਨ ਹੰਢਾ ਰਹੇ ਹਨ। ਬੇਸ਼ੱਕ ਸਰਹੱਦ ਪਾਰਲੀ ਦਹਿਸ਼ਤਗਰਦੀ ਵਿਰੁੱਧ ਸਖ਼ਤ ਐਕਸ਼ਨ ਲੋੜੀਂਦੇ ਹਨ ਪਰ ਉਹਦਾ ਇਸ ਕਦਰ ਢਿੰਡੋਰਾ ਪਿੱਟਣਾ, ਕੀ ਵਾਜਬ ਹੈ? ਕੀ ਸਰਕਾਰ ਨੇ ਸਿਰਫ਼ ਤੇ ਸਿਰਫ਼ ਸਿਆਸੀ ਲਾਹਾ ਦੇਖਿਆ, ਇਸ ਦੇ ਨਤੀਜਿਆਂ ਬਾਰੇ ਨਹੀਂ ਸੋਚਿਆ?

ਇਹ ਤਾਂ ਸੱਚ ਦੀ ਉਪਰਲੀ ਪਰਤ ਹੈ, ਥੋੜਾ ਅੰਦਰ ਫਰੋਲਾ-ਫਰੋਲੀ ਕਰਦੇ ਹਾਂ। ਉੜੀ ਹਮਲੇ ਤੋਂ ਠੀਕ ਦੋ ਦਿਨ ਪਹਿਲਾਂ ਮੋਦੀ ਸਰਕਾਰ ਨੇ ਫਰਾਂਸ ਨਾਲ ਰਫਾਲ ਫਾਈਟਰ ਜਹਾਜ਼ ਖ਼ਰੀਦਣ ਦਾ ਸਮਝੌਤਾ ਕੀਤਾ ਜੋ ਪਿਛਲੇ ਚਾਰ ਸਾਲ ਤੋਂ ਯੂ.ਪੀ.ਏ. ਸਰਕਾਰ ਵੇਲੇ ਪ੍ਰਕਿਰਿਆ ਵਿਚ ਸੀ ਤੇ ਇਸੇ ਮੋਦੀ ਦੀ ਰਾਜਸੀ ਜਨਮਦਾਤੀ ਭਾਰਤੀ ਜਨਤਾ ਪਾਰਟੀ ਉਸ ਵੇਲੇ ਇਸ ਦਾ ਲਗਾਤਾਰ ਵਿਰੋਧ ਕਰਦੀ ਆ ਰਹੀ ਸੀ। ਸਿਆਸੀ ਤੇ ਆਰਥਿਕ ਮਾਹਰਾਂ ਮੁਤਾਬਕ ਇਸ ਸਮਝੌਤੇ ਵਿਚ 2 ਹਜ਼ਾਰ ਕਰੋੜ ਰੁਪਏ ਦਾ ਘੁਟਾਲਾ ਹੋਇਆ ਹੈ। ਇਸ ਸਮਝੌਤੇ ਦੇ ਹੁੰਦਿਆਂ ਹੀ ਜ਼ੋਰ-ਸ਼ੋਰ ਨਾਲ ਖ਼ਬਰੀਆ ਚੈਨਲਾਂ ਨੇ ਪ੍ਰਚਾਰਿਆ ਕਿ ਇਹ ਜਹਾਜ਼ ਪਾਕਿਸਤਾਨ ਨੂੰ ਪੂਰੀ ਤਰਾਂ ਤਬਾਹ ਕਰਨ ਦੇ ਸਮਰਥ ਹਨ, ਹੁਣ ਪਾਕਿਸਤਾਨ ਦੀ ਖ਼ੈਰ ਨਹੀਂ... ਜਦਕਿ ਇਨਾਂ ਨੂੰ ਆਉਣ ਵਿਚ ਹਾਲੇ ਕਰੀਬ ਕਰੀਬ ਚਾਰ ਸਾਲ ਲੱਗਣੇ ਹਨ। ਜਿਹੜਾ ਘੁਟਾਲਾ ਹੈ, ਉਹਦੇ ਬਾਰੇ ਵੀ ਜਾਣ ਲਓ। ਚਾਰ ਸਾਲ ਪਹਿਲਾਂ ਫਰਾਂਸ ਨਾਲ ਜਹਾਜ਼ ਦੀ ਕੀਮਤ ਕਰੀਬ 715 ਕਰੋੜ ਰੁਪਏ ਤੈਅ ਹੋਈ ਸੀ ਪਰ ਹੁਣ ਮੋਦੀ ਸਰਕਾਰ ਦੁੱਗਣੇ ਨਾਲੋਂ ਵੀ ਜ਼ਿਆਦਾ ਕੀਮਤ 1600 ਕਰੋੜ ਰੁਪਏ ਪ੍ਰਤੀ ਜਹਾਜ਼ ਖ਼ਰੀਦ ਰਹੀ ਹੈ। ਇਸ ਨੂੰ 'ਦੇਸ਼ ਭਗਤ ਮੋਦੀ ਸਰਕਾਰ' ਦਾ ਕਿਹੜਾ ਚਿਹਰਾ ਮੰਨਿਆ ਜਾਵੇ? ਮੋਦੀ ਨੇ ਪਹਿਲੀ ਸਤੰਬਰ 20 14 ਨੂੰ ਜਪਾਨੀ ਕਾਰੋਬਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ 'ਗੁਜਰਾਤੀ ਹੋਣ ਦੇ ਨਾਤੇ ਵਪਾਰ ਮੇਰੇ ਖ਼ੂਨ ਵਿਚ ਹੈ।' ਲਗਦਾ ਹੈ ਮੋਦੀ ਵਪਾਰੀਆਂ ਦੇ ਵੀ ਵਪਾਰੀ ਹਨ। ਉਪਰੋਂ ਖ਼ਬਰੀ ਚੈਨਲਾਂ ਵਲੋਂ ਯੁੱਧ ਵਰਗੇ ਹਾਲਾਤ ਫੈਲਾਉਣ ਦੀ ਹੋੜ, ਕੀ ਇਸ ਸਮਝੌਤੇ ਦੇ ਪੱਖ ਵਿਚ ਮਾਹੌਲ ਬਣਾਉਣ ਦੀ 'ਸਾਜ਼ਿਸ਼' ਨਹੀਂ ਲਗਦੀ? ਇਹ ਵੀ ਸੱਚ ਹੈ ਕਿ ਬਹੁਤੇ ਖ਼ਬਰੀਆ ਚੈਨਲ ਵੱਡੇ ਵਪਾਰਕ ਪਰਿਵਾਰਾਂ ਦੇ ਹਨ। 21 ਸਤੰਬਰ ਨੂੰ ਮੋਦੀ ਸਰਕਾਰ ਰਫ਼ਾਲ ਸਮਝੌਤਾ ਕਰਦੀ ਹੈ ਤੇ 23 ਸਤੰਬਰ ਨੂੰ ਉੜੀ ਹਮਲਾ ਹੁੰਦਾ ਹੈ। ਸਰਹੱਦੀ ਖੇਤਰਾਂ ਵਿਚ ਰੋਜ਼ਾਨਾ ਹੀ ਸ਼ੱਕੀ ਵਿਅਕਤੀ ਨਜ਼ਰੀਂ ਪੈਣ ਦੀਆਂ ਅਫ਼ਵਾਹਾਂ ਉਡ ਰਹੀਆਂ ਹਨ। ਇਉਂ ਲਗਦੈ ਜਿਵੇਂ ਖ਼ਬਰੀਆ ਚੈਨਲ ਹੀ ਸੱਚ ਪਰਖ਼ੇ ਬਿਨਾਂ ਦਹਿਸ਼ਤੀ ਮਾਹੌਲ ਬਣਾਉਣ ਦਾ ਕੰਮ ਕਰ ਰਹੇ ਹਨ। ਤਾਜ਼ਾ ਘਟਨਾ ਬਾਰਾਮੂਲਾ ਦੀ ਹੈ, ਜਿੱਥੇ ਅੱਤਵਾਦੀ ਅੱਤਵਾਦੀ ਹੋਣ ਦਾ ਰੌਲਾ ਪਿਆ, ਆਪਸੀ ਗੋਲੀਬਾਰੀ ਵਿਚ ਜਵਾਨ ਮਾਰਿਆ ਗਿਆ...ਅੱਤਵਾਦੀ ਕਿਤੇ ਮਿਲੇ ਹੀ ਨਹੀਂ।

ਗੱਲ ਇਥੇ ਹੀ ਨਹੀਂ ਮੁੱਕਦੀ। ਮੋਦੀ ਦਾ ਵਪਾਰੀਆਂ ਨਾਲ ਪਿਆਰ ਇਥੋਂ ਮਹਿਸੂਸ ਕਰੋ। ਰਫਾਲ ਜਹਾਜ਼ ਬਣਾਉਣ ਵਾਲੀ ਕੰਪਨੀ ਅਤੇ ਮੁਕੇਸ਼ ਅੰਬਾਨੀ ਦੀ ਰਿਲਾਇਸ ਇੰਡਸਟਰੀਜ਼ ਕਾਰੋਬਾਰੀ ਭਾਈਵਾਲ ਹਨ। ਉਹੀ ਅੰਬਾਨੀ, ਜਿਸ ਲਈ ਮੋਦੀ 'ਜੀਓ' ਵਾਸਤੇ ਮਾਡਲਿੰਗ ਕਰ ਰਹੇ ਹਨ। ਅੰਬਾਨੀ ਨੇ ਮੁਲਕ ਦੀ ਸਵਾ ਲੱਖ ਕਰੋੜ ਰੁਪਏ ਦੀ ਗੈਸ ਚੋਰੀ ਕੀਤੀ, ਗੁਜਰਾਤ ਸਰਕਾਰ ਨੇ ਅੰਬਾਨੀ ਦੇ 75 ਹਜ਼ਾਰ ਕਰੋੜ ਰੁਪਏ ਮੁਆਫ਼ ਕਰ ਦਿੱਤੇ, ਅੰਬਾਨੀ ਦੇ ਸਾਲੇ ਨੂੰ ਰਿਜ਼ਰਵ ਬੈਂਕ ਦਾ ਗਵਰਨਰ ਬਣਾ ਦਿੱਤਾ, ਅੰਬਾਨੀ 'ਤੇ ਲੱਗੇ ਦੋਸ਼ਾਂ ਦੀਆਂ ਫਾਈਲਾਂ ਗੁੰਮ ਹੋ ਗਈਆਂ ਤੇ ਅੰਬਾਨੀ ਦੀ ਪਤਨੀ ਨੀਤਾ ਅੰਬਾਨੀ ਨੂੰ ਜ਼ੈੱਡ ਸੁਰੱਖਿਆ ਦਿੱਤੀ ਜਾ ਰਹੀ ਹੈ। ਹੁਣ ਅਚਾਨਕ ਮੁਕੇਸ਼ ਦਾ ਭਰਾ ਅਨਿਲ ਅੰਬਾਨੀ ਵੀ ਜੰਗੀ ਜਹਾਜ਼ਾਂ ਦੇ ਕਾਰੋਬਾਰ ਵਿਚ ਆ ਗਿਆ ਹੈ।

ਕਦੇ ਗਾਂ, ਕਦੇ ਰਾਸ਼ਟਰਵਾਦ, ਕਦੇ ਜੇ.ਐਨ.ਯੂ. ਤੇ ਹੁਣ ਅਮਨ ਦੀ ਥਾਂ ਪਾਕਿਸਤਾਨ ਨਾਲ ਯੁੱਧ ਦਾ ਫਰਜ਼ੀ ਜੋਸ਼ ਪੈਦਾ ਕਰਕੇ ਖ਼ੌਫ਼ਜ਼ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਅਜਿਹਾ ਸਿਆਸੀ ਲਾਹਾ ਖੱਟਣ ਵਾਲੀਆਂ ਧਿਰਾਂ ਦੋਵੇਂ ਮੁਲਕਾਂ ਵਿਚ ਬੈਠੀਆਂ ਹਨ। ਮੁਕੱਦੀ ਗੱਲ ਇਹ ਹੈ ਕਿ ਜੰਗ ਹਮੇਸ਼ਾ ਅਵਾਮ ਦੇ ਖ਼ਿਲਾਫ਼ ਹੁੰਦੀ ਹੈ ਤੇ ਹੁਕਮਰਾਨਾਂ ਦੀਆਂ ਗੱਦੀਆਂ ਨੂੰ ਸੁਰਖਿਅਤ ਕਰਦੀ ਹੈ।

### ਤਿਹਾੜ ਜੇਲ੍ਹ ਤੋਂ ਅਕਾਲ ਤਖ਼ਤ ਦੇ ਜਥੇਦਾਰ ਦਾ ਸੰਦੇਸ਼

# ਪੰਜ ਪਿਆਰਿਆਂ ਦੀ ਇਤਿਹਾਸਕ ਮਹਾਨਤਾ ਸਥਾਪਤ

**ਜਾਣਕਾਰ ਸੂਤਰ ਚਿੱਠੀ ਦਾ ਗੰਭੀਰ ਵਿਸ਼ਲੇਸ਼ਣ ਕਰਦਿਆਂ ਇਹ ਵੀ ਕਹਿੰਦੇ ਹਨ ਕਿ ਭਾਈ ਜਗਤਾਰ ਸਿੰਘ ਹਵਾਰਾ ਨੇ ਸਰਬੱਤ ਖ਼ਾਲਸਾ ਦੀ ਜ਼ਿੰਮੇਵਾਰੀ ਤਿੰਨ ਸਿੰਘ ਸਾਹਿਬਾਨ ਤੋਂ ਇਲਾਵਾ ਪੰਜ ਪਿਆਰਿਆਂ ਨੂੰ ਸ਼ਾਮਲ ਕਰਕੇ ਅਗਵਾਈ ਦਾ ਘੇਰਾ ਵਿਸ਼ਾਲ ਕਰ ਦਿੱਤਾ ਹੈ ਤਾਂ ਜੋ ਸਮੁੱਚੇ ਪੰਥ ਨੂੰ ਸਰਬੱਤ ਖ਼ਾਲਸਾ ਵਿਚ ਸ਼ਾਮਲ ਕਰਨ ਲਈ ਆਵਾਜ਼ ਦਿੱਤੀ ਜਾਵੇ। ਇਨ੍ਹਾਂ ਸੂਤਰਾਂ ਅਨੁਸਾਰ ਸਰਬੱਤ ਖ਼ਾਲਸਾ ਵਿਚ ਹੁਣ ਉਹ ਸਾਰੀਆਂ ਜਥੇਬੰਦੀਆਂ, ਸੰਤ ਸੰਪਰਦਾਵਾਂ ਅਤੇ ਉੱਘੀਆਂ ਹਸਤੀਆਂ ਸ਼ਾਮਲ ਹੋਣਗੀਆਂ ਜੋ ਕਿਸੇ ਕਾਰਨ ਪਿਛਲੇ ਸਾਲ ਚੱਬਾ ਵਿਚ ਹੋਏ ਸਰਬੱਤ ਖ਼ਾਲਸੇ ਦੇ ਸਮਾਗਮ ਵਿਚ ਸ਼ਾਮਲ ਨਹੀਂ ਸਨ ਹੋ ਸਕੀਆਂ। ਇਹ ਚਿੱਠੀ ਸਾਰੇ ਪੰਥ ਨੂੰ ਇੱਕ ਮੰਚ ਉੱਤੇ ਲਿਆਉਣ ਲਈ ਦਰਦ ਭਰੀ ਆਵਾਜ਼ ਹੈ ਅਤੇ ਬਿਖੜੇ ਪੰਥ ਨੂੰ ਕੁਝ ਸੋਚਣ ਲਈ ਮਜਬੂਰ ਕਰਦੀ ਹੈ। ਸੂਤਰਾਂ ਅਨੁਸਾਰ ਚਿੱਠੀ ਵਿਚ ਸਿਧਾਂਤਾਂ ਦੀ ਗਰਜ ਹੈ, ਦ੍ਰਿੜ ਇਰਾਦੇ ਨਾਲ ਭਰੇ ਜਜ਼ਬਾਤ ਵੀ ਹਨ ਅਤੇ ਪੰਥ ਲਈ ਕੁਝ ਕਰ ਗੁਜ਼ਰਨ ਦਾ ਇਕ ਇਤਿਹਾਸਕ ਸੁਨੇਹਾ ਵੀ ਹੈ।**

**ਕਰਮਜੀਤ ਸਿੰਘ**
(ਮੋਬਾਇਲ 99150-91063)



ਸਰਬੱਤ ਖ਼ਾਲਸਾ ਵਲੋਂ ਕਾਇਮ ਕੀਤੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਕੌਮ ਦੇ ਨਾਂ ਜਾਰੀ ਪੱਤਰ ਵਿਚ ਅਗਲੇ ਸਰਬੱਤ ਖ਼ਾਲਸਾ ਦੀ ਤਿਆਰੀ ਅਤੇ ਵਿਧੀ-ਵਿਧਾਨ ਦੀ ਜ਼ਿੰਮੇਵਾਰੀ ਪੰਜ ਪਿਆਰਿਆਂ ਅਤੇ ਸਰਬੱਤ ਖ਼ਾਲਸਾ ਵਲੋਂ ਕਾਇਮ ਕੀਤੇ ਜਥੇਦਾਰਾਂ ਨੂੰ ਸੌਂਪ ਕੇ ਜਿਥੇ ਪੰਜ ਪਿਆਰਿਆਂ ਦੀ ਇਤਿਹਾਸਕ ਮਹਾਨਤਾ ਨੂੰ ਸਥਾਪਤ ਕੀਤਾ ਗਿਆ ਹੈ ਉਥੇ ਤਿੰਨ ਜਥੇਦਾਰਾਂ ਨੂੰ ਵੀ ਭਰੋਸੇ ਵਿਚ ਲਿਆ ਗਿਆ ਹੈ। ਇਸ ਦਾ ਸਾਫ਼ ਮਤਲਬ ਇਹੋ ਹੈ ਕਿ ਇਹ ਅੱਠ ਸਿੰਘ ਸਮੁੱਚੀ ਪ੍ਰਣਾਲੀ ਦੀ ਅਗਵਾਈ ਕਰਨਗੇ।

ਦਿਲਚਸਪ ਗੱਲ ਇਹ ਹੈ ਕਿ ਜਥੇਦਾਰ ਸਾਹਿਬ ਨੇ ਜਿਸ ਐਗਜ਼ੈਕਟਿਵ ਕਮੇਟੀ ਕਾਇਮ ਕਰਨ ਦਾ ਐਲਾਨ ਕੀਤਾ ਹੈ ਉਸ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਇਹ ਕਮੇਟੀ 'ਜਥੇਦਾਰ ਸਾਹਿਬਾਨ ਨੂੰ ਭਰੋਸੇ ਵਿਚ ਲੈ ਕੇ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਕੰਮ ਕਰੇਗੀ।' ਇਸ ਐਲਾਨ ਦੇ ਦੋ ਅਰਥ ਵੀ ਨਿਕਲਦੇ ਹਨ। ਇਕ ਅਰਥ ਇਹ ਹੈ ਕਿ ਐਗਜ਼ੈਕਟਿਵ ਕਮੇਟੀ ਤਿੰਨ ਜਥੇਦਾਰ ਸਾਹਿਬਾਨ ਨੂੰ ਕੇਵਲ 'ਭਰੋਸੇ' ਵਿਚ ਹੀ ਲਵੇਗੀ ਅਤੇ ਸਾਰੇ ਅਧਿਕਾਰ ਪੰਜ ਪਿਆਰਿਆਂ ਨੂੰ ਹੀ ਹੋਣਗੇ। ਪਰ ਇਕ ਅਰਥ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਐਗਜ਼ੈਕਟਿਵ ਕਮੇਟੀ ਅੱਠ ਸਿੰਘਾਂ ਦੀ ਅਗਵਾਈ ਹੇਠ ਹੀ ਚੱਲੇਗੀ। ਪਰ ਐਲਾਨ ਵਿਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਜਥੇਦਾਰ ਸਾਹਿਬ ਦਾ ਅੱਠ ਸਿੰਘਾਂ ਦੀ ਅਗਵਾਈ ਹੇਠਲੀ ਕਮੇਟੀ ਵਿਚ ਕੀ ਰੁਤਬਾ ਹੋਵੇਗਾ? ਕੀ ਅੱਠ ਮੈਂਬਰੀ ਕਮੇਟੀ ਆਪਣੀ ਅੰਤਿਮ ਰਿਪੋਰਟ ਜਥੇਦਾਰ ਸਾਹਿਬ ਨੂੰ ਪੇਸ਼ ਕਰੇਗੀ ਅਤੇ ਜਥੇਦਾਰ ਸਾਹਿਬ ਇਸ ਰਿਪੋਰਟ ਦਾ ਐਲਾਨ ਕਰਨਗੇ? ਕੀ ਜਥੇਦਾਰ ਸਾਹਿਬ ਨੂੰ ਇਸ ਰਿਪੋਰਟ ਵਿਚ ਲੋੜ ਅਨੁਸਾਰ ਅਦਲਾ-ਬਦਲੀ ਕਰਨ ਦਾ ਅਧਿਕਾਰ ਹੋਵੇਗਾ? ਇਸ ਬਾਰੇ ਸਪੱਸ਼ਟ ਨਹੀਂ ਕੀਤਾ ਗਿਆ ਅਤੇ ਹੋ ਸਕਦਾ ਹੈ ਕਿ ਇਸ ਬਾਰੇ ਜਥੇਦਾਰ ਸਾਹਿਬ ਆਪਣਾ ਸਪੱਸ਼ਟੀਕਰਨ ਦੇਣ। ਚਾਰ ਸਫ਼ਿਆਂ ਦੀ ਇਹ ਚਿੱਠੀ ਜਥੇਦਾਰ ਸਾਹਿਬ ਨੇ ਆਪਣੇ ਹੱਥਾਂ ਨਾਲ ਲਿਖ ਕੇ ਹੇਠਾਂ ਬਕਾਇਦਾ ਆਪਣੇ ਦਸਤਖ਼ਤ ਵੀ ਕੀਤੇ ਹਨ।

ਚਿੱਠੀ ਵਿਚ ਅਕਾਲੀ ਦਲ ਅੰਮ੍ਰਿਤਸਰ ਅਤੇ ਇਸ ਦੇ ਉੱਘੇ ਲੀਡਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਨ੍ਹਾਂ ਆਗੂਆਂ ਦੀ ਪਹਿਲਕਦਮੀ ਸਦਕਾ ਹੀ ਉਹ ਇਤਿਹਾਸਕ ਫ਼ੈਸਲਾ ਕਰਨ ਵਿਚ ਕਾਮਯਾਬ ਹੋਏ। ਇਨ੍ਹਾਂ ਆਗੂਆਂ ਵਿਚ ਸ. ਸਿਮਰਨਜੀਤ ਸਿੰਘ ਮਾਨ, ਭਾਈ ਜਸਕਰਨ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਭਾਈ ਮੋਹਕਮ ਸਿੰਘ ਦੇ ਨਾਮ ਸ਼ਾਮਲ ਹਨ। ਚਿੱਠੀ ਵਿਚ ਯੂਨਾਇਟਡ ਅਕਾਲੀ ਦਲ ਦੇ ਰੋਲ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਇਸ ਚਿੱਠੀ ਦਾ ਇੱਕ ਅਹਿਮ ਨੁਕਤਾ ਵੀ ਨੋਟ ਕਰਨ ਵਾਲਾ ਹੈ, ਜਿਸ ਵਿਚ ਪੰਜ ਪਿਆਰਿਆਂ ਨੂੰ ਬਰੈਕਟ ਵਿਚ 'ਪੰਜ ਸਿੰਘ' ਕਹਿ ਕੇ ਵੀ ਸੰਬੋਧਨ ਕੀਤਾ ਗਿਆ ਹੈ। ਇਹ ਇਸ ਲਈ ਕੀਤਾ ਗਿਆ ਹੈ ਕਿਉਂਕਿ ਪੰਜ ਪਿਆਰਿਆਂ ਨੇ ਹਾਲ ਵਿਚ ਹੀ ਇਹ ਕਿਹਾ ਸੀ ਕਿ ਉਨ੍ਹਾਂ ਦਾ ਰੋਲ ਅੰਮ੍ਰਿਤ ਛਕਾਉਣ ਤੱਕ ਸੀਮਤ ਹੈ ਪਰ ਇਤਿਹਾਸ ਦੇ ਇਕ ਨਾਜ਼ੁਕ ਮੋੜ 'ਤੇ ਉਨ੍ਹਾਂ ਨੇ ਇਕ ਅਹਿਮ ਫ਼ੈਸਲਾ ਲਿਆ ਸੀ ਅਤੇ ਉਸ ਪਿਛੋਂ ਹੁਣ ਉਹ 'ਪੰਜ ਸਿੰਘ' ਤਾਂ ਆਖੇ ਜਾ ਸਕਦੇ ਹਨ ਪਰ ਪੰਜ ਪਿਆਰੇ ਨਹੀਂ। ਪਰ ਮੀਡੀਆ ਲਗਾਤਾਰ ਉਨ੍ਹਾਂ ਨੂੰ ਪੰਜ ਪਿਆਰੇ ਹੀ ਕਹਿ ਰਿਹਾ ਹੈ ਜੋ ਕਿ ਸਿੱਖੀ ਸਿਧਾਂਤਾਂ ਦੇ ਅਨੁਸਾਰ ਠੀਕ ਨਹੀਂ। ਪਰ ਦੂਜੇ ਪਾਸੇ ਸਿੱਖ ਮਸਲਿਆਂ ਦੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪੰਜ ਪਿਆਰੇ ਇਕ ਇਤਿਹਾਸਕ ਸੰਸਥਾ ਵਜੋਂ ਸਥਾਪਤ ਹੋ ਚੁੱਕੇ ਹਨ। ਇਸ ਲਈ ਉਨ੍ਹਾਂ ਨੂੰ ਪੰਜ ਪਿਆਰੇ ਆਖੇ ਜਾਣ ਵਿਚ ਸਿਧਾਂਤਾਂ ਦੀ ਉਲੰਘਣਾ ਨਹੀਂ ਹੈ। ਲੇਕਿਨ ਕੁਝ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਅਸਲੋਂ ਹੀ ਇਕ ਨਵੀਂ ਪ੍ਰੰਪਰਾ ਸ਼ੁਰੂ ਹੋਈ ਹੈ ਜਿਸ ਦਾ ਉਸ ਸਮੇਂ ਸਮੁੱਚੇ ਪੰਥ ਨੇ ਸਵਾਗਤ ਕੀਤਾ ਸੀ। ਉਸ ਤੋਂ ਪਿਛੋਂ ਵੀ ਪੰਜ ਪਿਆਰਿਆਂ ਨੇ ਜਿਵੇਂ ਪੂਰੀ ਜ਼ਿੰਮੇਵਾਰੀ ਨਾਲ ਸਿੱਖ ਪੰਥ ਦੇ ਮਾਮਲਿਆਂ ਬਾਰੇ ਸੰਤੁਲਤ ਬਿਆਨ ਜਾਰੀ ਕੀਤੇ, ਉਸ ਤੋਂ ਪਿਛੋਂ ਇਸ ਅਹਿਮ ਸਵਾਲ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਹੁਣ ਪੰਜ ਪਿਆਰੇ ਕਿਹਾ ਜਾਵੇ ਜਾਂ ਪੰਜ ਸਿੰਘ ਹੀ ਕਿਹਾ ਜਾਵੇ।

ਏ-6 ਪੇਪਰ ਉਤੇ ਚਾਰ ਸਫ਼ਿਆਂ ਦੀ ਇਹ ਚਿੱਠੀ ਜਿਥੇ ਸਿੱਖੀ ਜਜ਼ਬਿਆਂ ਅਤੇ ਸਿਧਾਂਤਾਂ ਦੀ ਇਕ ਖ਼ੂਬਸੂਰਤ ਅਤੇ ਸ਼ਾਇਰਾਨਾ ਦਸਤਾਵੇਜ਼ ਹੈ, ਉਥੇ ਇਹ ਚਿੱਠੀ ਇਹ ਸੰਦੇਸ਼ ਵੀ ਦਿੰਦੀ ਹੈ ਕਿ ਇਤਿਹਾਸ ਦੇ ਨਾਜ਼ੁਕ ਦੌਰ ਵਿਚ ਸਿੱਖ ਕੌਮ ਨੂੰ ਕਿਹੋ ਜਿਹੇ ਦ੍ਰਿੜ ਇਰਾਦੇ ਵਾਲਾ ਜਥੇਦਾਰ ਚਾਹੀਦਾ ਹੈ। ਭਾਵੇਂ ਭਾਈ ਜਗਤਾਰ ਸਿੰਘ ਹਵਾਰਾ ਜੁਝਾਰੂ ਲਹਿਰ ਦੇ ਇਤਿਹਾਸਕ ਆਗੂ ਵਜੋਂ ਪਹਿਲਾਂ ਹੀ ਕੌਮ ਵਿਚ ਸਥਾਪਤ ਹੋ ਚੁੱਕੇ ਹਨ ਪਰ ਚਿੱਠੀ ਵਿਚ ਉਹ ਉੱਚੀ ਪੱਧਰ ਦੇ ਸੁਘੜ-ਸਿਆਣੇ ਰਾਜਨੀਤਿਕ ਅਤੇ ਨੀਤੀਵਾਨ ਆਗੂ ਵੀ ਜਾਪਦੇ ਹਨ ਜੋ ਇਕ ਪਾਸੇ ਨਿਮਰ ਵੀ ਹਨ ਪਰ ਨਾਲ ਹੀ ਦ੍ਰਿੜ ਇਰਾਦੇ ਦੇ ਮਾਲਕ ਵੀ ਹਨ। ਚਿੱਠੀ ਵਿਚ ਉਹ ਸਰਬ-ਸਾਂਝੇ ਆਗੂ ਦੀ ਹੈਸੀਅਤ ਵਿਚ ਹੀ ਪੇਸ਼ ਹੋਏ ਹਨ ਨਾ ਕਿ ਕਿਸੇ ਵਿਸ਼ੇਸ਼ ਧਿਰ ਦੇ ਨੁਮਾਇੰਦੇ ਬਣੇ ਹਨ। ਚਿੱਠੀ ਵਿਚ ਇਕ ਹੋਰ ਅਹਿਮ ਨੁਕਤਾ ਵੀ ਡੂੰਘੇ ਧਿਆਨ ਦੀ ਮੰਗ ਕਰਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਨੇ ਸਰਬੱਤ ਖ਼ਾਲਸਾ ਦੇ ਵਿਧੀ-ਵਿਧਾਨ ਸਬੰਧੀ ਇਹ ਸਪੱਸ਼ਟ ਕਿਹਾ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਅੱਜ ਦੀਆਂ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਪੇਸ਼ ਹੋਣਾ ਚਾਹੀਦਾ ਹੈ। ਇਥੇ ਇਹ ਚੇਤੇ ਕਰਵਾਇਆ ਜਾਂਦਾ ਹੈ ਕਿ ਸਭਿਆਤਾਵਾਂ ਦੇ ਲਹਿੰਦੇ-ਚੜ੍ਹਦੇ ਸੂਰਜਾਂ ਦਾ ਇਤਿਹਾਸ ਲਿਖਣ ਵਾਲੇ ਮਹਾਨ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਵੀ ਕਿਹਾ ਸੀ ਕਿ ਜਦੋਂ ਦੁਨੀਆਂ ਵਿਚ ਧਰਮ ਆਪਸ ਵਿਚ ਲੜਨਗੇ ਤਾਂ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੁਨੀਆਂ ਨੂੰ ਕੋਈ 'ਵਿਸ਼ੇਸ਼ ਗੱਲ' ਦੱਸਣਗੇ। ਇਸ ਲਈ ਚਿੱਠੀ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਜ਼ਿਕਰ ਕਰਦੀ ਹੈ ਉਥੇ ਉਸੇ ਰੌਸ਼ਨੀ ਵਿਚ ਅੱਜ ਦੀਆਂ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਦਾ ਵੀ ਜ਼ਿਕਰ ਕਰਦੀ ਹੈ।

ਜਾਣਕਾਰ ਸੂਤਰ ਚਿੱਠੀ ਦਾ ਗੰਭੀਰ ਵਿਸ਼ਲੇਸ਼ਣ ਕਰਦਿਆਂ ਇਹ ਵੀ ਕਹਿੰਦੇ ਹਨ ਕਿ ਭਾਈ ਜਗਤਾਰ ਸਿੰਘ ਹਵਾਰਾ ਨੇ ਸਰਬੱਤ ਖ਼ਾਲਸਾ ਦੀ ਜ਼ਿੰਮੇਵਾਰੀ ਤਿੰਨ ਸਿੰਘ ਸਾਹਿਬਾਨ ਤੋਂ ਇਲਾਵਾ ਪੰਜ ਪਿਆਰਿਆਂ ਨੂੰ ਸ਼ਾਮਲ ਕਰਕੇ ਅਗਵਾਈ ਦਾ ਘੇਰਾ ਵਿਸ਼ਾਲ ਕਰ ਦਿੱਤਾ ਹੈ ਤਾਂ ਜੋ ਸਮੁੱਚੇ ਪੰਥ ਨੂੰ ਸਰਬੱਤ ਖ਼ਾਲਸਾ ਵਿਚ ਸ਼ਾਮਲ ਕਰਨ ਲਈ ਆਵਾਜ਼ ਦਿੱਤੀ ਜਾਵੇ। ਇਨ੍ਹਾਂ ਸੂਤਰਾਂ ਅਨੁਸਾਰ ਸਰਬੱਤ ਖ਼ਾਲਸਾ ਵਿਚ ਹੁਣ ਉਹ ਸਾਰੀਆਂ ਜਥੇਬੰਦੀਆਂ, ਸੰਤ ਸੰਪਰਦਾਵਾਂ ਅਤੇ ਉੱਘੀਆਂ ਹਸਤੀਆਂ ਸ਼ਾਮਲ ਹੋਣਗੀਆਂ ਜੋ ਕਿਸੇ ਕਾਰਨ ਪਿਛਲੇ ਸਾਲ ਚੱਬਾ ਵਿਚ ਹੋਏ ਸਰਬੱਤ ਖ਼ਾਲਸੇ ਦੇ ਸਮਾਗਮ ਵਿਚ ਸ਼ਾਮਲ ਨਹੀਂ ਸਨ ਹੋ ਸਕੀਆਂ। ਇਹ ਚਿੱਠੀ ਸਾਰੇ ਪੰਥ ਨੂੰ ਇੱਕ ਮੰਚ ਉੱਤੇ ਲਿਆਉਣ ਲਈ ਦਰਦ ਭਰੀ ਆਵਾਜ਼ ਹੈ ਅਤੇ ਬਿਖੜੇ ਪੰਥ ਨੂੰ ਕੁਝ ਸੋਚਣ ਲਈ ਮਜਬੂਰ ਕਰਦੀ ਹੈ। ਸੂਤਰਾਂ ਅਨੁਸਾਰ ਚਿੱਠੀ ਵਿਚ ਸਿਧਾਂਤਾਂ ਦੀ ਗਰਜ ਹੈ, ਦ੍ਰਿੜ ਇਰਾਦੇ ਨਾਲ ਭਰੇ ਜਜ਼ਬਾਤ ਵੀ ਹਨ ਅਤੇ ਪੰਥ ਲਈ ਕੁਝ ਕਰ ਗੁਜ਼ਰਨ ਦਾ ਇਕ ਇਤਿਹਾਸਕ ਸੁਨੇਹਾ ਵੀ ਹੈ।

## ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸੁੱਖਾ-ਜਿੰਦਾ ਦੀ ਅਦੁੱਤੀ ਸ਼ਹਾਦਤ ਦਿਲਾਂ ਦਾ ਸਾਂਝਾ ਇਕਰਾਰਨਾਮਾ

**ਕੀ ਤੁਹਾਨੂੰ ਪਤਾ ਹੈ ਕਿ ਫਾਂਸੀ ਦਾ ਹੁਕਮ ਸੁਣਾਉਣ ਵਾਲੇ ਜੱਜ ਨੇ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਆਪਣੇ ਕਮਰੇ ਵਿਚ ਸਜਾਇਆ ਹੋਇਆ ਹੈ ? ਜੇ ਨਹੀਂ ਯਕੀਨ ਤਾਂ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਟਿਸ ਅਜੀਤ ਸਿੰਘ ਬੈਂਸ ਨੂੰ ਪੁੱਛ ਵੇਖਣਾ ਜਿਸ ਦੀ ਜਾਣਕਾਰੀ ਇਸੇ ਜੱਜ ਨੇ ਜਸਟਿਸ ਬੈਂਸ ਨੂੰ ਦਿੱਤੀ। ਕੀ ਤੁਸੀਂ ਜਾਣਦੇ ਹੋ ਕਿ ਉਸ ਦਿਨ ਇਨ੍ਹਾਂ ਸ਼ਹੀਦਾਂ ਦੀ ਖੁਸ਼ੀ ਵਿਚ ਸ਼ਹੀਦਾਂ ਦੀ ਇੱਛਾ ਮੁਤਾਬਕ ਟੋਕਰਿਆਂ ਦੇ ਟੋਕਰੇ ਲੱਡੂ ਵੰਡੇ ਗਏ। ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਉਸ ਦਿਨ ਜੇਲ੍ਹ ਦੇ ਕਈ ਕਰਮਚਾਰੀਆਂ ਨੇ ਹੰਝੂਆਂ ਭਰੀਆਂ ਅੱਖੀਆਂ ਨਾਲ ਇਨ੍ਹਾਂ ਸ਼ਹੀਦਾਂ ਨੂੰ ਅੰਤਿਮ ਵਿਦਾਇਗੀ ਦਿੱਤੀ।**



**ਕਰਮਜੀਤ ਸਿੰਘ**
ਮੋਬਾਈਲ : 99150-91063

ਖ਼ਾਲਸਾ ਪੰਥ ਦੇ ਲੋਕਯਾਨ (ਫੋਕ ਲੋਰ) ਜਾਂ ਲੋਕ-ਪ੍ਰੰਪਰਾ ਵਿਚ ਸ਼ਹੀਦਾਂ ਦੀ ਇਹ ਜੋੜੀ ਸੁੱਖਾ-ਜਿੰਦਾ ਦੇ ਨਾਂਅ ਨਾਲ ਦਿਲਾਂ ਵਿਚ ਵਸ ਗਈ ਹੈ ਜਦਕਿ ਖ਼ਾਲਸਾ ਪੰਥ ਦੇ ਅੰਮ੍ਰਿਤ ਸਰੋਵਰ ਦੇ ਇਤਿਹਾਸ ਵਿਚ ਉਹ ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ ਦੇ ਨਾਵਾਂ ਨਾਲ ਯਾਦ ਕੀਤੇ ਜਾਣਗੇ। ਪਹਿਲੀ ਕਿਸਮ ਦੇ ਨਾਵਾਂ ਵਿਚ ਦੁਨਿਆਵੀ ਮੁਹੱਬਤਾਂ ਦੀ ਸਿਖਰ ਹੈ ਜਦਕਿ ਦੂਜੀ ਵੰਨਗੀ ਦੇ ਨਾਵਾਂ ਵਿਚ ਦੁਨਿਆਵੀ ਤੇ ਰੂਹਾਨੀ ਇਸ਼ਕ ਦਾ ਕੋਈ ਉੱਚਾ ਸੁੱਚਾ ਸੁਮੇਲ ਹੈ। ਉਂਝ ਇਥੇ ਇਹ ਦੱਸਣਾ ਗ਼ੈਰਵਾਜਬ ਨਹੀਂ ਹੋਵੇਗਾ ਕਿ ਲੋਕਯਾਨ ਵਾਲਿਆਂ ਦੀ ਦੁਨੀਆ ਜਿਹੜੇ ਨਾਂਅ ਸਿਰਜ ਲੈਂਦੀ ਹੈ, ਉਹ ਬਹੁਤੀ ਵਾਰ ਇਤਿਹਾਸ ਵਿਚ ਪੱਕੀ ਤਰ੍ਹਾਂ ਸਥਾਪਤ ਹੋ ਜਾਂਦੇ ਹਨ। ਜੈਜ਼ ਸੰਗੀਤ ਦੇ ਬਾਦਸ਼ਾਹ ਆਰਮਸਟਰਾਂਗ ਨੇ ਇਕ ਵਾਰ ਆਪਣੇ ਪਿਓ ਨੂੰ ਜਦੋਂ ਗੁੱਸੇ ਵਿਚ ਆਖਿਆ ਕਿ, 'ਡੈਡੀ, ਮੈਂ ਲੋਕ-ਸੰਗੀਤ ਤੋਂ ਬਿਨਾਂ ਹੋਰ ਕਿਸੇ ਸੰਗੀਤ ਨੂੰ ਨਹੀਂ ਜਾਣਦਾ, 'ਤਾਂ ਉਸ ਸਮੇਂ ਉਹ ਲੋਕਯਾਨ ਦੀ ਮਹਿਮਾ ਦਾ ਪ੍ਰਚਮ ਹੀ ਬੁਲੰਦ ਕਰ ਰਿਹਾ ਸੀ। ਲੋਕਯਾਨ ਨੇ ਸ਼ਹੀਦਾਂ ਦੀ ਇਸ ਜੋੜੀ ਦੇ ਬਚਪਨ ਦੇ ਨਾਵਾਂ (ਸੁੱਖਾ-ਜਿੰਦਾ) ਨੂੰ ਹੀ ਆਪਣੇ ਚੇਤਿਆਂ ਵਿਚ ਵਸਾ ਲਿਆ ਹੈ। ਸੁੱਖਾ-ਜਿੰਦਾ ਦੀ ਸ਼ਹਾਦਤ ਸੱਚ ਮੁੱਚ ਹੀ ਅਦੁੱਤੀ ਹੈ, ਬਿਨਾਂ ਕਿਸੇ ਸ਼ੱਕ ਤੋਂ ਲਾਜਵਾਬ ਤੇ ਲਾਮਿਸਾਲ ਹੈ। ਇਹੋ ਜਿਹੇ ਬੰਦੇ ਸਾਧਾਰਨ ਨਹੀਂ ਹੁੰਦੇ, ਅਸਧਾਰਨ ਹੋਇਆ ਕਰਦੇ ਹਨ। ਉਦਾਹਰਣਾਂ, ਮਿਸਾਲਾਂ, ਪਰਮਾਣਾਂ ਤੇ ਕਸੌਟੀਆਂ ਲਈ ਰਾਖਵੇਂ ਕੀਤੇ ਜਾਂਦੇ ਹਨ। ਗੁਰਬਾਣੀ ਇਹੋ ਜਿਹੇ ਇਨਸਾਨ ਨੂੰ 'ਵਿਰਲੇ ਕੇਈ ਕੇਇ' ਦਾ ਰੁਤਬਾ ਬਖ਼ਸ਼ਦੀ ਹੈ।

ਮੈਂ ਇਨ੍ਹਾਂ ਵੀਰਾਂ ਦੀ ਸ਼ਹਾਦਤ ਨੂੰ ਇਸ ਲਈ ਅਦੁੱਤੀ ਆਖਦਾ ਹਾਂ ਕਿਉਂਕਿ ਇਸ ਸ਼ਹਾਦਤ ਦੇ ਸੰਕਲਪ ਪਿਛੇ ਠੋਸ ਕਾਰਨ ਤੇ ਠੋਸ ਗਵਾਹੀਆਂ ਮੌਜੂਦ ਹਨ ਨਾ ਕਿ ਮਨ ਦੀਆਂ ਤਰੰਗਾਂ ਜਾਂ ਕਲਪਨਾਵਾਂ ਨੂੰ ਸ਼ਹਾਦਤ ਦੀ ਵਿਆਖਿਆ ਵਿੱਚ ਅਸੀਂ ਆਪਣਾ ਸਹਾਰਾ ਬਣਾਇਆ ਹੈ। ਇਕ ਠੋਸ ਕਾਰਨ ਤਾਂ ਇਹ ਹੈ ਕਿ ਇਸ ਜੋੜੀ ਵਲੋਂ ਆਪਣੇ ਹੱਥਾਂ ਨਾਲ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਲਿਖੀਆਂ ਚਿੱਠੀਆਂ ਤੇ ਸੁਨੇਹੇ ਮੌਜੂਦ ਹਨ। ਇਨ੍ਹਾਂ ਚਿੱਠੀਆਂ ਵਿਚ ਜਿੱਥੇ ਸਰਬੱਤ ਖ਼ਾਲਸਾ ਦੇ ਸੰਕਲਪ ਦਾ ਦਿਲ ਧੜਕਦਾ ਹੈ, ਉਥੇ ਨਾਲ ਹੀ ਇਹ ਚਿੱਠੀਆਂ ਸਰਬੱਤ ਦਾ ਭਲਾ ਵੀ ਮੰਗਦੀਆਂ ਹਨ। ਇਨ੍ਹਾਂ ਚਿੱਠੀਆਂ ਵਿਚ ਘਰਾਂ ਦੇ ਨਿੱਕੇ ਨਿੱਕੇ ਮਸਲੇ ਵੀ ਹਨ ਪਰ ਨਾਲ ਹੀ ਘਰ ਵਾਲਿਆਂ ਨੂੰ ਚੇਤਾਵਨੀਆਂ ਵੀ ਹਨ ਕਿ ਫਾਂਸੀ ਲੱਗਣ ਤੋਂ ਪਿਛੋਂ ਉਨ੍ਹਾਂ ਦਾ ਰਵੱਈਆ ਅਤੇ ਪਹੁੰਚ ਕਿਹੋ ਜਿਹੀ ਹੋਣੀ ਚਾਹੀਦੀ ਹੈ। ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਦੁਨੀਆ ਦੇ ਕਿਸੇ ਵੀ ਸ਼ਹੀਦ ਨੇ ਇੰਨੇ ਵਿਸਥਾਰ ਤੇ ਸਪਸ਼ਟਤਾ ਵਿਚ ਆਪਣੀ ਕੌਮ ਦੇ ਦਰਦ ਦਾ ਇਜ਼ਹਾਰ ਨਹੀਂ ਕੀਤਾ, ਜਿੰਨਾ ਇਸ ਜੋੜੀ ਨੇ ਕਰ ਵਿਖਾਇਆ ਹੈ। ਇਹ ਸੱਚ ਮੁੱਚ ਹੀ ਇਤਿਹਾਸਕ ਚਮਤਕਾਰ ਹੈ।

ਸਾਡੇ ਕੋਲ ਮਨਸੂਰ ਤੇ ਸਰਮੱਦ ਵਰਗੇ ਸ਼ਹੀਦਾਂ ਸਮੇਤ ਪ੍ਰਾਚੀਨ ਸਿੱਖ ਸ਼ਹੀਦਾਂ ਤੋਂ ਇਲਾਵਾ ਮਨਸੂਰ ਤੇ ਆਧੁਨਿਕ ਸ਼ਹੀਦਾਂ-ਜੂਲੀਅਸ ਫੂਚਕ, ਸ਼ਹੀਦ ਭਗਤ ਸਿੰਘ-ਰਾਜ ਗੁਰੂ-ਸੁਖਦੇਵ, ਬਿਸਮਲ, ਸਰਾਭਾ, ਊਧਮ ਸਿੰਘ ਵੀ ਆਪਣੀ ਰੂਹ ਦੇ ਦਰਦ ਦੀਆਂ ਯਾਦਾਂ ਵਿਸਥਾਰ ਵਿਚ ਨਹੀਂ ਪੇਸ਼ ਕਰ ਸਕੇ, ਜਿਨ੍ਹਾਂ ਨੂੰ ਅਸੀਂ ਪਹਿਲੇ ਦਰਜੇ ਦੀਆਂ ਦਸਤਾਵੇਜ਼ਾਂ ਦਾ ਨਾਂ ਦੇ ਸਕੀਏ। ਇਥੋਂ ਤੱਕ ਕਿ ਸ਼ਹੀਦ ਭਗਤ ਸਿੰਘ ਦੀਆਂ ਬਹੁਤ ਸਾਰੀਆਂ ਕਥਿਤ ਲਿਖਤਾਂ ਦੀ ਪਰਮਾਣਿਕਤਾ ਅੱਗੇ ਵੀ ਗੰਭੀਰ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਅਸੀਂ ਇਨ੍ਹਾਂ ਸ਼ਹੀਦਾਂ ਦੇ ਰੋਲ, ਕੁਰਬਾਨੀ ਤੇ ਪ੍ਰਭਾਵ ਨੂੰ ਘਟਾ ਕੇ ਨਹੀਂ ਦੇਖ ਰਹੇ, ਅਸੀਂ ਤਾਂ ਸਿਰਫ਼ ਇਹ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਫਾਂਸੀ ਚੜ੍ਹਨ ਤੋਂ ਪਹਿਲਾਂ ਜਿਸ ਤਰ੍ਹਾਂ ਸੁੱਖਾ ਤੇ ਜਿੰਦਾ ਆਪਣੀਆਂ ਹੱਥ ਲਿਖਤਾਂ ਰਾਹੀਂ ਜੋ ਕੁਝ ਕਹਿ ਗਏ ਹਨ ਅਤੇ ਜਿੰਨਾ ਵਿਸਥਾਰ ਨਾਲ ਕਹਿ ਗਏ ਹਨ, ਉਹ ਅੱਜ ਤੱਕ ਕਿਸੇ ਵੀ ਸ਼ਹੀਦ ਦੇ ਹਿੱਸੇ ਨਹੀਂ ਆਇਆ। ਸੁੱਖਾ-ਜਿੰਦਾ ਦੀਆਂ ਚਿੱਠੀਆਂ ਉਨ੍ਹਾਂ ਦੀ ਆਪਣੀ ਹੱਥ ਲਿਖਤ ਵਿਚ ਬਾਕਾਇਦਾ ਸਾਡੇ ਕੋਲ ਮੌਜੂਦ ਹਨ ਅਤੇ ਇਹ ਚਿੱਠੀਆਂ ਸਾਰੀ ਦੁਨੀਆ ਦੇ ਸ਼ਹੀਦਾਂ ਦਾ ਅਨਮੋਲ ਵਿਰਸਾ ਹੈ ਕਿਉਂਕਿ ਦੋਵਾਂ ਨੌਜਵਾਨਾਂ ਨੇ ਖ਼ਾਲਸਾ ਪੰਥ ਦੇ ਦਰਦ ਰਾਹੀਂ ਸਾਰੀ ਦੁਨੀਆ ਦੇ ਨਿਆਸਰਿਆਂ ਅਤੇ ਨਿਓਟਿਆਂ ਨਾਲ ਆਪਣੀਆਂ ਪਿਆਰ ਭਰੀਆਂ ਤੇ ਗੂੜ੍ਹੀਆਂ ਸਾਂਝਾਂ ਦਾ ਹੈਰਾਨਜਨਕ ਪ੍ਰਗਟਾਵਾ ਕੀਤਾ ਹੈ। ਕੀ ਤੁਸੀਂ ਕਦੇ ਇਹ ਸੋਚ ਵੀ ਸਕਦੇ ਹੋ ਕਿ ਇਨ੍ਹਾਂ ਸ਼ਹੀਦਾਂ ਦੇ ਸਸਕਾਰ ਵਿਚ ਸ਼ਾਮਲ ਰਿਸ਼ਤੇਦਾਰਾਂ ਦੀ ਛੋਟੀ ਜਿਹੀ ਟੋਲੀ, ਜਿਸ ਨੂੰ ਪੂਨੇ ਵਿਚ ਸਸਕਾਰ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਮਿਲ ਗਈ ਸੀ, ਨੇ ਸ਼ਹਾਦਤ ਦੀ ਖੁਸ਼ੀ ਵਿਚ ਸਸਕਾਰ ਦੇ ਮੌਕੇ ਭੰਗੜਾ ਤੇ ਗਿੱਧਾ ਪਾਇਆ ? ਹਾਂ, ਇਹ ਮਹਾਨ ਕ੍ਰਿਸ਼ਮਾ ਇਸੇ ਤਰ੍ਹਾਂ ਹੀ ਹੋਇਆ ਸੀ। ਕੀ ਤੁਹਾਨੂੰ ਪਤਾ ਹੈ ਕਿ ਫਾਂਸੀ ਦਾ ਹੁਕਮ ਸੁਣਾਉਣ ਵਾਲੇ ਜੱਜ ਨੇ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਆਪਣੇ ਕਮਰੇ ਵਿਚ ਸਜਾਇਆ ਹੋਇਆ ਹੈ ? ਜੇ ਨਹੀਂ ਯਕੀਨ ਤਾਂ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਟਿਸ ਅਜੀਤ ਸਿੰਘ ਬੈਂਸ ਨੂੰ ਪੁੱਛ ਵੇਖਣਾ ਜਿਸ ਦੀ ਜਾਣਕਾਰੀ ਇਸੇ ਜੱਜ ਨੇ ਜਸਟਿਸ ਬੈਂਸ ਨੂੰ ਦਿੱਤੀ। ਕੀ ਤੁਸੀਂ ਜਾਣਦੇ ਹੋ ਕਿ ਉਸ ਦਿਨ ਇਨ੍ਹਾਂ ਸ਼ਹੀਦਾਂ ਦੀ ਖੁਸ਼ੀ ਵਿਚ ਸ਼ਹੀਦਾਂ ਦੀ ਇੱਛਾ ਮੁਤਾਬਕ ਟੋਕਰਿਆਂ ਦੇ ਟੋਕਰੇ ਲੱਡੂ ਵੰਡੇ ਗਏ। ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਉਸ ਦਿਨ ਜੇਲ੍ਹ ਦੇ ਕਈ ਕਰਮਚਾਰੀਆਂ ਨੇ ਹੰਝੂਆਂ ਭਰੀਆਂ ਅੱਖੀਆਂ ਨਾਲ ਇਨ੍ਹਾਂ ਸ਼ਹੀਦਾਂ ਨੂੰ ਅੰਤਿਮ ਵਿਦਾਇਗੀ ਦਿੱਤੀ। ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਦੀਆਂ ਸੁੱਤੀਆਂ ਜ਼ਮੀਰਾਂ, ਵਿੱਕੀਆਂ ਜ਼ਮੀਰਾਂ, ਮੁਜਰਮਾਨਾ ਖਾਮੋਸ਼ੀ ਨਾਲ ਰੱਤੀਆਂ ਜ਼ਮੀਰਾਂ ਤੇ ਦੁਨਿਆਵੀ ਧੰਦਿਆਂ ਵਿਚ ਗਲ ਗਲ ਡੁੱਬੀਆਂ ਜ਼ਮੀਰਾਂ ਕੋਲ ਥੋੜ੍ਹੀ ਜਿਹੀ ਜੇ ਵਿਹਲ ਹੈ, ਤਾਂ ਉਹ ਸ਼ਹੀਦ ਹਰਜਿੰਦਰ ਸਿੰਘ ਜਿੰਦੇ ਦੀ ਭੈਣ ਤੇ ਸੁਖਦੇਵ ਸਿੰਘ ਸੁੱਖੇ ਦੀ ਮਾਂ ਨਾਲ ਕੁਝ ਪਲ ਗੁਜ਼ਾਰਨ ਦਾ ਸੁਨਹਿਰੀ ਮੌਕਾ ਜੇ ਹਾਸਲ ਕਰਨ ਤਾਂ ਸਾਨੂੰ ਪੱਕਾ ਯਕੀਨ ਹੈ ਕਿ ਮਾਨਮੱਤੇ ਹੰਝੂ ਬਗਾਵਤ ਬਣ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਉਤਰ ਆਉਣਗੇ ਅਤੇ ਨਾਲ ਹੀ ਇਨ੍ਹਾਂ ਸ਼ਹੀਦਾਂ ਬਾਰੇ ਉਨ੍ਹਾਂ ਦੇ ਅਣਕਹੇ ਤੇ ਕਹੇ ਗੁਨਾਹ ਵੀ ਧੋਤੇ ਜਾਣਗੇ।

ਕਲਪਨਾ ਤੇ ਆਪ ਹੰਢਾਏ ਤਜਰਬੇ ਵਿਚ ਬਹੁਤ ਫਰਕ ਹੁੰਦਾ ਹੈ। ਅਮਰੀਕਾ ਦੇ ਇਕ ਸ਼ਹਿਰ ਸ਼ਿਕਾਗੋ ਵਿਚ ਸਾਲਾਂਬੱਧੀ ਰਹਿੰਦਾ ਜਜ਼ਬਿਆਂ ਦਾ ਕਵੀ ਕਾਰਲ ਸੈਂਡ ਬਰਗ (1878-1957) ਆਪਣੀ ਦਿਲਚਸਪ ਕਵਿਤਾ ਰਾਹੀਂ ਮਿਲਟਨ, ਦਾਂਤੇ ਅਤੇ ਆਪਣੇ ਵਿਚਕਾਰ ਫਰਕ ਕਰਦਾ ਹੋਇਆ ਆਖਦਾ ਹੈ ਕਿ ਮਿਲਟਨ ਤੇ ਦਾਂਤੇ ਨੇ ਨਰਕ ਦਾ ਜ਼ਿਕਰ ਕੀਤਾ ਹੈ ਪਰ ਦੋਵਾਂ ਵਿਚੋਂ ਕਿਸੇ ਨੇ ਵੀ ਨਰਕ ਵੇਖਿਆ ਨਹੀਂ। ਮੈਂ ਸ਼ਿਕਾਗੋ ਸ਼ਹਿਰ ਨੂੰ ਵਰ੍ਹਿਆਂਬੱਧੀ ਵੇਖਿਆ, ਕਈ ਵਾਰ ਵੇਖਿਆ ਤੇ ਫਿਰ ਹੀ ਇਸ ਸ਼ਹਿਰ ਬਾਰੇ ਲਿਖਿਆ। ਸੁੱਖਾ-ਜਿੰਦਾ ਨੂੰ ਇਕ ਪਾਸੇ

ਬਾਕੀ ਸਫ਼ਾ 32 'ਤੇ



# 'ਜਦੋਂ ਦੁਸਮਣ ਨੇ ਵੀ ਸਿੰਘਾਂ ਦੀ ਬਹਾਦਰੀ ਅਤੇ ਸਿਦਕ ਦਾ ਲੋਹਾ ਮੰਨਿਆ'

**ਡਾ.ਅਮਰਜੀਤ ਸਿੰਘ ਵਾਸ਼ਿੰਗਟਨ**



ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਵਿਚ ਆਪਣੀ 545 ਸਾਲ ਦੀ ਬਾਲੜੀ ਉਮਰ ਵਾਲੀ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਗਗਨ 'ਤੇ ਹਜ਼ਾਰਾਂ ਨਹੀਂ, ਲੱਖਾਂ ਖ਼ਾਲਸਾ ਜੀ ਦੇ ਇਹੋ ਜਿਹੇ ਚਮਕਦੇ ਸਿਤਾਰੇ ਹਨ, ਜੋ ਬੇਇਨਸਾਫ਼ੀ ਅਤੇ ਜ਼ੁਲਮ ਦੀ ਕਾਲੀ ਬੋਲੀ ਰਾਤ ਵਿਚ ਹੱਕ-ਸੱਚ-ਇਨਸਾਫ਼ ਦੇ ਹਰ ਪਾਂਧੀ ਨੂੰ ਰੌਸ਼ਨੀ ਭਰਪੂਰ, ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਡਗਰ 'ਤੇ ਤੁਰਨ ਵਿਚ ਅਗਵਾਈ ਤੇ ਹੌਸਲਾ ਬਖ਼ਸ਼ਦੇ ਹਨ। ਗੁਰੂ ਕਲਗੀਧਰ ਦੇ ਵਰੋਸਾਏ ਖ਼ਾਲਸਾ ਪੰਥ ਦੇ ਦੋ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਲਾਸਾਨੀ ਸ਼ਹਾਦਤ ਨਾਲ ਖ਼ਾਲਸਾਈ ਗਗਨ ਨੂੰ ਤਾਂ ਲਟ-ਲਟ ਰੌਸ਼ਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖ਼ਾਲਿਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ। ਲੱਖਾਂ ਫ਼ੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖ਼ਤ ਸਾਹਿਬ 'ਤੇ ਹਮਲਾਵਰ ਜਨਰਲ ਵੈਦਿਆ ਤਾਂ ਇਤਿਹਾਸ ਦੇ ਘੱਟੇ ਵਿਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖ਼ਾਲਿਸਤਾਨੀ ਫ਼ੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਨ੍ਹਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸ਼ਮਣ ਨੇ ਵੀ ਮੰਨਿਆ ਹੈ।

ਜੰਗ ਦੇ ਮੈਦਾਨ ਵਿਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ 'ਚ ਪਾਉਣ ਤੱਕ ਦਾ ਸਫ਼ਰ ਸੰਤਤਾਈ ਦੀ ਉੱਚ ਆਤਮਿਕ ਅਵਸਥਾ ਵਿਚ ਵਿਚਰਦਿਆਂ ਤਹਿ ਕੀਤਾ। ਇਹਨਾਂ ਦੋ ਜਾਗਦੀਆਂ ਰੂਹਾਂ ਵਾਲਿਆਂ ਨੂੰ ਮੌਤ ਲਾੜੀ ਵਿਆਹੁਣ ਦੇ ਖ਼ਿਆਲ ਨੇ ਅਨੰਦਮਈ ਅਵਸਥਾ ਵਿਚ ਪਹੁੰਚਾ ਦਿੱਤਾ। ਦਗ ਦਗ ਭਖਦੇ ਚਿਹਰਿਆਂ ਦੇ ਤੇਜੱਸਵੀ ਜਲਾਲ ਸਾਹਮਣੇ ਮੌਤ ਨੂੰ ਵੀ ਦੰਦਲ ਪੈ ਗਈ ਹੋਵੇਗੀ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਕਿਉਂਕਿ ਮੌਤ ਨਾਲ ਅਨੰਦ ਪੜ੍ਹਾਉਣ ਦੀ ਰਸਮ ਤਾਂ ਉਹ ਹੀ ਅਦਾ ਕਰ ਰਿਹਾ ਸੀ। ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ 'ਤੇ ਝੂਟਾ ਲੈ ਰਹੇ ਭਾਈ ਸੁੱਖਾ-ਜਿੰਦਾ ਨੂੰ ਮਾਨੋ ਦਸਮੇਸ਼ ਪਿਤਾ ਆਪ ਲੋਰੀਆਂ ਦੇ ਰਹੇ ਸਨ।

ਜਦੋਂ ਅਸੀਂ 18ਵੀਂ ਸਦੀ ਦੇ ਸਿੰਘਾਂ ਦੀ ਬਹਾਦਰੀ ਤੇ ਆਚਰਨ ਦਾ ਹਵਾਲਾ ਦਿੰਦੇ ਹਾਂ ਤਾਂ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਆਏ ਜਰਨੈਲ-ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਦਾ ਜ਼ਿਕਰ ਕੀਤਾ ਜਾਂਦਾ ਹੈ। ਕਾਜ਼ੀ ਨੂਰ ਮੁਹੰਮਦ ਦਾ ਕਹਿਣਾ ਹੈ - "ਇਨ੍ਹਾਂ ਸਿੱਖਾਂ ਨੂੰ ਕੁੱਤੇ ਨਾ ਆਖੋ (ਕਿਉਂਕਿ ਉਹ ਪਹਿਲਾਂ ਆਪ ਹੀ ਸਿੱਖਾਂ ਲਈ ਕੁੱਤਾ, ਫ਼ਾਰਸੀ ਵਿਚ ਸੱਗ ਸ਼ਬਦ ਵਰਤ ਚੁੱਕਾ ਸੀ) ਇਹ ਤਾਂ ਅਸਲੀ ਸ਼ੇਰ ਹਨ। ਜਿਹੜਾ ਜੰਗ ਦੇ ਮੈਦਾਨ ਵਿਚ ਸ਼ੇਰ ਦੀ ਭਬਕਾਰ ਨਾਲ ਜੂਝਦਾ ਹੈ, ਉਹ ਨੂੰ ਕੁੱਤਾ ਕਿਵੇਂ ਆਖਿਆ ਜਾ ਸਕਦਾ ਹੈ ? ਉਹ ਤਲਵਾਰ ਦੇ ਯੋਧਿਓ, ਜੇ ਤੁਸੀਂ ਜੰਗ ਦੇ ਦਾਓ ਪੇਚ ਸਿੱਖਣੇ ਹਨ, ਤਲਵਾਰ ਵਾਹੁਣੀ ਸਿੱਖਣੀ ਹੈ ਤਾਂ ਇਨ੍ਹਾਂ ਤੋਂ ਸਿੱਖੋ। ਇਹ ਨਾਇਕਾਂ ਵਾਂਗ ਦੁਸ਼ਮਣ ਦਾ ਟਾਕਰਾ ਕਰਦੇ ਹਨ ਅਤੇ ਫੇਰ ਬੜੀ ਸਫ਼ਾਈ ਨਾਲ ਸੁਰੱਖਿਅਤ ਨਿਕਲ ਵੀ ਜਾਂਦੇ ਹਨ।" ਦੁਸ਼ਮਣ ਵੱਲੋਂ ਕੀਤੀ ਗਈ ਇਹ ਸਿਫ਼ਤ ਹੀ ਅਸਲ ਆਚਰਨ ਦੀ, ਭਰੋਸੇਯੋਗ ਜ਼ਾਮਨੀ ਹੁੰਦੀ ਹੈ।

20ਵੀਂ ਸਦੀ ਦੇ ਅੰਤ ਵਿਚ ਖ਼ਾਲਸਤਾਨੀ ਸੰਘਰਸ਼ ਲਈ ਸ਼ਹੀਦ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਦੀ ਸੂਰਬੀਰਤਾ, ਸਿਦਕ ਅਤੇ ਮੌਤ ਦੇ ਬੇਖ਼ੌਫ ਹੋਣ ਦੇ ਕਰੈਕਟਰ ਦਾ ਰੋਲ-ਮਾਡਲ ਭਾਈ ਜਿੰਦਾ ਤੇ ਭਾਈ ਸੁੱਖਾ ਕਹੇ ਜਾ ਸਕਦੇ ਹਨ।

ਵੇਦ ਮਰਵਾਹਾ, ਦਿੱਲੀ ਪੁਲੀਸ ਦਾ ਮੁਖੀ (ਕਮਿਸ਼ਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ, ਦਿੱਲੀ ਪੁਲੀਸ ਨੇ ਦੋ ਵਾਰ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫ਼ਤਾਰ ਕੀਤਾ ਸੀ (1985 ਤੇ ਫਿਰ 1987 ਵਿਚ) ਵੇਦ ਮਰਵਾਹਾ ਨੇ, ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ - 'ਅਨਸਿਵਲ ਵਾਰਜ਼ - ਪਥੋਲੌਜੀ ਆਫ਼ ਟੈਰਰਿਜ਼ਮ ਇਨ ਇੰਡੀਆ'। ਇਸ ਕਿਤਾਬ ਦੇ ਸਫ਼ਾ 16 'ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ- 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ'। ਇਸ ਦੀ ਲਿਖਤ ਵਿਚਲਾ ਵੇਰਵਾ, ਕਾਜ਼ੀ ਨੂਰ ਮੁਹੰਮਦ ਦੀ 18ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸ਼ਟਰ ਭਗਤੀ ਤੇ ਫ਼ਿਰਕੂਪੁਣੇ ਨਾਲ ਭਰਿਆ, ਪੰਜਾਬੀ ਹਿੰਦੂ ਮੂਲ ਦਾ ਮਰਵਾਹਾ ਲਿਖਦਾ ਹੈ - "ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜ਼ਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। .....ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸ਼ਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜ਼ਖ਼ਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ਼ ਰੱਖਦਾ ਸੀ। ਜਦੋਂ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਮੈਂ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿਚ ਐਸੇ ਅਸਾਧਾਰਣ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।"

ਵੇਦ ਮਰਵਾਹਾ ਅੱਗੋਂ ਛੋਟਾ ਸਿਰਲੇਖ ਦਿੰਦੇ ਹਨ - 'ਪਹਿਲੀ ਗ੍ਰਿਫ਼ਤਾਰੀ' ਲਿਖਤ ਅਨੁਸਾਰ -"ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲੀਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲੀਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿਚ ਵੀ ਦਿੱਲੀ ਪੁਲੀਸ ਦੀ ਦੁਰਗਤ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ

ਬਾਕੀ ਸਫ਼ਾ 32 'ਤੇ



# ਉਜਾੜੇ ਦਾ ਦੁੱਖ ਉਹੀ ਜਾਣਦੇ ਨੇ ਜਿਨ੍ਹਾਂ 'ਤੇ ਬੀਤਦੀ ਹੈ



**ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਠਹਿਰਾਉਣ ਲਈ ਛੇ ਕਰੋੜ ਜਾਰੀ ਕੀਤੇ ਹਨ। ਇਨ੍ਹਾਂ ਛੇ ਕਰੋੜ ਰੁਪਿਆਂ ਨਾਲ ਕੀ ਹੋਵੇਗਾ ? ਪੰਜਾਬ ਪਹਿਲਾਂ ਹੀ ਕੇਂਦਰ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ਾਈ ਹੈ। ਪੰਜਾਬ ਨੂੰ ਨਾ ਕਦੇ ਫ਼ਸਲਾਂ ਦਾ ਪੂਰਾ ਮੁੱਲ ਮਿਲਿਆ ਤੇ ਨਾ ਹੀ ਸੋਕੇ-ਡੋਬੇ ਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਤਬਾਹ ਹੋਈਆਂ ਫ਼ਸਲਾਂ ਦਾ ਯੋਗ ਮੁਆਵਜ਼ਾ। ਨਾ ਦਰਿਆਈ ਪਾਣੀਆਂ ਦੀ ਰਾਇਲਟੀ, ਨਾ ਚੰਡੀਗੜ੍ਹ, ਨਾ ਦਰਿਆਈ ਹੈੱਡ ਵਰਕਸ, ਨਾ ਪੰਜਾਬੀ ਬੋਲਦੇ ਇਲਾਕੇ ਅਤੇ ਨਾ ਹੀ ਸੂਬਾਈ ਖ਼ੁਦਮੁਖਤਿਆਰੀ। ਨਾ ਭਾਰਤ-ਪਾਕਿ ਲੜਾਈਆਂ ਦੇ ਉਜਾੜੇ ਤੇ ਨਾ ਦਰਿਆਈ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ।**

**ਪ੍ਰਿੰ. ਸਰਵਣ ਸਿੰਘ**

ਦਿੱਲੀ ਤੋਂ ਅਚਾਨਕ ਹੁਕਮ ਆਇਆ ਕਿ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਦਸ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਪੰਜਾਬ ਦੇ ਲਗਪਗ ਇੱਕ ਹਜ਼ਾਰ ਪਿੰਡ ਚਾਰ ਘੰਟਿਆਂ ਵਿੱਚ ਖਾਲੀ ਕਰਾ ਦਿੱਤੇ ਜਾਣ। ਸਿਰਫ਼ ਚਾਰ ਘੰਟਿਆਂ ਵਿੱਚ! ਕਿਸੇ ਨੇ ਨਹੀਂ ਪੁੱਛਿਆ ਕਿ ਕਿਉਂ ? ਕਿਸੇ ਨੇ ਨਹੀਂ ਸੋਚਿਆ ਕਿ ਚਾਰ ਘੰਟਿਆਂ ਵਿੱਚ ਕਿਵੇਂ ਖਾਲੀ ਕਰਾਵਾਂਗੇ ਏਨੇ ਪਿੰਡ ? ਹਾਕਮ ਦੇ ਹੁਕਮ ਨੂੰ ਸਤਿਬਚਨ ਕਹਿ ਕੇ ਮੰਨ ਲਿਆ ਗਿਆ। ਪੰਜਾਬ ਸਰਕਾਰ ਨੇ ਤੁਰੰਤ ਹੁਕਮ ਦੀ ਪਾਲਣਾ ਕੀਤੀ ਅਤੇ ਨਾਲ ਹੀ ਦਿੱਲੀ ਦੇ ਹਾਕਮ ਨੂੰ 'ਸਰਜੀਕਲ ਅਪਰੇਸ਼ਨ' ਕਰਨ ਦੀ ਵਧਾਈ ਵੀ ਦੇ ਦਿੱਤੀ! ਇੱਕ ਹਜ਼ਾਰ ਪਿੰਡਾਂ ਵਿਚ ਵਸਦੇ ਲੱਖਾਂ ਇਨਸਾਨਾਂ, ਲੱਖਾਂ ਪਸ਼ੂਆਂ, ਲੱਖਾਂ ਏਕੜ ਕੱਚੀਆਂ-ਪੱਕੀਆਂ ਫ਼ਸਲਾਂ ਤੇ ਅਰਬਾਂ ਖ਼ਰਬਾਂ ਦੀ ਜਾਇਦਾਦ ਨੂੰ ਚਾਰ ਘੰਟਿਆਂ ਵਿਚ ਛੱਡ ਦੇਣਾ, ਖਾਲੀ ਕਰ ਦੇਣਾ ਤੇ ਉਹ ਵੀ ਬਿਨਾਂ ਕਿਸੇ ਅਗਾਊਂ ਸੂਚਨਾ ਅਤੇ ਰਿਹਾਇਸ਼ੀ ਪ੍ਰਬੰਧ ਦੇ, ਇਸ ਤੋਂ ਵੱਡਾ ਉਜਾੜਾ ਹੋਰ ਕੀ ਹੋ ਸਕਦੈ ? ਜਿਨ੍ਹਾਂ 'ਤੇ ਬੀਤੀ ਉਸ ਦਾ ਦੁੱਖ ਉਹੀ ਜਾਣਦੇ ਹਨ, ਹਾਕਮ ਅਤੇ ਅਧਿਕਾਰੀ ਤਾਂ ਹੁਕਮ ਕਰਨ ਤੇ ਉਨ੍ਹਾਂ ਦੀ ਤਾਮੀਲ ਕਰਨ ਤਕ ਹੀ ਮਹਿਦੂਦ ਹਨ। ਅਚਾਨਕ ਕਰੋੜਾਂ ਅਰਬਾਂ ਦੀ ਪੱਕੀ ਫ਼ਸਲ ਖੇਤਾਂ ਵਿੱਚ ਛੱਡ, ਖੇਤੀਬਾੜੀ ਦੇ ਅਹਿਮ ਸੰਦ ਸੁੰਨੇ ਛੱਡ, ਭਰੇ ਘਰ-ਬਾਰ ਛੱਡ, ਜਿਨ੍ਹਾਂ ਨੂੰ ਭੱਜਣਾ ਪੈਣਾ ਸੀ, ਉਨ੍ਹਾਂ ਦਾ ਜੰਗ ਨਾਲ ਕੋਈ ਲਾਗਾ-ਦੇਗਾ ਨਹੀਂ। ਕੋਈ ਕਸੂਰ ਵੀ ਨਹੀਂ। ਭਾਰਤ-ਪਾਕਿ ਜੰਗ ਪਤਾ ਨਹੀਂ ਲੱਗਣੀ ਹੈ ਜਾਂ ਨਹੀਂ ਲੱਗਣੀ ਅਤੇ ਲੱਗਣੀ ਹੈ ਤਾਂ ਕਿਹੋ ਜਿਹੀ ? ਪਰ ਪੰਜਾਬ ਵਿਚ ਪਹਿਲਾਂ ਹੀ ਲਾ ਦਿੱਤੀ ਗਈ। ਉੜੀ ਵਿੱਚ ਦਸ-ਵੀਹ ਬੰਦੇ ਮਰਨ ਦੀ ਸਜ਼ਾ ਪੰਜਾਬ ਦੇ ਹਜ਼ਾਰਾਂ ਲੋਕਾਂ ਨੂੰ ਦੇ ਦਿੱਤੀ ਗਈ ਹੈ। ਦਿੱਲੀ ਵਾਲੇ ਬਾਘੀਆਂ ਪਾ ਰਹੇ ਹਨ। ਕੀ ਇਹ ਸੱਚਮੁੱਚ ਭਾਰਤ ਦੀ 'ਜਿੱਤ' ਹੈ ?

ਦਿੱਲੀ ਵਾਲਿਆਂ ਨੂੰ ਬਿਨਾਂ ਅਗਾਊਂ ਸੂਚਨਾ ਅਤੇ ਪ੍ਰਬੰਧ ਦੇ ਅਚਾਨਕ ਹੁਕਮ ਚਾੜ੍ਹ ਦਿੱਤਾ ਜਾਵੇ ਕਿ ਚਹੁੰ ਘੰਟਿਆਂ ਵਿੱਚ ਦਿੱਲੀ ਖਾਲੀ ਕਰ ਦਿਓ ਤਾਂ ਦਿੱਲੀ ਵਾਲੇ ਕੀ ਕਰਨਗੇ ? ਕੀ ਚਹੁੰ ਘੰਟਿਆਂ ਵਿੱਚ ਦਿੱਲੀ ਖਾਲੀ ਕਰ ਦੇਣਗੇ ? ਕੀ ਉਹ ਭਾਰਤ ਦੀ 'ਜਿੱਤ' ਦਾ ਜਸ਼ਨ ਮਨਾਉਂਦੇ ਬਾਘੀਆਂ ਪਾਉਣਗੇ ? ਹਾਲਾਂ ਕਿ ਦਿੱਲੀ ਵਾਲਿਆਂ ਕੋਲ ਨਾ ਪਸ਼ੂਆਂ, ਨਾ ਫ਼ਸਲਾਂ ਤੇ ਨਾ ਹੀ ਖੇਤੀਬਾੜੀ ਦੇ ਸੰਦਾਂ ਦਾ ਵੱਡਾ ਖਿਲਾਰਾ ਹੈ। ਉਨ੍ਹਾਂ ਕੋਲ ਘਰਾਂ ਵਿਚੋਂ ਚੁੱਕਿਆ ਜਾਣ ਵਾਲਾ ਛੋਟਾ-ਮੋਟਾ ਸਾਮਾਨ ਹੀ ਹੈ ਤੇ ਸਾਮਾਨ ਲੈ ਜਾਣ ਲਈ ਬਹੁਤਿਆਂ ਕੋਲ ਆਪਣੀਆਂ ਗੱਡੀਆਂ ਕਾਰਾਂ ਹਨ। ਸਰਹੱਦੀ ਖੇਤਰ ਵਾਲਿਆਂ ਨਾਲੋਂ ਉਹ ਸੁਖਾਲੇ ਹਨ। ਫਿਰ ਵੀ ਦਿੱਲੀ ਵਾਲੇ ਦੱਸਣ, ਕੀ ਉਹ ਚਾਰ ਘੰਟਿਆਂ ਵਿੱਚ ਦਿੱਲੀ ਖਾਲੀ ਕਰ ਦੇਣਗੇ ? ਘਰ ਛੱਡਦਿਆਂ ਉਹ ਕੀ ਮਹਿਸੂਸ ਕਰਨਗੇ ?

ਦੂਜੇ ਦੇ ਦੁੱਖ ਦਾ ਅਸਲੀ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਆਪ 'ਤੇ ਭੀੜ ਬਣੇ। ਕੀ ਸੁਰੱਖਿਅਤ ਬੈਠੇ ਭਾਰਤ ਵਾਸੀਆਂ ਨੂੰ ਘਰੋਂ ਬੇਘਰ ਹੋ ਗਏ, ਉੱਜੜ-ਪੁੱਜੜ ਗਏ ਪੰਜਾਬੀਆਂ ਉੱਤੇ ਅਚਾਨਕ ਪਾ ਦਿੱਤੀ ਗਈ ਬਿਪਤਾ ਦਾ ਕੋਈ ਅਹਿਸਾਸ ਹੈ ? ਇਹ ਮੁਸੀਬਤ ਪਾਈ ਕੀਹਨੇ ਹੈ ਤੇ ਕਾਹਦੇ ਲਈ ਪਾਈ ਹੈ ? ਕੀ ਕੋਈ ਮਾਰੂ ਨੀਤੀ ਤਾਂ ਨਹੀਂ ਲਾਗੂ ਕਰ ਰਿਹਾ ? ਜੰਗ ਦੀ ਬਲਾਅ ਪੰਜਾਬੀਆਂ ਦੇ ਗ਼ਲ ਵਾਰ ਵਾਰ ਕਿਉਂ ਪਾਈ ਜਾ ਰਹੀ ਹੈ ?

ਅੱਜ ਪੰਜਾਬ ਦੇ ਤੀਹ ਲੱਖ ਲੋਕਾਂ ਨੂੰ ਘਰ ਛੱਡ ਦੇਣ ਦਾ ਹੁਕਮ ਹੈ, ਭਲਕੇ ਅੱਧਾ ਪੰਜਾਬ ਖਾਲੀ ਕਰਨ ਦੇ ਹੁਕਮ ਆ ਸਕਦੇ ਹਨ। ਪੰਜਾਬ ਦੇ ਰਾਜਸੀ ਆਗੂਆਂ ਤੇ ਸਿਆਸੀ ਪਾਰਟੀਆਂ ਨੇ ਜੇ ਇੰਜ ਹੀ ਅੱਖਾਂ ਮੀਟੀ ਰੱਖੀਆਂ ਤਾਂ ਪੰਜਾਬ ਪੂਰਾ ਹੀ ਉੱਜੜਣ ਤੇ ਖਾਲੀ ਹੋਣ ਦਾ ਖ਼ਤਰਾ ਵੀ ਪੈਦਾ ਹੋ ਸਕਦਾ ਹੈ। ਇਹ ਤਾਂ ਲੋਕਾਂ ਦੇ ਵਿਰੋਧ ਦੀ ਕਾਰਗਰਤਾ ਹੈ ਕਿ ਹੁਕਮਾਂ ਉੱਤੇ ਅਮਲ ਮੱਠਾ ਪੈ ਗਿਆ ਹੈ ਅਤੇ ਲੋਕਾਂ ਨੂੰ ਫ਼ਸਲ ਕੱਟਣ, ਵੇਚਣ ਜਾਂ ਸਾਂਭਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਦਿੱਲੀ ਨੇ ਨਾ ਪਹਿਲਾਂ ਘੱਟ ਗੁਜ਼ਾਰੀ ਹੈ, ਨਾ ਹੁਣ ਤੇ ਨਾ ਅੱਗੋਂ ਘੱਟ ਗੁਜ਼ਾਰਨੀ ਹੈ। ਦਿੱਲੀ ਵੱਲੋਂ ਪੰਜਾਬ ਨਾਲ ਵਾਰ-ਵਾਰ ਅਨਿਆਂ ਕਰਨ ਦੇ ਫ਼ੈਸਲੇ ਮੰਨਦੇ ਆ ਰਹੇ ਪੰਜਾਬ ਦੇ ਆਗੂ, ਰਾਜ ਨੂੰ ਪਹਿਲਾਂ ਹੀ ਕੰਗਾਲ ਤੇ ਕਰਜ਼ਾਈ ਕਰ ਚੁੱਕੇ ਹਨ। ਜੇ ਉਹ ਹੁਣ ਵੀ ਨਾ ਜਾਗੇ ਤਾਂ ਪੰਜਾਬ ਦਾ ਜੋ ਕੁਝ ਵੀ ਬਚਿਆ-ਖੁਚਿਆ ਹੈ, ਉਹ ਵੀ ਬੰਨੇ ਲੱਗ ਸਕਦਾ ਹੈ। ਪਹਿਲਾਂ ਹੀ, ਹਾਕਮਾਂ ਦੀਆਂ ਗ਼ਲਤ ਨੀਤੀਆਂ ਕਾਰਨ ਪੰਜਾਬ ਦਾ ਰੇਗਿਸਤਾਨ ਬਣਨਾ ਤੈਅ ਹੈ, ਵੇਖਣਾ ਇਹੋ ਹੈ ਕਿ ਕਿੰਨੇ ਸਾਲਾਂ ਵਿਚ ਬਣਦਾ ਹੈ ?

1965 ਦੀ ਭਾਰਤ-ਪਾਕਿ ਜੰਗ ਦੌਰਾਨ ਇੱਕ ਸਮੇਂ ਦਿੱਲੀ ਤੋਂ ਹੁਕਮ ਆਇਆ ਸੀ ਕਿ ਬਿਆਸ ਤੋਂ ਪਾਰਲਾ ਇਲਾਕਾ ਖਾਲੀ ਕਰ ਦਿਓ ਪਰ ਪੰਜਾਬ ਨੂੰ ਦਿਲੋਂ ਪਿਆਰ ਕਰਨ ਵਾਲਾ ਜੰਗੇ ਮੈਦਾਨ ਵਿੱਚ ਲੜ ਰਿਹਾ ਤਤਕਾਲੀ ਜਰਨੈਲ ਹਰਬਖ਼ਸ਼ ਸਿੰਘ ਨਹੀਂ ਸੀ ਮੰਨਿਆ। ਉਸ ਨੇ ਉਹ ਇਲਾਕਾ ਬਚਾ ਲਿਆ ਗਿਆ ਸੀ। ਹੁਣ ਕਿਸੇ ਨੇ ਵੀ ਨਹੀਂ ਵਿਚਾਰਿਆ ਕਿ ਹਜ਼ਾਰ ਪਿੰਡ ਤੁਰੰਤ ਖਾਲੀ ਕਰਾਉਣੇ ਕਿਉਂ ਜ਼ਰੂਰੀ ਹੋ ਗਏ ?

ਭਾਰਤੀ ਫ਼ੌਜ ਦੀ ਦਹਿਸ਼ਤੀ ਠਿਕਾਣਿਆਂ ਖ਼ਿਲਾਫ਼ ਕਾਰਵਾਈ 'ਤੇ ਕੁਛ ਲੋਕ ਕੱਛਾਂ ਵਜਾਉਂਦੇ ਰਹੇ। ਖ਼ੁਸ਼ੀ ਵਿਚ ਨੱਚਦੇ ਰਹੇ ਤੇ ਪਟਾਕੇ ਚਲਾਉਂਦੇ ਰਹੇ। ਮੀਡੀਆ ਦਾ ਇਕ ਹਿੱਸਾ ਹੁਣ ਵੀ ਅੱਗ ਉਗਲੀ ਜਾ ਰਿਹੈ। ਉਹ ਜੰਗ ਨੂੰ ਖੇਡ ਸਮਝ ਰਿਹਾ ਹੈ। ਪਤਾ ਉਦੋਂ ਲੱਗੇਗਾ ਜਦੋਂ ਆਪਣੇ ਸਿਰਾਂ 'ਤੇ ਬੀਤੀ। ਪੁੱਛੋ ਵਿਚਾਰੇ ਬਿਪਤਾ ਦੇ ਮਾਰਿਆਂ ਨੂੰ ਜਿਨ੍ਹਾਂ ਉੱਤੇ ਅਚਾਨਕ ਮੁਸੀਬਤਾਂ ਦੇ ਪਹਾੜ ਢਾਹ ਦਿੱਤੇ ਗਏ ਹਨ। ਸਕੂਲ ਬੰਦ ਕਰ ਦਿੱਤੇ ਗਏ, ਵਿਕਾਸ ਦੇ ਕੰਮ ਠੱਪ ਹੋ ਗਏ, ਹਨੇਰੇ ਵਿਚ ਕੋਈ ਚਾਨਣ ਨਹੀਂ ਕਰ ਸਕਦਾ। ਬਿਪਤਾ ਇੱਕ ਨਹੀਂ ਹਜ਼ਾਰਾਂ ਹਨ। ਉਹ ਉੱਜੜਣ ਵਾਲਿਆਂ ਨੂੰ ਹੀ ਪਤਾ ਹਨ, ਵਸਦਿਆਂ ਨੂੰ ਉਨ੍ਹਾਂ ਦਾ ਅਹਿਸਾਸ ਨਹੀਂ। ਮੈਂ ਇਹ ਪੀੜਾਂ 1965 ਦੀ ਲੜਾਈ ਵਿਚ ਹੱਡੀਂ ਹੰਢਾਈਆਂ ਸਨ। ਉਹ ਕੁਲਹਿਣੀਆਂ ਘੜੀਆਂ ਕਿਸੇ 'ਤੇ ਵੀ ਨਾ ਆਉਣ।

ਦਿੱਲੀ ਦੇ ਹਾਕਮਾਂ ਨੇ ਇੱਕ ਹਜ਼ਾਰ ਪਿੰਡ ਖਾਲੀ ਕਰਾਉਣ ਦਾ ਫ਼ੁਰਮਾਨ ਜਾਰੀ ਕਰਨ ਤੋਂ ਪਹਿਲਾਂ ਲੱਖਾਂ ਲੋਕਾਂ ਦੇ ਸੁਰੱਖਿਅਤ ਥਾਂ ਠਹਿਰਾਉਣ ਦਾ ਕੀ ਉਪਾਅ ਕੀਤਾ ? ਇੱਕ ਵਾਰ ਪੁੱਟੇ ਗਏ ਲੋਕਾਂ ਦੇ ਮੁੜ-ਵਸੇਬੇ ਜਾਂ ਵਾਪਸੀ ਕਰਨ ਲਈ ਕੇਂਦਰ ਸਰਕਾਰ ਕਿਹੋ ਜਿਹੀ ਰਾਹਤ ਦੇਵੇਗੀ ? ਉਨ੍ਹਾਂ ਵੱਲੋਂ ਹੱਡੀਂ ਹੰਢਾਏ ਦੁੱਖੜਿਆਂ ਦਾ ਕੀ ਇਲਾਜ ਹੋਵੇਗਾ ? ਏਨੀ ਕੀਮਤ ਤਾਰਨ ਦੀ ਜ਼ਿੰਮੇਵਾਰੀ ਕੀਹਦੇ ਸਿਰ ਪਾਈ ਜਾਵੇਗੀ ? ਕੀ ਕਦੇ ਪੁਣ-ਛਾਣ ਹੋਵੇਗੀ ਕਿ ਕੀਹਨੇ ਅਮਨ-ਅਮਾਨ ਚਾਹੁੰਦੇ ਲੱਖਾਂ ਲੋਕਾਂ ਨੂੰ ਬਲ਼ਦੀ ਦੇ ਬੂਥੇ ਦਿੱਤਾ ? ਕੌਣ ਹੈ ਅੱਗ ਲਾਉਣ ਵਾਲਾ ? ਜਦੋਂ ਪਤਾ ਹੀ ਹੈ ਕਿ ਚੱਕਰ ਪਾਉਣ ਲੱਗੇ ਹੋ ਤਾਂ ਘੁੱਗ ਵਸਦੇ ਲੋਕਾਂ ਨੂੰ ਘਰੋਂ ਬੇਘਰ ਕਰਨ ਦੀ ਥਾਂ ਉਨ੍ਹਾਂ ਦੀ ਰਾਖੀ ਲਈ ਤੁਰੰਤ ਫ਼ੌਜ ਲਾਉਣੀ ਬਣਦੀ ਸੀ। ਫ਼ੌਜਾਂ ਹੁੰਦੀਆਂ ਕਾਹਦੇ ਲਈ ਹਨ ? ਤਕੜੇ ਹੋ ਕੇ ਸਰਹੱਦ ਦੀ ਰਾਖੀ ਕਰਨੀ ਬਣਦੀ ਸੀ ਨਾ ਕਿ ਵਸਦੇ-ਰਸਦੇ ਲੋਕਾਂ ਨੂੰ ਉਜਾੜਣ ਦੀ ਮਜਬੂਰੀ। ਜੇ ਕਦੇ ਲੋਕਾਂ ਨੂੰ ਉਜਾੜਣ ਦੀ ਮਜਬੂਰੀ ਆ ਹੀ ਬਣੇ ਤਾਂ ਸਰਕਾਰਾਂ ਉਨ੍ਹਾਂ ਦੀਆਂ ਠਾਹਰਾਂ ਦਾ ਪਹਿਲਾਂ ਪ੍ਰਬੰਧ ਕਰਨ। ਪਰ ਸਰਕਾਰ ਵੱਲੋਂ ਕੀਤੇ ਗਏ ਪ੍ਰਬੰਧ ਹਾਲੇ ਵੀ ਕਿਤੇ ਨਹੀਂ ਦਿਸ ਰਹੇ। ਉਜੜਣ ਵਾਲੇ ਲੋਕਾਂ ਨੇ ਜਾਂ ਤਾਂ ਆਪਣੇ ਰਿਸ਼ਤੇਦਾਰਾਂ ਕੋਲ ਅਤੇ ਜਾਂ ਗੁਰਦੁਆਰਿਆਂ ਵਿੱਚ ਜਾ ਕੇ ਪਨਾਹ ਲਈ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਠਹਿਰਾਉਣ ਲਈ ਛੇ ਕਰੋੜ ਜਾਰੀ ਕੀਤੇ ਹਨ। ਇਨ੍ਹਾਂ ਛੇ ਕਰੋੜ ਰੁਪਿਆਂ ਨਾਲ ਕੀ ਹੋਵੇਗਾ ? ਪੰਜਾਬ ਪਹਿਲਾਂ ਹੀ ਕੇਂਦਰ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ਾਈ ਹੈ। ਪੰਜਾਬ ਨੂੰ ਨਾ ਕਦੇ ਫ਼ਸਲਾਂ ਦਾ ਪੂਰਾ ਮੁੱਲ ਮਿਲਿਆ ਤੇ ਨਾ ਹੀ ਸੋਕੇ-ਡੋਬੇ ਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਤਬਾਹ ਹੋਈਆਂ ਫ਼ਸਲਾਂ ਦਾ ਯੋਗ ਮੁਆਵਜ਼ਾ। ਨਾ ਦਰਿਆਈ ਪਾਣੀਆਂ ਦੀ ਰਾਇਲਟੀ, ਨਾ ਚੰਡੀਗੜ੍ਹ, ਨਾ ਦਰਿਆਈ ਹੈੱਡ ਵਰਕਸ, ਨਾ ਪੰਜਾਬੀ ਬੋਲਦੇ ਇਲਾਕੇ ਅਤੇ ਨਾ ਹੀ ਸੂਬਾਈ ਖ਼ੁਦਮੁਖਤਿਆਰੀ। ਨਾ ਭਾਰਤ-ਪਾਕਿ ਲੜਾਈਆਂ ਦੇ ਉਜਾੜੇ ਤੇ ਨਾ ਦਰਿਆਈ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ। ਕੀ ਕੇਂਦਰ ਸਰਕਾਰ ਦੀਆਂ ਗ਼ਲਤ ਨੀਤੀਆਂ ਨਾਲ ਕੰਗਾਲ ਹੋਏ ਪੰਜਾਬ ਦੀ ਮਦਦ ਲਈ ਮੋਦੀ ਸਰਕਾਰ ਬਹੁੜੇਗੀ ?

ਸਭ ਨੂੰ ਪਤਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਆਮ ਲੋਕ ਜੰਗ ਬਿਲਕੁਲ ਨਹੀਂ ਚਾਹੁੰਦੇ। ਜੰਗ ਕਿਸੇ ਮਸਲੇ ਦਾ ਹੱਲ ਵੀ ਨਹੀਂ। ਵੱਡੀਆਂ ਤੋਂ ਵੱਡੀਆਂ ਜੰਗਾਂ ਪਿੱਛੋਂ ਵੀ ਮਸਲੇ ਮੇਜ਼ 'ਤੇ ਗੱਲਬਾਤ ਨਾਲ ਹੀ ਹੱਲ ਹੋਏ ਹਨ। ਹੁਣ ਜਿਹੋ-ਜਿਹਾ ਉਜਾੜਾ ਭਾਰਤੀ ਪੰਜਾਬ ਦੇ ਲੋਕਾਂ ਦਾ ਏਧਰ ਹੋ ਰਿਹਾ ਹੈ, ਉਹੋ ਜਿਹਾ ਉਜਾੜਾ ਹੀ ਪਾਕਿਸਤਾਨੀ ਪੰਜਾਬ ਦੇ ਲੋਕਾਂ ਦਾ ਓਧਰ ਹੋ ਰਿਹਾ ਹੈ। ਜੰਗੀ ਹਥਿਆਰ ਵੇਚਣ ਵਾਲੇ ਸੁਦਾਗਰਾਂ ਅਤੇ ਧੌਂਸ ਜਮਾਉਣ ਵਾਲੇ ਜ਼ੋਰਾਵਰ ਮੁਲਕਾਂ ਸਮੇਤ ਉਨ੍ਹਾਂ ਹਾਕਮਾਂ ਨੂੰ ਵੀ ਇਹ ਸਭ ਕੁਝ ਰਾਸ ਆਉਂਦਾ ਹੈ ਜਿਹੜੇ ਆਪਣੇ ਦੇਸ਼ ਦੇ ਲੋਕਾਂ ਦਾ ਜੀਵਨ ਸੁਆਰਨ ਦੀ ਥਾਂ ਉਨ੍ਹਾਂ ਦਾ ਧਿਆਨ ਲੋਕ ਹਿਤੈਸ਼ੀ ਮੁੱਦਿਆਂ ਵੱਲੋਂ ਮੋੜਦੇ ਹਨ ਅਤੇ ਲੋਕਾਂ ਨੂੰ ਜੰਗ ਦੀ ਭੱਠੀ ਦਾ ਬਾਲਣ ਬਣਾਉਂਦੇ ਹਨ। ਇਹ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ 'ਤੇ ਨਿਰਭਰ ਕਰਦਾ ਹੈ ਕਿ ਆਪਸੀ ਮਸਲੇ ਜੰਗ ਤੋਂ ਬਿਨਾਂ ਹੱਲ ਕਰ ਲੈਣ ਜਾਂ ਜੰਗ ਵਿਚ ਲੜ ਮਰ ਕੇ। ਜੰਗ ਦੀ ਅੱਗ ਅੰਨ੍ਹੀ, ਪਾਗ਼ਲ ਤੇ ਮੂੰਹਜ਼ੋਰ ਹੁੰਦੀ ਹੈ। ਦਹਿਕਦੀ ਅੱਗ ਦਾ ਪਤਾ ਨਹੀਂ, ਉਹ ਕਦੋਂ ਅੱਗ ਲਾਉਣ ਵਾਲਿਆਂ ਵੱਲ ਹੀ ਮੂੰਹ ਕਰ ਲਵੇ।

## ਬਾਦਲ ਨੇ ਰਾਹਤ ਕੈਂਪ ਦੀ ਥਾਂ ਵੱਖਰੇ ਟੈਂਟ 'ਚ ਵੀਹ ਕੁ ਬੰਦਿਆਂ ਨੂੰ ਸੱਦ ਕੇ ਸੁਣੀਆਂ ਮੁਸ਼ਕਲਾਂ

**ਲੋਕਾਂ ਨੇ ਕੀਤਾ ਸਖ਼ਤ ਇਤਰਾਜ਼**

**ਪਠਾਨਕੋਟ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਥੇ ਬਾਰਠ ਸਾਹਿਬ ਦੇ ਰਾਹਤ ਕੈਂਪ ਦਾ ਕੀਤਾ ਗਿਆ ਦੌਰਾ ਵੀ ਆਪਣਾ ਘਰ-ਬਾਰ ਛੱਡਣ ਲਈ ਮਜਬੂਰ ਹੋਏ ਸਰਹੱਦੀ ਪਿੰਡਾਂ ਦੇ ਲੋਕਾਂ ਦੇ ਦੁੱਖ-ਦਰਦ ਨਾ ਘਟਾ ਸਕਿਆ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੂੰ ਰਾਹਤ ਕੈਂਪ ਵਿੱਚ ਨਾ ਲਿਜਾਇਆ ਗਿਆ ਅਤੇ ਇੱਕ ਟੈਂਟ ਵਿੱਚ ਕੁਰਸੀਆਂ ਲਗਾ ਕੇ ਉਥੇ 15-20 ਔਰਤਾਂ ਤੇ ਮਰਦਾਂ ਨੂੰ ਬਿਠਾ ਕੇ ਉਥੇ ਹੀ ਸ੍ਰੀ ਬਾਦਲ ਨਾਲ ਉਨ੍ਹਾਂ ਨੂੰ ਮਿਲਵਾ ਦਿੱਤਾ ਗਿਆ। ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਕੌਮਾਂਤਰੀ ਸਰਹੱਦ ਉੱਪਰ ਤਣਾਅ ਦੇ ਬਾਵਜੂਦ ਜ਼ੀਰੋ ਲਾਈਨ ਨਾਲ ਰਹਿੰਦੇ ਪਿੰਡਾਂ ਦੇ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦੀ ਸੰਭਾਲ ਲਈ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਸ੍ਰੀ ਬਾਦਲ ਦੇ ਚਲੇ ਜਾਣ ਬਾਅਦ ਰਾਹਤ ਕੈਂਪ ਵਿੱਚ ਬੈਠੇ ਲੋਕਾਂ ਨੇ ਇਸ 'ਤੇ ਸਖ਼ਤ ਰੋਸ ਜ਼ਾਹਰ ਕੀਤਾ। ਕੋਟਲੀ ਜਵਾਹਰ ਦੇ ਉਤਮ ਚੰਦ ਦਾ ਕਹਿਣਾ ਸੀ ਕਿ ਸ੍ਰੀ ਬਾਦਲ ਐਡੀ ਦੂਰੋਂ ਉਨ੍ਹਾਂ ਨੂੰ ਹੌਸਲਾ ਦੇਣ ਆ ਕੇ ਵੀ ਰਾਹਤ ਕੈਂਪ ਵਿੱਚ ਨਹੀਂ ਪੁੱਜੇ। ਉਨ੍ਹਾਂ ਦਾ ਕਹਿਣਾ ਸੀ ਕਿ ਪੁਲੀਸ ਵਾਲਿਆਂ ਨੇ ਸਿਰਫ ਚੰਦ ਕੁ ਲੋਕਾਂ ਨੂੰ ਹੀ ਟੈਂਟ



ਵਿਚ ਬਿਠਾਇਆ ਜਦ ਕਿ ਬਾਕੀਆਂ ਨੂੰ ਨੇੜੇ ਵੀ ਨਾ ਫਟਕਣ ਦਿੱਤਾ। ਖੋਜਕੀ ਚੱਕ ਦੀ ਵਿਧਵਾ ਰਾਜਵਿੰਦਰ ਕੌਰ, ਪਲਾਹ ਪਿੰਡ ਦੀ ਸੁਮਨ, ਦਲੀਪ ਕੌਰ, ਬਾੜਵਾਂ ਪਿੰਡ ਦੀ ਰਾਣੀ ਦੇਵੀ, ਕੋਟਲੀ ਜਵਾਹਰ ਦੀ ਬਬਲੀ ਦੇਵੀ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ। ਸ੍ਰੀ ਬਾਦਲ ਨੇ ਕਿਹਾ, "ਜਦ ਅਫ਼ਸਰਾਂ ਨੇ ਮੇਰੇ ਧਿਆਨ ਵਿਚ ਲਿਆਂਦਾ ਕਿ ਕੰਡਿਆਲੀ ਤਾਰ ਤੋਂ ਪਾਰਲੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਬੀਐਸਐਫ ਵਾਲੇ ਉੱਧਰ ਨਹੀਂ ਜਾਣ ਦੇ ਰਹੇ, ਤਾਂ ਮੈਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਫੋਨ 'ਤੇ ਰਾਬਤਾ ਕੀਤਾ। ਉਨ੍ਹਾਂ ਤੁਰੰਤ ਬੀਐਸਐਫ ਅਧਿਕਾਰੀਆਂ ਨੂੰ ਇਸ ਬਾਰੇ ਹੁਕਮ ਦਿੱਤੇ। ਮੈਂ ਵੀ ਬੀਐਸਐਫ ਦੇ ਸੀਨੀਅਰ ਅਧਿਕਾਰੀ ਨਾਲ ਸੰਪਰਕ ਕੀਤਾ ਤਾਂ ਉਸ ਨੇ ਪੁਸ਼ਟੀ ਕੀਤੀ ਕਿ ਕਿਸੇ ਕਿਸਾਨ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ।" ਇਸ ਮੌਕੇ ਹਲਕਾ ਵਿਧਾਇਕਾ ਸੀਮਾ ਕੁਮਾਰੀ ਨੇ ਵੀ ਸਰਹੱਦੀ ਲੋਕਾਂ ਦੀਆਂ ਮੁਸ਼ਕਲਾਂ ਦੱਸੀਆਂ ਤੇ ਕਿਹਾ ਕਿ ਰਾਹਤ ਕੈਂਪਾਂ ਵਿੱਚ ਪੁੱਜੇ ਲੋਕਾਂ ਦੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਤ ਹੋ ਰਹੀ ਹੈ। ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਤੇ ਪਠਾਨਕੋਟ ਦੇ ਵਿਧਾਇਕ ਅਸ਼ਵਨੀ ਸ਼ਰਮਾ ਤੇ ਸਾਬਕਾ ਮੰਤਰੀ ਜੱਥੇਦਾਰ ਸੁੱਚਾ ਸਿੰਘ ਲੰਗਾਹ ਨੇ ਵੀ ਇਸ ਮੌਕੇ ਸੰਬੋਧਨ ਕੀਤਾ। ਇਸੇ ਸਾਲ ਪਠਾਨਕੋਟ ਏਅਰਬੇਸ 'ਤੇ ਹਮਲਾ ਕਰਨ ਵਾਲੇ ਅਤਿਵਾਦੀਆਂ ਹੱਥੋਂ ਕਤਲ ਹੋਏ ਟੈਕਸੀ ਡਰਾਈਵਰ ਇਕਾਗਰ ਸਿੰਘ ਵਾਸੀ ਭਗਵਾਲ ਦੀ ਮਾਤਾ ਸੁਰਜੀਤ ਕੌਰ ਨੇ ਸ੍ਰੀ ਬਾਦਲ ਨੂੰ ਦੱਸਿਆ ਕਿ ਉਸ ਦੇ ਬੇਟੇ ਦੀ ਸ਼ਹਾਦਤ ਸਮੇਂ ਜੋ ਸਰਕਾਰ ਨੇ ਐਲਾਨ ਕੀਤੇ ਸਨ, ਉਹ ਅਜੇ ਪੂਰੇ ਨਹੀਂ ਹੋਏ ਅਤੇ 10 ਮਹੀਨੇ ਤੋਂ ਉਸ ਨੂੰ ਦਫਤਰਾਂ ਵਿਚ ਧੱਕੇ ਖਾਣੇ ਪੈ ਰਹੇ ਹਨ। ਭਗਵਾਲ ਪਿੰਡ ਦੀ ਇੱਕ ਹੋਰ ਔਰਤ ਕੁਲਜੀਤ ਕੌਰ ਨੇ ਆਪਣੇ ਦੋ ਬੇਰੁਜ਼ਗਾਰ ਪੁੱਤਰਾਂ ਲਈ ਰੁਜ਼ਗਾਰ ਦੀ ਮੰਗ ਕੀਤੀ।

# ਯੂ.ਐੱਸ. ਸੈਨੇਟ ਲਈ ਉਮੀਦਵਾਰ ਕਮਲਾ ਹੈਰਿਸ ਦੇ ਹੱਕ ਵਿੱਚ ਸਿੱਖ ਭਾਈਚਾਰੇ ਵਲੋਂ ਡਾ. ਪ੍ਰਿਤਪਾਲ ਸਿੰਘ ਦੇ ਗ੍ਰਿਹ ਵਿਖੇ 29 ਸਤੰਬਰ ਨੂੰ ਕੀਤੇ ਗਏ ਫੰਡ ਰੇਜ਼ਿੰਗ ਪ੍ਰੋਗਰਾਮ ਦੀਆਂ ਕੁਝ ਯਾਦਗਾਰੀ ਤਸਵੀਰਾਂ































ਫੋਟੋਕਾਰ : ਰਾਜ ਬਡਵਾਲ



# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

## ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆੱਫ ਯੂ.ਐਸ.ਏ. ਵੱਲੋਂ

# ਇੰਟਰਨੈਸ਼ਨਲ ਕਬੱਡੀ ਕੱਪ 2016

Sikh Temple, 7676 Bradshaw Road, Sacramento, 95829 ਵਿਖੇ

## ੯ ਅਕਤੂਬਰ ਦਿਨ ਐਤਵਾਰ

### ਸਹਿਯੋਗੀ ਸੱਜਣ





# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

## ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆੱਫ ਯੂ.ਐਸ.ਏ. ਵੱਲੋਂ

# ਇੰਟਰਨੈਸ਼ਨਲ ਕਬੱਡੀ ਕੱਪ 2016

Sikh Temple, 7676 Bradshaw Road, Sacramento, 95829 ਵਿਖੇ

## 9 ਅਕਤੂਬਰ ਦਿਨ ਐਤਵਾਰ

### ਸਹਿਯੋਗੀ ਸੱਜਣ



ਸੰਨੀ ਲੀਜੈਂਡ ਟਰਾਂਸਪੋਰਟ, ਯੂਬਾਸਿਟੀ

# ਰਟਸ ਅਕੈਡਮੀ ਸੈਕਰਾਮੈਂਟੋ

## ਸ਼ਨ ਆੱਫ ਯੂ .ਐਸ .ਏ . ਵੱਲੋਂ

# ਬੱਡੀ ਕੱਪ 2016

## ਬਰਾਡਸ਼ਾਅ ਰੋਡ

## 5829 ਦੀਆਂ ਖੇਡ ਗਰਾਊਂਡਾਂ ਵਿਚ



ਕਬੱਡੀ ਖਿਡਾਰੀ ਸੰਦੀਪ ਸੁਰਖਪੁਰੀਏ ਦਾ ਸਨਮਾਨ ਕੀਤਾ ਜਾਵੇਗਾ।

ਇਕਬਾਲ ਗਿੱਲ ਕੁਮੈਂਟੇਟਰ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।

CHICAGO'S PIZZA With-A-Twist Home of the Authentic Indian Pizza

ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।

ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਦਿਨ ਐਤਵਾਰ

### ਕੁਮੈਂਟਰੀ










## ਹੋਰ ਵੇਰਵੇ ਲਈ ਸੰਪਰਕ ਕਰੋ






# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਟੂਰਨਾਮੈਂਟ 29 ਤੇ 30 ਅਕਤੂਬਰ ਨੂੰ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਫਰਿਜ਼ਨੋ ਨੇੜਲੇ ਸ਼ਹਿਰ ਸਨਵਾਕੀਨ ਅਤੇ ਕਰਮਨ ਦੇ ਸਮੂਹ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਕਰਮਨ ਵਿਖੇ ਹੋਈ ਜਿਸ ਦੌਰਾਨ ਸਾਲਾਨਾ ਟੂਰਨਾਮੈਂਟ ਦੀ ਮਿਤੀ 29 ਅਤੇ 30 ਅਕਤੂਬਰ ਮਿੱਥੀ ਗਈ। ਇਹ ਟੂਰਨਾਮੈਂਟ ਸਨਵਾਕੀਨ ਸ਼ਹਿਰ ਦੇ ਸਕੂਲ ਦੇ ਮੈਦਾਨਾਂ ਵਿੱਚ ਹੋਵੇਗਾ ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ। ਇਸ ਅਨੁਸਾਰ 29 ਅਕਤੂਬਰ ਸ਼ਨੀਵਾਰ ਨੂੰ ਬੱਚਿਆਂ ਦੀ ਬਾਸਕਟ ਬਾਲ, ਵਾਲੀਬਾਲ, ਸ਼ਾਕਰ, ਕੁਸ਼ਤੀਆਂ, ਭਾਰ ਚੁੱਕਣ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਰਵਾਇਤੀ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਪਰਿਵਾਰਕ ਪਿਕਨਿਕ ਵੀ ਹੋਵੇਗੀ। ਇਸ ਦੌਰਾਨ ਬੱਚਿਆਂ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾਂ,



ਮੀਟਿੰਗ ਉਪਰੰਤ ਫੋਟੋ ਕਰਵਾਉਂਦੇ ਮੁੱਖ ਮੈਂਬਰ

ਲੋਕ ਬੋਲੀਆਂ-ਗੀਤ ਮੁਕਾਬਲਾ ਅਤੇ ਗਿੱਧਾ-ਭੰਗੜਾ ਵੀ ਦੇਖਣ ਯੋਗ ਹੋਵੇਗਾ। ਇਸ ਦੇ ਦੂਸਰੇ ਦਿਨ 30 ਅਕਤੂਬਰ ਦਿਨ ਐਤਵਾਰ ਨੂੰ ਪ੍ਰਮੁੱਖ ਤੌਰ 'ਤੇ ਬਾਕੀ ਖੇਡਾਂ ਤੋਂ ਇਲਾਵਾ ਉਪਨ ਕਬੱਡੀ ਅਤੇ ਅੰਡਰ 21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਹੋਵੇਗੀ। ਇਨ੍ਹਾਂ ਮੈਚਾਂ ਵਿੱਚ ਕੋਈ ਵੀ ਟੀਮ ਹਿੱਸਾ ਲੈ ਸਕਦੀ ਹੈ। ਪਰ ਪ੍ਰਬੰਧਕਾਂ ਦੇ ਬਣਾਏ ਨਿਯਮਾਂ ਮੁਤਾਬਕ ਖਿਡਾਰੀ ਕਾਨੂੰਨੀ ਤੌਰ 'ਤੇ ਅਮਰੀਕਾ ਦੇ ਵਸਨੀਕ ਹੋਣੇ ਚਾਹੀਦੇ ਹਨ। ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਟੀਮਾਂ ਦੀ ਐਂਟਰੀ ਦੋ ਹਫਤੇ ਪਹਿਲਾਂ ਹੋਣੀ ਜ਼ਰੂਰੀ ਹੈ। ਇਨ੍ਹਾਂ ਖੇਡਾਂ ਵਿੱਚ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਗੱਡੀਆਂ ਲਈ ਮੁਫ਼ਤ ਪਾਰਕਿੰਗ ਅਤੇ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਹੋਣਗੇ। ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਗੁਰੂ ਦਾ ਲੰਗਰ ਦੋਵੇਂ ਦਿਨ ਅਤੁੱਟ ਵਰਤੇਗਾ। ਪ੍ਰਬੰਧਕਾ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਦੋਵੇਂ ਦਿਨ ਹਾਜ਼ਰੀਆਂ ਭਰਨ ਅਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਹੈ।






## ਸੀ.ਬੀ.ਆਈ. ਨੇ ਲਾਇਆ ਦੋਸ਼

## ਪਟੀਸ਼ਨ ਰਾਹੀਂ ਅਦਾਲਤ ਨੂੰ ਧਮਕਾ ਰਿਹੈ ਸੱਜਣ ਕੁਮਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਕਾਂਗਰਸ ਨੇਤਾ ਸੱਜਣ ਕੁਮਾਰ ਦੀ ਪਟੀਸ਼ਨ ਅਦਾਲਤ ਦੀ ਕਾਰਵਾਈ ਵਿਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਹੈ। ਸੀਬੀਆਈ ਮੁਤਾਬਕ ਸੱਜਣ ਕੁਮਾਰ ਹੇਠਲੀ ਅਦਾਲਤ ਦੁਆਰਾ ਉਸ ਨੂੰ ਬਰੀ ਕਰਨ ਵਿਰੁੱਧ ਅਪੀਲ 'ਤੇ ਸੁਣਵਾਈ ਕਰਨ ਵਾਲੇ ਇਕ ਜੱਜ 'ਤੇ ਦੋਸ਼ ਲਾ ਕੇ ਅਦਾਲਤ ਨੂੰ ਧਮਕਾ ਰਹੇ ਹਨ ਜਦਕਿ ਸਾਲ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦੀ ਉਡੀਕ ਹੈ। ਕੁਮਾਰ ਨੇ ਇਕ ਅਰਜ਼ੀ ਵਿਚ ਅਪੀਲ 'ਤੇ ਸੁਣਵਾਈ ਕਰ ਰਹੇ ਬੈਂਚ ਵਿਚ ਸ਼ਾਮਲ ਜੱਜ ਪੀ.ਐਸ. ਤੇਜੀ ਦੁਆਰਾ ਭੇਦਭਾਵ ਦਾ ਦੋਸ਼ ਲਾਉਂਦਿਆਂ ਇਸ ਮਾਮਲੇ ਨੂੰ ਤਬਦੀਲ ਕਰਨ ਦੀ ਮੰਗ ਕੀਤੀ ਸੀ। ਇਸ ਪਟੀਸ਼ਨ 'ਤੇ ਜਵਾਬ ਦਿੰਦਿਆਂ ਸੀਬੀਆਈ ਨੇ ਕਿਹਾ ਕਿ ਇਹ ਰੁਕਾਵਟ ਪੈਦਾ ਕਰਨ, ਕਾਰਵਾਈ ਵਿਚ ਦੇਰੀ ਕਰਨ ਅਤੇ ਨਿਆਂ ਦੀ ਰਫ਼ਤਾਰ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਹੈ। ਸੀਬੀਆਈ ਨੇ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਪੀ.ਐਸ. ਤੇਜੀ ਦੇ ਬੈਂਚ ਸਾਹਮਣੇ ਕੁਮਾਰ ਦੀ ਪਟੀਸ਼ਨ ਦਾ ਜਵਾਬ ਦਿੰਦਿਆਂ ਕਿਹਾ, "ਸਾਲ 2010 ਵਿਚ ਜਦ ਇਸ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ ਤਾਂ 26 ਸਾਲ ਦੀ ਦੇਰੀ ਪਹਿਲਾਂ ਹੀ ਹੋ ਚੁੱਕੀ ਸੀ। ਹੁਣ 30 ਸਾਲਾਂ ਤੋਂ ਵੱਧ ਸਮਾਂ ਬੀਤ ਚੁਕਿਆ ਹੈ, ਮਾਮਲੇ ਦਾ ਪੂਰੀ ਤਰ੍ਹਾਂ ਨਾਲ ਨਿਪਟਾਰਾ ਨਹੀਂ ਕੀਤਾ ਗਿਆ ਅਤੇ ਪੀੜਤਾਂ ਨੂੰ ਹੁਣ ਵੀ ਨਿਆਂ ਦੀ ਉਡੀਕ ਹੈ।"

ਵਕੀਲ ਡੀ.ਪੀ. ਸਿੰਘ ਨੇ ਦਾਇਰ ਜਵਾਬ ਵਿਚ ਕਿਹਾ ਕਿ ਸੁਣਵਾਈ ਹਰ ਰੋਜ਼ ਸ਼ੁਰੂ ਹੋਈ ਸੀ, ਫ਼ੈਸਲੇ ਤਕ ਪਹੁੰਚਣ ਵਿਚ ਤਿੰਨ ਸਾਲ ਦਾ ਸਮਾਂ ਲੱਗ ਗਿਆ। ਫ਼ੈਸਲੇ ਤੋਂ ਬਾਅਦ ਵੀ ਤਿੰਨ ਸਾਲ ਲੰਘ ਚੁੱਕੇ ਹਨ ਅਤੇ ਕਤਲੇਆਮ ਪੀੜਤਾਂ ਨੂੰ ਅਜੇ ਵੀ ਨਿਆਂ ਦੀ ਉਡੀਕ ਹੈ। ਕਿਹਾ ਗਿਆ ਹੈ ਕਿ ਇਸ ਅਰਜ਼ੀ ਰਾਹੀਂ ਕੁਮਾਰ ਇਹ ਕਹਿ ਕੇ ਨਿਆਂ ਪ੍ਰਣਾਲੀ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਸ ਮਾਮਲੇ ਵਿਚ ਦੇਰੀ ਕਾਰਨ ਉਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਕਤਲੇਆਮ ਦੌਰਾਨ ਦਿੱਲੀ ਛਾਉਣੀ ਖੇਤਰ ਵਿਚ ਭੀੜ ਦੁਆਰਾ ਪੰਜ ਸਿੱਖਾਂ ਨੂੰ ਮਾਰਨ ਨਾਲ ਜੁੜੇ ਮਾਮਲੇ ਵਿਚ ਸਾਲ 2013 ਵਿਚ ਹੇਠਲੀ ਅਦਾਲਤ ਨੇ ਕੁਮਾਰ ਨੂੰ ਬਰੀ ਕਰ ਦਿਤਾ ਸੀ। ਕੁਮਾਰ ਨੇ ਅਪਣੀ ਪਟੀਸ਼ਨ ਵਿਚ ਦਾਅਵਾ ਕੀਤਾ ਕਿ ਮਾਮਲਾ ਹਾਈ ਕੋਰਟ ਦੇ ਕਿਸੇ ਹੋਰ ਬੈਂਚ ਕੋਲ ਤਬਦੀਲ ਕੀਤਾ ਜਾਵੇ। ਕਿਉਂਕਿ ਜਸਟਿਸ ਤੇਜੀ ਨੇ ਹੇਠਲੀ ਅਦਾਲਤ ਦੇ ਜੱਜ ਦੇ ਰੂਪ ਵਿਚ ਵੀ ਇਸ ਮਾਮਲੇ ਵਿਚ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕੀਤੀ ਸੀ। ਅਦਾਲਤ ਨੇ ਇਸ ਮਾਮਲੇ ਵਿਚ ਅਗਲੀ ਸੁਣਵਾਈ ਲਈ 17 ਅਕਤੂਬਰ ਦੀ ਤਰੀਕ ਤੈਅ ਕੀਤੀ ਹੈ।

# ਭਾਰਤ ਦੀ ਜੰਗੇ ਆਜ਼ਾਦੀ ਵਿੱਚ ਜਾਨਾਂ ਵਾਰਨ ਵਾਲੇ ਗ਼ਦਰੀਆਂ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ

## ਖੂਬ ਭਰਿਆ ਇੰਡੋ-ਅਮਰੀਕਨ ਆਰਗੇਨਾਈਜ਼ੇਸ਼ਨ ਦਾ ਗਦਰੀ ਬਾਬਿਆਂ ਦਾ ਮੇਲਾ








ਸੈਕਰਾਮੈਂਟੋ/ਬਿਊਰੋ ਨਿਊਜ਼:
ਇੰਡੋ-ਅਮਰੀਕਨ ਆਰਗੇਨਾਈਜ਼ੇਸ਼ਨ ਵਲੋਂ ਲਾਇਆ ਗਿਆ ਗ਼ਦਰੀ ਬਾਬਿਆਂ ਦਾ ਮੇਲਾ ਖ਼ੂਬ ਭਰਿਆ। ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦ ਵੀਰ ਸਿੰਘ, ਈਸ਼ਰ ਸਿੰਘ, ਰੰਗਾ ਸਿੰਘ, ਉਤਮ ਸਿੰਘ ਤੇ ਹੀਰਾ ਸਿੰਘ ਦੀ ਸ਼ਹੀਦੀ ਵਰ੍ਹੇ ਦੀ ਸ਼ਤਾਬਦੀ ਮਨਾਉਂਦਿਆਂ ਮੇਲੇ ਦਾ ਆਰੰਭ ਕਰਦਿਆਂ ਪ੍ਰਸਿੱਧ ਗੱਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ ਉੱਤੇ ਸ਼ਰਧਾ ਦੇ ਸ਼ੁਭ ਚੜ੍ਹਾਏ ਗਏ। ਪ੍ਰਧਾਨ ਸੁਰਿੰਦਰ ਬਿੰਦਰਾ ਨੇ ਉਸ ਮਹਾਨ ਸੂਰਮੇ ਬਾਰੇ ਜਾਣਕਾਰੀ ਦਿੱਤੀ ਅਤੇ ਗ਼ਦਰੀਆਂ ਦੀ ਸੋਚ ਉੱਤੇ ਪਹਿਰਾ ਦੇਣ ਦਾ ਸੱਦਾ ਦਿੱਤਾ। ਐਸ ਈ ਐਸ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਗ਼ਦਰ ਪਾਰਟੀ ਦੇ ਤਿੰਨ ਰੰਗੇ ਝੰਡੇ ਵਿਚ ਦੋ ਖੜੀਆਂ ਕ੍ਰਿਪਾਨਾਂ ਵਾਲਾ ਝੰਡਾ ਸ਼ਹੀਦ ਆਜ਼ਾਮ ਭਗਤ ਸਿੰਘ ਦੇ ਪਰਿਵਾਰ ਵਿਚੋਂ ਜੱਥੇਬੰਦੀ ਦੇ ਡਾਇਰੈਕਟਰ ਕ੍ਰਿਪਾਲ ਸਿੰਘ ਸੰਧੂ ਨੇ ਝੁਲਾਇਆ ਅਤੇ ਆਜ਼ਾਦੀ ਸੰਗਰਾਮੀਏ ਦੇਵਾ ਸਿੰਘ ਧੂਤ ਦੇ ਸਪੁੱਤਰ ਦਲਵਿੰਦਰ ਸਿੰਘ ਧੂਤ ਨੇ ਇਸ ਬਜ਼ੁਰਗ ਆਗੂ ਦਾ ਸਾਥ ਦਿੱਤਾ। ਕਸ਼ਮੀਰ ਸਿੰਘ ਕਾਂਗਣਾ ਨੇ ਝੰਡੇ ਦੀ ਮਹੱਤਤਾ, ਜਿਸ ਦੀ ਅਗਵਾਈ ਵਿਚ ਸੂਰਮਿਆਂ ਨੇ ਅਥਾਹ ਕੁਰਬਾਨੀਆਂ ਕੀਤੀਆਂ, ਬਾਰੇ ਦਸਿਆ। ਉਨ੍ਹਾਂ ਅਖ਼ਬਾਰ ਗ਼ਦਰ ਦੀ ਗੂੰਜ ਵਿਚੋਂ ਇਹ ਸ਼ਬਦ ਦੁਹਰਾਏ:

ਚਲੋ ਚਲੀਏ ਦੇਸ਼ ਨੂੰ ਯੁੱਧ ਕਰਨੇ
ਇਹੋ ਆਖਰੀ ਹੋ ਫੁਰਮਾਨ ਹੋ ਗਏ

ਉਨ੍ਹਾਂ ਨੇ ਗ਼ਦਰ ਅਖਬਾਰ ਵਿਚ ਛਾਪੇ ਗਏ ਅੰਗਰੇਜ਼ ਸਾਮਰਾਜ ਵਿਰੁੱਧ ਐਲਾਨੇ ਜੰਗ 4 ਅਗਸਤ 1914 ਦਾ ਵੀ ਜ਼ਿਕਰ ਕੀਤਾ। ਵਕਤ ਦੀਆਂ ਸਰਕਾਰਾਂ ਨੇ ਗ਼ਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੱਤਾ।

ਵਰਨਣਯੋਗ ਹੈ ਕਿ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਹਰ ਵਰ੍ਹੇ ਅਕਤੂਬਰ ਮਹੀਨੇ ਮੇਲਾ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਤੇ ਉਨ੍ਹਾਂ ਸ਼ਹੀਦਾਂ ਦੇ ਆਸੇ ਮਨਸੇ ਨੂੰ ਉਜਾਗਰ ਕਰਦੀ ਹੈ।

ਇਸ ਤੋਂ ਬਾਅਦ ਖਚਾ ਖੱਚ ਭਰੇ ਹਾਲ ਵਿਚ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜਥੇ ਨੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਮਾਹੌਲ ਨੂੰ ਜਜ਼ਬਾਤੀ ਕਰ ਦਿੱਤਾ. ਕ੍ਰਿਪਾਲ ਸਿੰਘ ਸੰਧੂ ਨੇ ਲਾਹੌਰ ਸਪਲੀਮੈਂਟੀ ਕੇਸ ਤੇ ਗ਼ਦਰ ਲਹਿਰ ਬਾਰੇ ਥੋੜੇ ਤੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਪ੍ਰੋ. ਚਰਨਜੀਤ ਪੰਨੂ ਨੇ ਵੀ ਗ਼ਦਰ ਲਹਿਰ ਦੀ ਆਜ਼ਾਦੀ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ।

ਨਾਮਧਾਰੀ ਦਵਿੰਦਰ ਸਿੰਘ ਨੇ ਕੂਕਾ ਲਹਿਰ ਦੀ ਆਜ਼ਾਦੀ ਨੂੰ ਦੇਣ ਬਾਰੇ ਕਵਿਤਾ ਪੇਸ਼ ਕੀਤੀ ਜਿਸ ਨੂੰ ਲੋਕਾਂ ਨੇ ਸਲਾਹਿਆ ਜਥੇਬੰਦੀ ਵੱਲੋਂ ਨਾਮਧਾਰੀ ਸੰਗਤ ਦਾ ਸਨਮਾਨ ਕੀਤਾ ਗਿਆ। ਜਥੇਬੰਦੀ ਦੇ ਫਾਊਂਡਰ ਡਾਇਰੈਕਟਰ ਸਮਿੱਤਰ ਸਿੰਘ ਉਪਲ ਨੇ ਸੂਰਮਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਫੈਜ਼ ਅਹਿਮਦ ਫੈਜ਼ ਦਾ ਇਹ ਸ਼ੇਅਰ ਪੇਸ਼ ਕੀਤਾ।

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ,
ਵੋਹ ਸ਼ਾਨ ਸਲਾਮਤ ਰਹਿਤੀ ਹੈ
ਜੇਹ ਜਾਨ ਤੋਂ ਆਨੀ ਜਾਨੀ ਹੈ ਇਸ ਜਾਨ ਕੀ ਕੋਈ ਬਾਤ ਨਹੀਂ

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੀਆਂ ਸ਼ਹਾਦਤਾਂ ਕਰਕੇ ਤੁਸੀਂ ਆਜ਼ਾਦ ਦੇਸ਼ ਦੇ ਸ਼ਹਿਰੀ ਹੋਣ ਕਰਕੇ ਵਿਦੇਸ਼ਾਂ ਵਿਚ ਬੈਠੇ ਹੋ ਤੇ ਚੰਗੇ ਕਾਰੋਬਾਰ ਕਰ ਰਹੇ ਹੋ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਨ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ।

ਯੂਬਾਸਿਟੀ ਦੇ ਲੰਗਰ ਕਮੇਟੀ ਦੇ ਮੁਖੀ ਸੁਖਦੇਵ ਸਿੰਘ ਨੰਗਲ ਨੇ 'ਪਗੜੀ ਸੰਭਾਲ ਜੱਟਾ" ਦਾ ਅਸਲੀ ਗੀਤ, ਜੋ ਬਾਂਕੇਦਿਆਲ ਝੰਗ ਸਿਆਲ ਦਾ ਲਿਖਿਆ ਸੀ, ਗਾ ਕੇ ਲੋਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਦੁਰੀਆ ਸੈਯਦ ਨੇ ਕੈਲੀਫੋਰਨੀਆ ਦੇ ਇਨਸ਼ੋਅਰੈਂਸ ਦਫ਼ਤਰ ਵੱਲੋਂ ਪ੍ਰਤੀਨਿਧ ਤੌਰ ਤੇ ਭਾਗ ਲੈਂਦਿਆ ਸ਼ਹੀਦਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਸੁਖਦੇਵ ਸਿੰਘ ਬਾਜਵਾ ਫਰਿਜ਼ਨੋ ਨੇ ਵੀ ਗ਼ਦਰ ਪਾਰਟੀ ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ।

ਸਟੀਵ ਲੀ ਵਾਈਸ ਮੇਅਰ ਐਲਕ ਗਰੋਵ ਅਤੇ ਪਾਰਲਨਹਿਤ ਟਰੱਸਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਐਲਕ ਗਰੋਵ ਜੱਥੇਬੰਦ ਨੂੰ ਅਮੈਰਿਕਨ ਭਾਈਚਾਰੇ ਵੱਲੋਂ ਲੋਕਾਂ ਨਾਲ ਇਕਮੁਠਤਾ ਜਾਹਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜਥੇਬੰਦੀ ਦੇ ਖਜਾਨਚੀ ਕਰਮਜੀਤ ਸਿੰਘ ਕੰਗ ਨੇ ਗ਼ਦਰੀ ਬਾਬਿਆਂ ਨਾਲ ਆਪਣੀਆਂ ਪੁਰਾਣੀਆਂ ਸਾਂਝਾ ਦਾ ਜ਼ਿਕਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇੰਡੋ-ਅਮਰੀਕਨ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਲੋਕਾਂ ਨੂੰ ਮੇਲੇ ਦੀ ਭਰਵੀਂ ਹਾਜ਼ਰੀ ਭਰਨ ਨੂੰ ਜੀ ਆਇਆਂ ਆਖਦਿਆਂ ਵਿਸਥਾਰ ਸਹਿਤ ਗ਼ਦਰ ਲਹਿਰ ਦੇ ਆਰੰਭ ਹੋਣ ਤੇ ਆਜ਼ਾਦੀ ਲਈ ਕੀਤੀਆਂ ਲਾ ਮਿਸਾਲ ਕੁਰਬਾਨੀਆਂ ਦਾ ਉਲੇਖ ਕਰਦਿਆਂ ਕਿਹਾ ਕਿ ਅਸੀਂ ਸ਼ਹੀਦਾਂ ਦੇ ਵਾਰਸ ਹਾਂ ਤੇ ਸਾਨੂੰ ਉਨ੍ਹਾਂ ਨੂੰ ਭੁਲਣਾ ਨਹੀਂ ਚਾਹੀਦਾ। ਸੁਰਿੰਦਰ ਸਿੰਘ ਕਮੇਟੀ ਮੈਂਬਰ ਨੇ ਤਰੰਨਮ ਨਾਲ ਗ਼ਦਰ ਦੀ ਕਵਿਤਾ ਗਾਈ। ਡਾ. ਯਾਦਵਿੰਦਰ ਸਿੰਘ ਕੰਗ ਤੇ ਡਾ. ਗੁਰਪ੍ਰੀਤ ਗਿੱਲ ਤੇ ਅਲੀਜ਼ਾ ਬੇਥ ਨੇ ਮੈਡੀਕਲ ਕੈਂਪ ਲਾ ਕੇ ਲੋਕਾਂ ਨੂੰ ਚੈੱਕ ਅਪ ਕੀਤਾ ਇਸ ਟੀਮ ਨੂੰ ਸਟੇਜ ਤੇ ਜੱਥੇਬੰਦੀ ਵੱਲੋਂ ਸਨਮਾਨਤ ਕੀਤਾ ਗਿਆ। ਸ਼ਹੀਦਾਂ ਦੀ ਫੋਟੋ ਪ੍ਰਦਰਸ਼ਨੀ ਲੋਕਾਂ ਦੀ ਖਿਚ ਦਾ ਕੇਂਦਰ ਰਾਹੀਂ ਉਨ੍ਹਾਂ ਆਪਣੇ ਇਲਾਕੇ ਦੇ ਸ਼ਹੀਦਾਂ ਦੀ ਸੈਲ ਰਾਹੀਂ ਫੋਟੋ ਖਿਚਦੇ ਵੇਖੇ ਗਏ । ਯੂਬਾਸਿਟੀ ਤੋਂ ਸਤਨਾਮ ਸਿੰਘ ਦੀ ਅਗਵਾਈ ਹੇਠ ਲੰਗਰ ਸੁਸਾਇਟੀ ਵੱਲੋਂ ਲੰਗਰ ਅਤੁੱਟ ਵਰਤਿਆ ਕਿਸੇ ਵੀ ਚੀਜ਼ ਦੀ ਤੋਟ ਨਹੀਂ ਆਈ।

ਬਾਕੀ ਸਫ਼ਾ 32 'ਤੇ




# ਲੈਂਕਰਸ਼ਿਮ ਗੁਰਦੁਆਰਾ ਸਾਹਿਬ ਵਿਖੇ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਸ਼ਰਧਾ ਨਾਲ ਮਨਾਇਆ







**ਲੈਂਕਰਸ਼ਿਮ/ਬਿਊਰੋ ਨਿਊਜ਼ :** ਲੈਂਕਰਸ਼ਿਮ ਗੁਰੂਘਰ ਵਿਖੇ 19 ਅਤੇ 20 ਸਤੰਬਰ ਨੂੰ 'ਗੁਰੂ ਮਾਨਿਓ ਗ੍ਰੰਥ ਚੇਤਨਾ' ਸਮਾਗਮ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਅਤੇ ਦੀਵਾਨ ਸਜਾਏ। ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲਿਆਂ ਨੇ ਆਪਣੇ ਮਨੋਹਰ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਵਿਆਖਿਆ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਗੁਰੂਘਰ ਵਲੋਂ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ 'ਜਸ ਪੰਜਾਬੀ' ਚੈਨਲ 'ਤੇ ਪ੍ਰਸਾਰਤ ਕੀਤਾ ਗਿਆ। ਗੁਰੂਘਰ ਕਮੇਟੀ ਵਲੋਂ ਸੰਗਤ ਲਈ ਵੱਖਰੀ ਪਾਰਕਿੰਗ ਅਤੇ ਵੈਲੇ ਪਾਰਕਿੰਗ ਦਾ ਬੰਦੋਬਸਤ ਕੀਤਾ ਗਿਆ। ਗੁਰੂਘਰ ਕਮੇਟੀ ਨੇ ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲਿਆਂ ਅਤੇ ਸੰਗਤ ਦਾ ਧੰਨਵਾਦ ਕੀਤਾ।

# ਫਰਿਜ਼ਨੋ ਨਿਵਾਸੀਆਂ ਨੇ 'ਸਹਾਇਤਾ ਸੰਸਥਾ' ਲਈ ਦਿਲ ਖੋਲ੍ਹ ਕੇ ਫੰਡ ਦਿੱਤਾ



**ਫਰਿਜ਼ਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ) :** 'ਸਹਾਇਤਾ ਸੰਸਥਾ' ਲਈ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਤਾਜ ਰੰਧਾਵਾ, ਜੈਕਾਰਾ ਮੂਵਮੈਂਟ ਅਤੇ ਪੀਸੀਏ ਦੇ ਉਦਮ ਸਦਕਾ ਸਥਾਨਕ ਇੰਡੀਆ ਕਬਾਬ ਪਲੇਸ ਰੈਸਟੋਰੈਂਟ ਵਿੱਚ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚ ਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ 'ਸਹਾਇਤਾ ਸੰਸਥਾ' ਨੂੰ ਦਿੱਤੇ। ਜ਼ਿਕਰਯੋਗ ਹੈ ਕਿ ਇਹ 'ਸਹਾਇਤਾ ਸੰਸਥਾ' 2005 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ। ਸਮਾਗਮ ਦੀ ਸ਼ੁਰੂਆਤ ਸਟੇਜ ਸਕੱਤਰ ਰੂਬੀ ਸਰਾਂ ਨੇ ਸਭ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਡਾ. ਹਰਕੇਸ਼ ਸੰਧੂ ਨੇ ਮਹਿਮਾਨਾਂ ਨੂੰ ਸੰਸਥਾ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨਾਂ ਦੀ ਜ਼ੁਬਾਨੀ ਅਨਾਥ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਸੁਣ ਕੇ ਹਰ ਅੱਖ ਨਮ ਹੋ ਗਈ। ਇਸ ਮੌਕੇ ਉਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਸੁਖਬੀਰ ਭੰਡਾਲ ਨੇ ਸਹਾਇਤਾ ਸੰਸਥਾ ਦੇ ਕੰਮਾਂ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮਦਦ ਲਈ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਅੰਮ੍ਰਿਤ ਧਾਲੀਵਾਲ ਨੇ ਹਾਸਰਸ ਕਵੀਸ਼ਰੀ ਪੇਸ਼ ਕਰਕੇ ਖ਼ੂਬ ਰੰਗ ਬੰਨਿਆ। ਮਿੱਕੀ ਸਰਾਂ ਨੇ ਖ਼ੂਬਸੂਰਤ ਗੀਤ ਨਾਲ ਹਾਜ਼ਰੀ ਲਵਾਈ। ਤਾਜ ਰੰਧਾਵਾ, ਲਵੀ ਸਰਾਂ, ਪੀਟਰ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਰਾਜ ਬਡਵਾਲ, ਪ੍ਰਵਾਜ਼ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਦਾਨੀ ਸੱਜਣਾਂ ਨੇ 'ਸਹਾਇਤਾ ਸੰਸਥਾ' ਦੇ ਕਾਰਕੁਨਾਂ ਦੀ ਖੜੇ ਹੋ ਕੇ ਹੌਸਲਾ ਅਫ਼ਜ਼ਾਈ ਕੀਤੀ। ਅਖੀਰ ਰਾਤਰੀ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਪ੍ਰੋਗਰਾਮ ਦੇ ਯਾਦਗਾਰੀ ਪਲਾਂ ਨੂੰ ਰਾਜ ਬਡਵਾਲ ਨੇ ਕੈਮਰੇ ਵਿਚ ਕੈਦ ਕੀਤਾ।

# ਐਡਮਿੰਟਨ ਯੂਨੀਵਰਿਸਟੀ 'ਚ ਲੱਗੇ ਸਿੱਖਾਂ ਵਿਰੋਧੀ ਪੋਸਟਰਾਂ ਦਾ ਰਾਜਨੀਤਕ ਲੀਡਰਾਂ ਨੇ ਪੱਗਾਂ ਬੰਨ੍ਹ ਕੇ ਵਿਰੋਧ ਕੀਤਾ



**ਕੈਲਗਰੀ/ਹਰਬੰਸ ਬੁੱਟਰ:** ਯੂਨੀਵਰਿਸਟੀ ਆਫ ਅਲਬਰਟਾ ਵਿਖੇ ਬੀਤੇ ਦਿਨੀ ਨਸਲੀ ਵਿਤਕਰੇ ਵਾਲੇ ਪੋਸਟਰ ਚਿਪਕਾਏ ਜਾਣ ਉਪਰੰਤ ਸਿੱਖ ਭਾਈਚਾਰੇ ਅੰਦਰ ਰੋਹ ਭਰੀ ਗੁੱਸੇ ਦੀ ਲਹਿਰ ਫੈਲ ਗਈ ਸੀ। ਪੰਜਾਬੀਆਂ ਨੇ ਹਰ ਪਲੇਟਫਾਰਮ ਉੱਪਰ ਇਸ ਨਸਲੀ ਵਿਤਕਰੇ ਵਾਲੇ ਸ਼ਰਾਰਤੀ ਕਾਰੇ ਦਾ ਵਿਰੋਧ ਕੀਤਾ। ਕੈਲਗਰੀ ਦੇ ਹਲਕਾ ਗਰੀਨਵੇਅ ਤੋਂ ਐਮ ਐਲ ਏ ਪ੍ਰਭ ਗਿੱਲ ਨੇ ਵੀ ਆਪਣੇ ਰਾਜਨੀਤਕ ਪਲੇਟ ਫਾਰਮ ਨੂੰ ਇਸ ਨਸਲੀ ਵਿਤਕਰੇ ਦਾ ਜਵਾਬ ਦੇਣ ਲਈ ਵਰਤਿਆ। ਯੂਨੀਵਰਿਸਟੀ ਆਫ ਐਡਮਿੰਟਨ ਵਿਖੇ ਪ੍ਰਭ ਗਿੱਲ ਐਮ ਐਲ ਏ , ਪੀ ਸੀ ਪਾਰਟੀ ਅਲਬਰਟਾ ਦੇ ਮੁਖੀ ਰਿੱਕ ਮਕਾਈਵਰ, ਸਾਬਕਾ ਐਮ ਪੀ ਅਤੇ ਫੈਡਰਲ ਮੰਤਰੀ ਰਹੇ ਟਿੱਮ ਉੱਪਲ ਨੇ ਬੀਤੇ ਦਿਨੀ ਹੋਰ ਗੋਰੇ ਵਿਧਾਇਕਾਂ ਨੂੰ ਨਾਲ ਲੈ ਕੇ ਪਗੜੀ ਦਿਵਸ ਮਨਾਇਆ।

ਇਸ ਮੌਕੇ ਯੂਨੀਵਰਿਸਟੀ ਦੇ ਤਕਰੀਬਨ 400 ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਪੱਗਾਂ ਮੁਫਤ ਬੰਨੀਆਂ ਗਈਆਂ ਅਤੇ ਨਾਲ ਹੀ ਪਗੜੀ ਅਤੇ ਪੰਜਾਬੀ ਸੱਭਿਆਚਾਰ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਪੀਸੀ ਪਾਰਟੀ ਦੇ ਮੁਖੀ ਰਿੱਕ ਮਕਾਈਵਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਿੱਖ ਕਨੇਡੀਅਨ ਸਮਾਜ ਦਾ ਖਾਸ ਹਿੱਸਾ ਹਨ। ਜੇ ਇਸ ਨਸਲੀ ਵਿਤਕਰੇ ਵਾਲੇ ਪ੍ਰਚਾਰ ਰਾਹੀ ਕਿਸੇ ਨੇ ਇਹਨਾਂ ਉੱਪਰ ਇਹ ਹਮਲਾ ਕਰਨ ਦੀ ਕੋਸਿਸ ਕੀਤੀ ਹੈ ਤਾਂ ਪੱਗਾਂ ਬੰਨ੍ਹ ਕੇ ਆਪਣੇ ਬਾਰੇ ਜਾਣਕਾਰੀ ਦੇਣ ਵਾਲਾ ਇਹ ਕੈਂਪ ਉਸਦਾ ਮੂਹ ਤੋੜਵਾਂ ਅਤੇ ਢੁਕਵਾਂ ਜਵਾਬ ਹੈ। ਇਸ ਮੌਕੇ ਐਡਮਿੰਟਨ ਦੇ ਉੱਘੇ ਬਿਜਨਿਸਮੈਨ ਸ: ਕਰਨਪਾਲ ਸਿੰਘ ਪਰਮਾਰ, ਗੁਰੂਘਰ ਦੇ ਸੇਵਾਦਾਰ ਸ: ਸਕੱਤਰ ਸਿੰਘ ਸੰਧੂ,ਗੁਲਜਾਰ ਨਿਰਮਾਣ ਅਤੇ ਹੋਰ ਬਹੁਤ ਸਾਰੇ ਲੋਕਾਂ ਇਸ ਈਵੈਂਟ ਦਾ ਹਿਸਾ ਬਣੇ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੰਜਾਬ: 'ਆਪ' ਵਿੱਚ ਤੂੰ-ਤੂੰ-ਮੈਂ-ਮੈਂ ਦੀਆਂ ਸੁਰਾਂ ਕਾਰਨ ਹਾਈ ਕਮਾਂਡ ਪ੍ਰੇਸ਼ਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਵਿੱਚ ਆਪਾਧਾਪੀ ਵਧ ਰਹੀ ਹੈ। ਹਰੇਕ ਆਗੂ ਦੀ ਹਰੇਕ ਮੁੱਦੇ 'ਤੇ ਵੱਖਰੀ ਰਾਏ ਹੈ ਤੇ ਅਨੁਸ਼ਾਸਨ ਦੀ ਘਾਟ ਹੈ। ਇਸ ਕਾਰਨ ਹਾਈਕਮਾਂਡ ਪ੍ਰੇਸ਼ਾਨ ਹੈ। ਹਾਈਕਮਾਂਡ ਵੱਲੋਂ ਭਾਵੇਂ ਪੰਜਾਬ ਇਕਾਈ ਨੂੰ ਇਕ ਸੁਰ ਕਰਨ ਲਈ ਇੱਥੋਂ ਦੇ ਇੰਚਾਰਜ ਸੰਜੇ ਸਿੰਘ ਨਾਲ ਇੱਕ ਸਹਿ ਇੰਚਾਰਜ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੂੰ ਵੀ ਨਿਯੁਕਤ ਕੀਤਾ ਗਿਆ ਹੈ, ਇਸ ਦੇ ਬਾਵਜੂਦ ਲੀਡਰਾਂ ਦੀਆਂ ਸੁਰਾਂ ਵੱਖੋ-ਵੱਖ ਹਨ। ਪਾਰਟੀ ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਦੇ ਮੁੱਦੇ 'ਤੇ ਚੱਲੀ ਚਰਚਾ ਦੌਰਾਨ ਪਾਰਟੀ ਦੀ ਸਥਿਤੀ ਹਾਸੋਹੀਣੀ ਬਣੀ ਪਈ ਹੈ। ਇੱਕ ਪਾਸੇ ਡਾ. ਗਾਂਧੀ ਚੌਥਾ ਫਰੰਟ ਬਣਾਉਣ ਦੀਆਂ ਸਰਗਰਮੀਆਂ ਦੌਰਾਨ 'ਆਪ' ਦੇ ਸੁਪਰੀਮੋ ਨੂੰ ਕੋਸ ਰਹੇ ਹਨ ਅਤੇ ਦੂਜੇ ਪਾਸੇ ਪਾਰਟੀ ਦੇ ਸੀਨੀਅਰ ਆਗੂ ਤੇ ਦਾਖਾ ਤੋਂ ਉਮੀਦਵਾਰ ਵਕੀਲ ਐਚ.ਐਸ. ਫੂਲਕਾ ਨੇ ਡਾ. ਗਾਂਧੀ ਨੂੰ ਚੰਗਾ ਬੰਦਾ ਕਹਿ ਕੇ ਉਨ੍ਹਾਂ ਨਾਲ ਗੱਲ ਚਲਾਉਣ ਦੀ ਸਲਾਹ ਦੇ ਦਿੱਤੀ ਹੈ। ਦੂਜੇ ਪਾਸੇ ਸਹਿ ਇੰਚਾਰਜ ਜਰਨੈਲ ਸਿੰਘ ਡਾ. ਗਾਂਧੀ ਦੀ ਨੁਕਤਾਚੀਨੀ ਕਰਦਿਆਂ ਕਹਿ ਰਹੇ ਹਨ ਕਿ ਡਾ. ਗਾਂਧੀ ਨੂੰ ਚੌਥਾ ਫਰੰਟ ਬਣਾਉਣ ਤੋਂ ਪਹਿਲਾ ਸੰਸਦ ਮੈਂਬਰ ਵਜੋਂ ਅਸਤੀਫ਼ਾ ਦੇਣ ਦੀ ਹਿੰਮਤ ਦਿਖਾਉਣੀ ਚਾਹੀਦੀ ਹੈ। ਜਦੋਂ ਜਰਨੈਲ ਸਿੰਘ ਨੂੰ ਪੁੱਛਿਆ ਕਿ ਸ੍ਰੀ ਫੂਲਕਾ ਤਾਂ ਡਾਕਟਰ ਗਾਂਧੀ ਨੂੰ ਚੰਗਾ ਬੰਦਾ ਕਹਿ ਰਹੇ ਹਨ ਤਾਂ ਉਨ੍ਹਾਂ ਵੀ ਹੈਰਾਨੀਜਨਕ ਜਵਾਬ ਦਿੱਤਾ ਕਿ ਉਹ (ਗਾਂਧੀ) ਨਿੱਜੀ ਤੌਰ 'ਤੇ ਤਾਂ ਚੰਗੇ ਬੰਦੇ ਹਨ। ਇਸੇ ਤਰ੍ਹਾਂ ਪਾਰਟੀ ਦੇ ਬੁਲਾਰੇ ਸੁਖਪਾਲ ਖਹਿਰਾ ਨੇ ਜਦੋਂ ਇਸ ਮੁੱਦੇ 'ਤੇ ਸ੍ਰੀ ਸਿੱਧੂ ਅਤੇ ਆਵਾਜ਼-ਏ-ਪੰਜਾਬ ਨਾਲ ਗੱਲਬਾਤ ਚਲਾਉਣ ਦਾ ਬਿਆਨ ਦਿੱਤਾ ਤਾਂ ਉਸੇ ਦਿਨ ਹੀ ਸੰਸਦ ਮੈਂਬਰ ਤੇ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ ਨੇ ਸ੍ਰੀ ਖਹਿਰਾ ਦੇ ਬਿਆਨ ਦੇ ਉਲਟ ਕਿਹਾ ਕਿ ਪਾਰਟੀ ਅਸੂਲੀ ਤੌਰ 'ਤੇ ਕੋਈ ਗੱਠਜੋੜ ਨਹੀਂ ਕਰ ਸਕਦੀ ਅਤੇ ਨਾ ਹੀ ਇੱਕ ਪਰਿਵਾਰ ਵਿਚੋਂ ਦੋ ਵਿਅਕਤੀਆਂ ਨੂੰ ਟਿਕਟਾਂ ਦੇ ਸਕਦੀ ਹੈ। ਇਸੇ ਦੌਰਾਨ ਸ੍ਰੀ ਫੂਲਕਾ ਨੇ ਬਿਆਨ ਦਾਗਦਿਆਂ ਕਿਹਾ ਕਿ ਸ੍ਰੀ ਸਿੱਧੂ ਅਤੇ ਉਨ੍ਹਾਂ ਦੀ ਧਿਰ ਨਾਲ ਪਾਰਟੀ ਨੂੰ ਜ਼ਰੂਰ ਗੱਲ ਚਲਾਉਣੀ ਚਾਹੀਦੀ ਹੈ। ਇਸੇ ਤਰ੍ਹਾਂ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਵੀ ਇਸ ਧਿਰ ਨਾਲ ਗੱਲਬਾਤ ਕਰਨ ਦੀ ਹਾਮੀ ਭਰਦਿਆਂ ਕਿਹਾ ਕਿ ਜੇ ਆਵਾਜ਼-ਏ-ਪੰਜਾਬ ਦੀ ਲੀਡਰਸ਼ਿਪ ਚਾਹੇ ਤਾਂ ਉਹ ਉਨ੍ਹਾਂ ਨੂੰ ਖੁਦ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਕੋਲ ਸਾਂਝਾਂ ਪਾਉਣ ਲਈ ਲੈ ਕੇ ਜਾਣਗੇ। ਜਰਨੈਲ ਸਿੰਘ ਨੇ ਇਸ ਸਾਰੀ ਬਿਆਨਬਾਜ਼ੀ ਨੂੰ ਕਾਟ ਕਰਦਿਆਂ ਕਿਹਾ ਕਿ ਹੁਣ ਕਿਸੇ ਵੀ ਚੌਥੇ ਫਰੰਟ ਦਾ ਕੋਈ ਵਜੂਦ ਨਹੀਂ ਹੈ ਅਤੇ ਲੋਕਾਂ ਨੇ 'ਆਪ' ਨੂੰ ਇਕ ਬਦਲ ਵਜੋਂ ਆਪਣੇ ਮਨ ਵਿਚ ਵਸਾ ਲਿਆ ਹੈ। ਪੰਜਾਬ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿੱਚੋਂ ਕੱਢਣ ਦਾ ਸਬੱਬ ਭਾਵੇਂ ਉਨ੍ਹਾਂ ਵਲੋਂ ਪੈਸੇ ਲੈਣ ਦਾ ਸਟਿੰਗ ਬਣਿਆ ਹੈ ਪਰ ਮੁੱਖ ਕਾਰਨ ਉਨ੍ਹਾਂ ਵਲੋਂ ਵੀ ਹਾਈਕਮਾਂਡ ਦੇ ਫ਼ੈਸਲਿਆਂ ਵਿਰੁੱਧ ਬਿਆਨਬਾਜ਼ੀ ਕਰਨਾ ਹੈ। ਇਸੇ ਤਰ੍ਹਾਂ ਜਦੋਂ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦਿੱਲੀ ਵਿੱਚ ਸ੍ਰੀ ਛੋਟੇਪੁਰ ਕੋਲੋਂ ਕਨਵੀਨਰ ਦਾ ਅਹੁਦਾ ਖੋਹਣ ਦਾ ਫ਼ੈਸਲਾ ਲੈ ਰਹੀ ਸੀ ਤਾਂ ਉਸ ਵੇਲੇ ਤਿੰਨ ਸੀਨੀਅਰ ਆਗੂ ਇਸ ਆਗੂ ਨੂੰ ਮਨਾਉਣ ਵਿਚ ਜੁਟੇ ਹੋਏ ਸਨ। ਇਸ ਦੌਰਾਨ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਆਗੂਆਂ ਵਲੋਂ ਵੱਖ-ਵੱਖ ਮੁੱਦਿਆਂ 'ਤੇ ਵੱਖ-ਵੱਖ ਤਰ੍ਹਾਂ ਦੇ ਬਿਆਨ ਦੇਣ ਨਾਲ ਪਾਰਟੀ ਦੀ ਸਥਿਤੀ ਖ਼ਰਾਬ ਹੋ ਰਹੀ ਹੈ ਅਤੇ ਇਹ ਸਭ ਕੁਝ ਹਾਈਕਮਾਂਡ ਦੇ ਨੋਟਿਸ ਵਿੱਚ ਹੈ। ਉਹ ਜਲਦੀ ਹੀ ਸਾਰੇ ਆਗੂਆਂ ਨਾਲ ਗੱਲ ਕਰਕੇ ਹਰੇਕ ਮੁੱਦੇ 'ਤੇ ਸਾਂਝੀ ਰਾਏ ਬਣਾਉਣ ਦੀਆਂ ਹਦਾਇਤਾਂ ਦੇਣਗੇ।




## 9 ਉਪ ਪ੍ਰਧਾਨ ਤੇ 5 ਸੰਯੁਕਤ ਸਕੱਤਰ ਨਿਯੁਕਤ :

ਚੰਡੀਗੜ੍ਹ : ਆਪ ਨੇ 9 ਉਪ ਪ੍ਰਧਾਨ ਅਤੇ 5 ਸੰਯੁਕਤ ਸਕਤੱਕ ਨਿਯੁਕਤ ਕੀਤੇ ਹਨ। ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਵੜੈਚ ਨੇ ਦੱਸਿਆ ਕਿ ਕਰਨਲ ਸੀਡੀ ਸਿੰਘ ਕੰਬੋਜ, ਡਾ. ਬਲਵੀਰ ਸਿੰਘ ਸੈਣੀ, ਪ੍ਰਿੰਸੀਪਲ ਬਲਦੇਵ ਸਿੰਘ ਅਜਾਦ, ਬੂਟਾ ਸਿੰਘ ਅਸ਼ਾਂਤ, ਕਰਨਲ ਸੀ ਐਮ ਲਖਨਪਾਲ, ਡਾ. ਇੰਦਰਬੀਰ ਸਿੰਘ ਨਿੱਝਰ, ਮੋਹਨ ਸਿੰਘ ਫਲੀਆਂਵਾਲਾ, ਮੇਹਰ ਸਿੰਘ ਮੱਲ੍ਹੀ ਤੇ ਦਲਵੀਰ ਸਿੰਘ ਢਿਲੋਂ ਨੂੰ ਉਪ ਪ੍ਰਧਾਨ ਨਿਯੁਕਤ ਕੀਤਾ ਹੈ। ਇਸੇ ਤਰ੍ਹਾਂ ਮੇਜਰ ਸਿੰਘ, ਵਰਿੰਦਰ ਖਾਰਾ, ਹਰਿੰਦਰ ਸਿੰਘ, ਕੁਮਾਰੀ ਲਲਿਤ ਤੇ ਡਾ. ਸਾਰਿਕਾ ਵਰਮਾ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਹੈ। ਜੈ ਦੀਪ ਸਿੰਘ ਸਮਰਾਲਾ ਨੂੰ ਵਲੰਟੀਅਰ ਵੈਲਫੇਅਰ ਅਤੇ ਮੈਨੇਜਮੈਂਟ ਵਿੰਗ ਦਾ ਮੁਖੀ ਨਿਯੁਕਤ ਕੀਤਾ ਹੈ।

# ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਨੇ ਨਵੀਂ ਸਿਆਸੀ ਪਾਰਟੀ 'ਸਵਰਾਜ ਇੰਡੀਆ' ਬਣਾਈ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੇਸ਼ ਦੀ ਚੋਣ ਸਿਆਸਤ ਵਿੱਚ ਜਵਾਬਦੇਹੀ, ਪਾਰਦਰਸ਼ੀ ਪਹੁੰਚ ਅਤੇ ਇਮਾਨਦਾਰੀ ਦੀ ਭਾਵਨਾ ਭਰਨ ਦੇ ਉਦੇਸ਼ ਨਾਲ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਨੇ ਨਵੀਂ ਸਿਆਸੀ ਪਾਰਟੀ 'ਸਵਰਾਜ ਇੰਡੀਆ' ਦੇ ਗਠਨ ਦਾ ਐਲਾਨ ਕੀਤਾ। ਪਾਰਟੀ ਨੇ ਇੱਥੇ ਆਪਣੀ ਸਥਾਪਤੀ ਕਨਵੈਨਸ਼ਨ ਕੀਤੀ, ਜਿਸ ਵਿੱਚ ਨਵੀਂ ਸਿਆਸੀ ਪਾਰਟੀ ਦੇ 'ਦ੍ਰਿਸ਼ਟੀਕੋਣ ਅਤੇ ਮਿਸ਼ਨ' ਲਈ ਜਦੋਜਹਿਦ ਕਰਨ ਦੇ ਅਹਿਦ ਨਾਲ ਵੱਖ ਵੱਖ ਰਾਜਾਂ ਦੇ 400 ਤੋਂ ਵੱਧ ਡੈਲੀਗੇਟ ਸ਼ਾਮਲ ਹੋਏ। ਟਵਿੱਟਰ ਉਤੇ ਦਿੱਤੇ ਸੰਦੇਸ਼ ਵਿੱਚ ਯੋਗੇਂਦਰ ਯਾਦਵ ਨੇ ਕਿਹਾ ਕਿ "ਅਸੀਂ ਸਵਰਾਜ ਇੰਡੀਆ ਰਾਹੀਂ ਸਦਾਚਾਰਕ ਸਿਆਸਤ ਦੇ ਆਦਰਸ਼ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਰਹਾਂਗੇ। ਅਸੀਂ ਹਮੇਸ਼ਾ ਤੋਂ ਕਹਿੰਦੇ ਆ ਰਹੇ ਸੀ ਕਿ ਸਵਰਾਜ ਅਭਿਆਨ ਸਿਆਸੀ ਪਾਰਟੀ ਬਣਾਏਗਾ ਪਰ ਇਸ ਦਾ ਇਕ ਦ੍ਰਿਸ਼ਟੀਕੋਣ ਅਤੇ ਸਿਧਾਂਤ ਹੋਵੇਗਾ। ਅੱਜ ਅਸੀਂ ਸਵਰਾਜ ਇੰਡੀਆ ਦਾ ਗਠਨ ਕੀਤਾ ਹੈ।" ਉਨ੍ਹਾਂ ਕਿਹਾ ਕਿ ਬਦਲਵੀਂ ਸਿਆਸਤ ਦੇ ਕੀ ਪੈਮਾਨੇ ਹਨ ? ਇਹ ਅੰਦਰੂਨੀ ਜਮਹੂਰੀਅਤ, ਪਾਰਦਰਸ਼ੀ ਪਹੁੰਚ ਅਤੇ ਜਵਾਬਦੇਹੀ ਹਨ। ਸਵਰਾਜ ਅਭਿਆਨ ਬਾਰੇ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਪ੍ਰਚਾਰ ਮੁਹਿੰਮ ਜਾਰੀ ਰੱਖਣਗੇ।

# ਕੇਜਰੀਵਾਲ ਸਰਕਾਰ ਵਾਅਦੇ ਮੁਤਾਬਕ '84 ਦੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਵੇ : ਸਿੱਖ ਜਥੇਬੰਦੀ

### *ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਆਨ ਲਾਈਨ ਪਟੀਸ਼ਨ ਪਾਈ*

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਦਸਤਖ਼ਤੀ ਪਟੀਸ਼ਨ ਰਾਹੀਂ ਮੰਗ ਕੀਤੀ ਹੈ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਦਿੱਲੀ ਵਿਧਾਨ ਸਭਾ ਵੱਲੋਂ ਸਿੱਖ ਨਸਲਕੁਸ਼ੀ ਕਰਾਰ ਦਿੱਤਾ ਜਾਵੇ ਅਤੇ ਇਕ ਨਵੰਬਰ ਨੂੰ ਛੁੱਟੀ ਦਾ ਐਲਾਨ ਕੀਤਾ ਜਾਵੇ। ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਸਿੱਖ ਨਸਲਕੁਸ਼ੀ ਦੀ ਸ਼ਿਕਾਰ ਬਣੀ ਬੀਬੀ ਜਗਦੀਸ਼ ਕੌਰ ਨੇ ਦੱਸਿਆ ਕਿ ਇਸ ਸਬੰਧ ਵਿੱਚ ਆਨਲਾਈਨ ਪਟੀਸ਼ਨ (change.org) 'ਤੇ ਲੋਕਾਂ ਦੇ ਦਸਤਖ਼ਤ ਲਏ ਜਾ ਰਹੇ ਹਨ। 32 ਹਜ਼ਾਰ ਦਸਤਖ਼ਤਾਂ ਵਾਲੀ ਇਹ ਪਟੀਸ਼ਨ ਜਲਦੀ ਹੀ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਸੌਂਪੀ ਜਾਵੇਗੀ। ਉਨ੍ਹਾਂ ਆਖਿਆ ਕਿ ਦਿੱਲੀ ਸਰਕਾਰ ਇਸ ਸਬੰਧ ਵਿੱਚ ਵਿਧਾਨ ਸਭਾ ਵਿੱਚ ਮਤਾ ਲਿਆਵੇ ਅਤੇ ਸਿੱਖ ਵਿਰੋਧੀ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਵੇ।

ਆਨ ਲਾਈਨ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਅਤੇ ਇਸ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਦਿੱਲੀ ਦੀ ਸੱਤਾ ਵਿਚ ਕਾਬਜ਼ ਹੋਏ ਤਾਂ ਨਵੰਬਰ '84 ਦੇ ਪੀੜਤਾਂ ਨੂੰ ਉਹ ਨਿਆਂ ਦਿਵਾਉਣਗੇ। 'ਆਪ' ਨੇ ਵਾਅਦਾ ਕੀਤਾ ਸੀ ਕਿ ਸਿੱਖ ਵਿਰੋਧੀ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਈਆਂ ਜਾਣਗੀਆਂ ਜਿਸ ਦਾ ਸਿੱਖ ਭਾਈਚਾਰੇ ਨੇ ਜ਼ੋਰ ਨਾਲ ਸਵਾਗਤ ਕੀਤਾ ਤੇ ਵਿਧਾਨ ਸਭਾ ਚੋਣਾਂ ਦੌਰਾਨ ਕੇਜਰੀਵਾਲ ਦਾ ਸਾਥ ਦੇ ਕੇ ਉਨ੍ਹਾਂ ਨੂੰ ਸੱਤਾ ਵਿਚ ਲਿਆਂਦਾ। ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਕੇਜਰੀਵਾਲ ਸਰਕਾਰ ਨੂੰ ਭਾਰੀ ਬਹੁਮਤ ਹਾਸਲ ਹੋਇਆ। ਪਟੀਸ਼ਨ ਵਿਚ ਕਿਹਾ ਗਿਆ ਹੈ, "ਅਸੀਂ 'ਆਪ' ਕਨਵੀਨਰ ਕੇਜਰੀਵਾਲ ਨੂੰ ਅਪੀਲ ਕਰਦੇ ਹਾਂ ਕਿ ਉਹ ਚੋਣਾਂ ਦੌਰਾਨ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਨ ਤਾਂ ਜੋ 32 ਸਾਲਾਂ ਤੋਂ ਜੱਦੋ-ਜਹਿਦ ਕਰਦੇ ਆ ਰਹੇ '84 ਦੇ ਪੀੜਤਾਂ ਨੂੰ ਨਿਆਂ ਮਿਲ ਸਕੇ। ਦਿੱਲੀ ਵਿਧਾਨ ਸਭਾ ਵਿਚ ਇਕ ਮਤਾ ਲਿਆਂਦਾ ਜਾਵੇ ਜਿਸ ਵਿਚ '84 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਐਲਾਨਿਆ ਜਾਵੇ।" ਪੀਰ ਮੁਹੰਮਦ ਨੇ ਕਿਹਾ, "'ਆਪ' ਨੇ ਅਕਾਲੀ-ਭਾਜਪਾ ਗਠਜੋੜ ਵਾਂਗ ਚੋਣਾਂ ਦੌਰਾਨ ਸਿੱਖ ਵਿਰੋਧੀ ਹਿੰਸਾ ਦਾ ਲਾਹਾ ਲੈਂਦਿਆਂ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਇਆ ਹੈ ਅਤੇ ਕੇਜਰੀਵਾਲ ਸਰਕਾਰ ਨੇ ਸੱਤਾ ਵਿਚ ਆਉਣ ਮਗਰੋਂ ਹਾਲੇ ਤਕ ਇਸ ਦਿਸ਼ਾ ਵਿਚ ਕੁਝ ਨਹੀਂ ਕੀਤਾ। ਹਜ਼ਾਰਾਂ ਸਿੱਖਾਂ ਦੇ ਕਤਲਾਂ ਲਈ ਜ਼ਿੰਮੇਵਾਰ ਕਿਸੇ ਵੀ ਕਾਂਗਰਸੀ ਆਗੂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ।" ਉਨ੍ਹਾਂ ਕਿਹਾ, "ਅਸੀਂ 31 ਅਕਤੂਬਰ ਤਕ ਪਟੀਸ਼ਨ 'ਤੇ ਹਜ਼ਾਰਾਂ ਦਸਤਖ਼ਤ ਲਵਾਂਗਾ ਜਿਸ ਨਾਲ ਕੇਜਰੀਵਾਲ ਸਰਕਾਰ ਨੂੰ ਸਿੱਖ ਨਸਲਕੁਸ਼ੀ ਵਾਲਾ ਮਤਾ ਪਾਸ ਕਰਨ ਲਈ ਮਜਬੂਰ ਕੀਤਾ ਜਾ ਸਕੇ।"



ਪੀਰ ਮੁਹੰਮਦ ਨੇ ਕਿਹਾ ਕਿ 'ਆਪ' ਦੇ ਸੀਨੀਅਰ ਲੀਡਰ ਐਚ.ਐਸ. ਫੂਲਕਾ ਨੂੰ ਦਿੱਲੀ ਵਿਧਾਨ ਸਭਾ ਵਿਚ ਇਸ ਮਤੇ ਦਾ ਸਮਰਥਨ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਇਸ ਮਸਲੇ 'ਤੇ ਆਪਣੀ ਜ਼ਿੰਦਗੀ ਦੇ 30 ਵਰ੍ਹੇ ਲਾਏ ਹਨ ਅਤੇ ਹੁਣ ਦਿੱਲੀ ਦੀ ਸੱਤਾ 'ਤੇ 'ਆਪ' ਦੀ ਹਕੂਮਤ ਹੈ ਜੋ ਇਹ ਮਤਾ ਪਾਸ ਕਰਵਾ ਸਕਦੀ ਹੈ। ਨਵੰਬਰ 1984 ਦੌਰਾਨ ਭਾਰਤ ਵਿਚ ਸਿੱਖਾਂ 'ਤੇ ਬਾਕਾਇਦਾ ਸੋਚੀ-ਸਮਝੀ ਚਾਲ ਤਹਿਤ ਸਿੱਖ ਭਾਈਚਾਰੇ ਨੂੰ ਖ਼ਤਮ ਕਰਨ ਲਈ ਹਮਲੇ ਕੀਤੇ ਗਏ। ਇਸ ਕਾਰਨ 30000 ਤੋਂ ਵੱਧ ਲੋਕ ਮਾਰੇ ਗਏ, ਹਜ਼ਾਰਾਂ ਔਰਤਾਂ ਨਾਲ ਬਲਾਤਕਾਰ ਹੋਇਆ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਗਈਆਂ ਤੇ 300000 ਤੋਂ ਵੱਧ ਲੋਕ ਉਜੜ ਗਏ। ਸਿੱਖ ਭਾਈਚਾਰੇ 'ਤੇ ਜਾਣ-ਬੁਝ ਕੇ ਕੀਤੇ ਗਏ ਹਮਲੇ ਯੂ.ਐਨ. ਕਨਵੈਨਸ਼ਨ ਦੀ ਧਾਰਾ 2 ਤਹਿਤ ਸਿੱਖ ਨਸਲਕੁਸ਼ੀ ਤਹਿਤ ਆਉਂਦੇ ਹਨ।

# ਮਾਨ ਦਲ ਨੇ ਬੀਬੀ ਭੱਠਲ ਦਾ ਪੁਤਲਾ ਸਾੜਿਆ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼**, ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਵੱਲੋਂ ਕੁੱਝ ਦਿਨ ਪਹਿਲਾਂ ਇਕ ਟੀ.ਵੀ. ਚੈਨਲ ਨਾਲ ਗੱਲਬਾਤ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਖ਼ਿਲਾਫ਼ ਕੀਤੀ ਗਈ ਟਿੱਪਣੀ ਤੋਂ ਰੋਹ ਵਿੱਚ ਆਏ ਸ਼੍ਰੋਮਣੀ ਅਕਾਲੀ ਦਲ(ਅੰਮ੍ਰਿਤਸਰ) ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਬੀਬੀ ਭੱਠਲ ਦਾ ਪੁਤਲਾ ਫੂਕਿਆ ਗਿਆ। ਪਾਰਟੀ ਦੇ ਯੂਥ ਵਿੰਗ ਫ਼ਤਹਿਗੜ੍ਹ ਸਾਹਿਬ ਵੱਲੋਂ ਯੂਥ ਦੇ ਕੌਮੀ ਪ੍ਰਧਾਨ ਪ੍ਰਦੀਪ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਬਡਲਾ ਦੀ ਅਗਵਾਈ ਹੇਠ ਨਾਅਰੇਬਾਜ਼ੀ ਤੇ ਰੋਸ ਮਾਰਚ ਕਰਦੇ ਹੋਏ ਪਾਰਟੀ ਵਰਕਰ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਹੁੰਚੇ। ਇਸ ਦੌਰਾਨ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਬੀਬੀ ਭੱਠਲ ਵੱਲੋਂ ਸੰਤ ਭਿੰਡਰਾਂਵਾਲਿਆਂ ਖ਼ਿਲਾਫ਼ ਕੀਤੀ ਗਈ ਟਿੱਪਣੀ ਦੀ ਉਹ ਨਿਖੇਧੀ ਕਰਦੇ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਹ ਰੁਤਬਾ ਸਿੱਖ ਕੌਮ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਵੱਲੋਂ ਦਿੱਤਾ ਗਿਆ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦੀ ਤੁਲਨਾ 'ਸੱਪ' ਨਾਲ ਕਰਨਾ ਅਤੇ ਭਾਰਤੀ ਫੌਜ ਵੱਲੋਂ ਉਨ੍ਹਾਂ ਨੂੰ ਸ਼ਹੀਦ ਕਰਨ ਦੀ ਕਾਰਵਾਈ ਨੂੰ ਸਹੀ ਠਹਿਰਾ ਕੇ ਬੀਬੀ ਭੱਠਲ ਨੇ ਸਮੁੱਚੀ ਸਿੱਖ ਕੌਮ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਜਿਸ ਨੂੰ ਸਿੱਖ ਕੌਮ ਕਦੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਬੀਬੀ ਭੱਠਲ ਨੂੰ ਉਦੋਂ ਤੱਕ ਮੁਆਫ਼ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਬੀਬੀ ਭੱਠਲ ਆਪਣੇ ਵੱਲੋਂ ਵਰਤੇ ਗਏ ਸ਼ਬਦਾਂ ਨੂੰ ਵਾਪਸ ਲੈਂਦੇ ਹੋਏ ਸਿੱਖ ਕੌਮ ਤੋਂ ਮੁਆਫ਼ੀ ਨਹੀਂ ਮੰਗ ਲੈਂਦੀ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਬੀਬੀ ਭੱਠਲ ਵੱਲੋਂ ਆਪਣੇ ਸ਼ਬਦ ਵਾਪਸ ਲਏ ਜਾਣ ਤੱਕ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਇਹ ਵਿਰੋਧ ਜਾਰੀ ਰਹੇਗਾ।



**ਬੀਬੀ ਰਜਿੰਦਰ ਕੌਰ ਭੱਠਲ ਦਾ ਪੁਤਲਾ ਸਾੜਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁਨ।**

# ਸੁਖਬੀਰ ਬਾਦਲ ਨੇ ਇੰਟਰਨੈਸ਼ਨਲ ਪੰਥਕ ਦਲ ਨਾਲ ਬੰਦ ਕਮਰਾ ਮੀਟਿੰਗ ਕੀਤੀ

**ਮੋਗਾ/ਬਿਊਰੋ ਨਿਊਜ਼ :** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਿੰਡ ਰੋਡੇ ਵਿੱਚ ਇੰਗਲੈਂਡ (ਯੂਕੇ), ਇਟਲੀ ਤੇ ਅਮਰੀਕਾ ਤੋਂ ਆਏ ਇੰਟਰਨੈਸ਼ਨਲ ਪੰਥਕ ਦਲ ਆਗੂਆਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਮੀਟਿੰਗ ਵਿੱਚ ਆਨੰਦ ਮੈਰਿਜ ਐਕਟ ਤੇ ਬੇਅਦਬੀ ਘਟਨਾਵਾਂ ਦੇ ਮੁਲਜ਼ਮਾਂ ਖ਼ਿਲਾਫ਼ ਹੱਤਿਆ (302) ਧਾਰਾ ਤਹਿਤ ਕਾਰਵਾਈ ਤੇ ਸਜ਼ਾਵਾਂ ਕੱਟ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਸਣੇ ਹੋਰ ਮੁੱਦਿਆਂ ’ਤੇ ਅੱਧਾ ਘੰਟਾ ਵਿਚਾਰ ਵਟਾਦਰਾਂ ਕੀਤਾ ਗਿਆ। ਇੰਗਲੈਂਡ ਤੋਂ ਇੰਟਰਨੈਸ਼ਨਲ ਪੰਥਕ ਦਲ ਦੇ ਆਗੂ ਰਘਬੀਰ ਸਿੰਘ ਨੇ ਦੱਸਿਆ ਕਿ ਇਸ ਦਲ ਦੇ ਸਰਪ੍ਰਸਤ ਭਾਈ ਜਸਬੀਰ ਸਿੰਘ ਰੋਡੇ ਹਨ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਨੰਦ ਮੈਰਿਜ ਐਕਟ ਜਲਦੀ ਲਾਗੂ



ਕਰਨ ਤੇ ਹੋਰ ਮੰਗਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗਾਮੀ ਇਜਲਾਸ ਵਿੱਚ ਵਿਚਾਰਨ ਦਾ ਭਰੋਸਾ ਦਿੱਤਾ ਹੈ। ਵਫ਼ਦ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਇਹ ਮੁੱਦਾ ਉਠਾਇਆ ਕਿ ਕਾਨੂੰਨ ਮੁਤਾਬਕ ਜੇਲ੍ਹਾਂ ’ਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਜਾਂ 14 ਸਾਲ ਕੈਦ ਕੱਟ ਚੁੱਕੇ ਨਜ਼ਰਬੰਦਾਂ ਦੀ ਪੈਰੋਲ ’ਤੇ ਪੱਕੀ ਰਿਹਾਈ ਹੋ ਸਕਦੀ ਹੈ। ਇਸ ਕਾਨੂੰਨ ਤਹਿਤ ਬਿਹਾਰ ਤੇ ਰਾਜਸਥਾਨ ਸਰਕਾਰ ਨੇ ਪੈਰੋਲ ’ਤੇ ਪੱਕੀ ਰਿਹਾਈ ਲਾਗੂ ਕਰ ਦਿੱਤੀ ਹੈ ਪਰ ਪੰਜਾਬ ਸਰਕਾਰ ਨੇ ਇਹ ਫ਼ੈਸਲਾ ਲਾਗੂ ਨਹੀਂ ਕੀਤਾ। ਇਸ ਮੌਕੇ ਜਥੇਬੰਦੀ ਦੇ ਵਫ਼ਦ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ’ਚ ਸਖ਼ਤ ਕਾਰਵਾਈ ਦੀ ਮੰਗ ਕੀਤੀ। ਵਫ਼ਦ ਨੇ ਕਿਹਾ ਕਿ ਫਰਾਂਸ ਵਰਗੇ ਦੇਸ਼ਾਂ ਵਿੱਚ ਸਿੱਖਾਂ ਦੀ ਦਸਤਾਰ ਤੇ ਸਿਰੀ ਸਾਹਿਬ (ਕਿਰਪਾਨ) ਉਤਰਵਾਉਣ ਦੀਆਂ ਘਟਨਾਵਾਂ ਦੇ ਮਾਮਲੇ ਵਿੱਚ ਭਾਰਤ ਵਿਚਲੇ ਸਬੰਧਤ ਦੇਸ਼ਾਂ ਦੇ ਦੂਤਾਵਾਸ ਅਧਿਕਾਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸਿੱਖਾਂ ਦੀ ਪਛਾਣ ਅਤੇ ਸਿੱਖ ਇਤਿਹਾਸ ਬਾਰੇ ਜਾਣੂ ਕਰਾਇਆ ਜਾਵੇ।

## ਹੁਸ਼ਿਆਰਪੁਰ ਦੇ ਪਿੰਡ ਬਸੀ ਦਾਊਦ ਖਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਹੁਸ਼ਿਆਰਪੁਰ/ਬਿਊਰੋ ਨਿਊਜ਼ :** ਇਸ ਜ਼ਿਲ੍ਹੇ ਦੇ ਪਿੰਡ ਬਸੀ ਦਾਊਦ ਖਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੈ। ਸ਼ਰਾਰਤੀ ਅਨਸਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ’ਤੇ ਝਰੀਟਾਂ ਮਾਰ ਦਿੱਤੀਆਂ ਅਤੇ ਅੰਗਾਂ ਵਿੱਚ ਸਿੰਧੂਰ ਸੁੱਟ ਦਿੱਤਾ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਬੀੜ ਨੂੰ ਗੋਇੰਦਵਾਲ ਸਾਹਿਬ ਰਵਾਨਾ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਸ਼੍ਰੋਮਣੀ ਕਮੇਟੀ ਦੇ ਇੱਕ ਹੋਰ ਮੈਂਬਰ ਹਰਜਿੰਦਰ ਸਿੰਘ ਧਾਮੀ ਨੇ ਮੌਕਾ ਵੇਖਿਆ ਅਤੇ ਪੁਲੀਸ ਨੂੰ ਸੂਚਨਾ ਦਿੱਤੀ। ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ। ਜਾਣਕਾਰੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ 20-25 ਅੰਗਾਂ ’ਤੇ ਲਾਲ ਰੰਗ ਨਾਲ ਲਕੀਰਾਂ ਮਾਰੀਆਂ ਹੋਈਆਂ ਸਨ ਅਤੇ ਸਿੰਧੂਰ ਸੁੱਟਿਆ ਹੋਇਆ ਸੀ। ਇਸ ਮੌਕੇ ਸ੍ਰੀ ਰਾਠਾਂ ਨੇ ਕਿਹਾ ਕਿ ਗੁਰਦੁਆਰੇ ਵਿੱਚ ਸੀਸੀਟੀਵੀ ਕੈਮਰੇ ਲਾਉਣ ਲਈ ਕਿਹਾ ਗਿਆ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

# ਆਦਮਪੁਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਗ੍ਰੰਥੀ ਕਾਬੂ



**ਜਲੰਧਰ/ਬਿਊਰੋ ਨਿਊਜ਼ :**
ਇਥੋਂ ਦੇ ਵਾਰਡ ਨੰਬਰ 7 ਵਿੱਚ ਕਿਸੇ ਨੇ ਗੁਟਕੇ ਦੇ ਪੱਤਰੇ ਪਾੜ ਕੇ ਗਲੀ ਅਤੇ ਇੱਕ ਖਾਲੀ ਦੁਕਾਨ ਵਿੱਚ ਸੁੱਟ ਦਿੱਤੇ। ਪੁਲੀਸ ਨੇ ਇਸ ਮਾਮਲੇ ਸਬੰਧੀ ਇੱਕ ਗ੍ਰੰਥੀ ਨੂੰ ਕਾਬੂ ਕੀਤਾ ਹੈ। ਖਿਲਰੇ ਹੋਏ ਗੁਟਕੇ ਦੇ ਪੰਨਿਆਂ ਨੂੰ ਸਭ ਤੋਂ ਪਹਿਲਾ ਇੱਕ ਲੜਕੀ ਨੇ ਦੇਖਿਆ ਤੇ ਇਸ ਦੀ ਜਾਣਕਾਰੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ। ਸੂਚਨਾ ਮਿਲਣ ’ਤੇ ਘਟਨਾ ਵਾਲੀ ਥਾਂ ਸਿੱਖ ਜਥੇਬੰਦੀਆਂ ਦੇ ਮੈਂਬਰ ਇਕੱਠੇ ਹੋ ਗਏ। ਇਸੇ ਦੌਰਾਨ ਐਸ.ਪੀ. (ਜਾਂਚ) ਪਰਮਿੰਦਰ ਸਿੰਘ ਭੰਡਾਲ, ਡੀ.ਐਸ.ਪੀ. (ਆਦਮਪੁਰ) ਤੇਜਬੀਰ ਸਿੰਘ ਹੁੰਦਲ ਅਤੇ ਡੀ.ਐਸ.ਪੀ. ਸਰਬਜੀਤ ਸਿੰਘ ਰਾਏ ਮੌਕੇ ’ਤੇ ਪੁੱਜੇ। ਐਸ.ਪੀ. ਭੰਡਾਲ ਨੇ ਲੋਕਾਂ ਨੂੰ ਸ਼ਾਂਤ ਕੀਤਾ ਤੇ ਫਿੰਗਰ ਪ੍ਰਿੰਟ ਮਾਹਰਾਂ ਦੀ ਟੀਮ ਸੱਦ ਕੇ ਨਿਸ਼ਾਨ ਲਏ। ਬਾਅਦ ਵਿੱਚ ਗੁਟਕੇ ਨੂੰ ਮਰਿਆਦਾ ਮੁਤਾਬਕ ਆਦਮਪੁਰ ਸਥਿਤ ਨਿਰਮਲ ਕੁਟੀਆ ਲਿਆਂਦਾ ਗਿਆ ਤੇ ਅਰਦਾਸ ਕੀਤੀ ਗਈ। ਨਿਰਮਲ ਕੁਟੀਆ ਵਿਖੇ ਘਟਨਾ ਦੇ ਪਸ਼ਚਾਤਾਪ ਲਈ ਗੁਰੂ ਗ੍ਰੰਥ ਸਾਹਿਬ ਦੇ ਪਾਠ ਆਰੰਭ ਕੀਤੇ ਗਏ। ਪੁਲੀਸ ਨੇ ਨਿਰੰਕਾਰ ਸਿੰਘ ਨਾਮ ਦੇ ਵਿਅਕਤੀ ਦੇ ਬਿਆਨਾਂ ’ਤੇ ਇਸ ਮਾਮਲੇ ਸਬੰਧੀ ਕੇਸ ਦਰਜ ਕੀਤਾ ਤੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ।
ਬਾਅਦ ਵਿੱਚ ਐਸਐਸਪੀ ਹਰਮੋਹਨ ਸਿੰਘ ਸੰਧੂ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੇਅਦਬੀ ਮਾਮਲੇ ਵਿੱਚ ਗੁਰਜੀਤ ਸਿੰਘ ਵਾਸੀ ਵਾਰਡ ਨੰਬਰ 7 ਨੂੰ ਅਲਾਵਲਪੁਰ ਮੋੜ ਤੋਂ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੀਤ ਸਿੰਘ ਗ੍ਰੰਥੀ ਸਿੰਘ ਹੈ ਤੇ ਇਹ ਖਾਲੀ ਸਮੇਂ ਈ-ਰਿਕਸ਼ਾ ਚਲਾਉਂਦਾ ਹੈ। ਉਨ੍ਹਾਂ ਮੁਤਾਬਕ ਗੁਰਜੀਤ ਸਿੰਘ ਨੇ ਮੰਨਿਆ ਕਿ ਉਹ ਰਾਤ ਕੀਰਤਨ ਦਰਬਾਰ ਤੋਂ ਮੋਟੇ ਅੱਖਰਾਂ ਵਾਲਾ ਗੁਟਕਾ 70 ਰੁਪਏ ਵਿੱਚ ਖ਼ਰੀਦ ਕੇ ਲਿਆਇਆ ਸੀ। ਰਾਤ 1: 30 ਵਜੇ ਦੇ ਕਰੀਬ ਉਹ ਘਰ ਨੇੜੇ ਖਾਲੀ ਦੁਕਾਨਾਂ ਦੀਆਂ ਪੌੜੀਆਂ ’ਤੇ ਬੈਠ ਗਿਆ ਤੇ ਗੁਟਕੇ ਨੂੰ ਪਾੜ ਦਿੱਤਾ। ਪਿਛਲੇ ਸਾਲ ਆਦਮਪੁਰ ਦੇ ਪਿੰਡ ਘੁੜਿਆਲ ਦੇ ਜਿਸ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਸੀ, ਉਸ ਵਿੱਚ ਗੁਰਜੀਤ ਸਿੰਘ ਨੇ ਹੀ ਗ੍ਰੰਥੀਆਂ ਦਾ ਪ੍ਰਬੰਧ ਕੀਤਾ ਸੀ।

# ਸ਼੍ਰੋਮਣੀ ਕਮੇਟੀ ਮੀਟਿੰਗ : ਮੁਲਾਜ਼ਮਾਂ ਦੀਆਂ ਤਨਖ਼ਾਹਾਂ ’ਚ ਵਾਧਾ

## ਹੈਂਡਬਾਲ ਖਿਡਾਰਨ ਖ਼ੁਦਕੁਸ਼ੀ ਮਾਮਲੇ ’ਚ ਪੀੜਤ ਪਰਿਵਾਰ ਨੂੰ ਚਾਰ ਲੱਖ ਦੀ ਵਿੱਤੀ ਸਹਾਇਤਾ

**ਦੋਰਾਹਾ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਖੇ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਅਮਲਾ ਵਿਭਾਗ, ਟਰੱਸਟ ਵਿਭਾਗ, ਵਿੱਦਿਅਕ ਅਦਾਰੇ ਤੇ ਸੈਕਸ਼ਨ 85 ਅਤੇ 87 ਦੇ ਗੁਰਦੁਆਰਿਆਂ ਦੇ ਮਾਮਲਿਆਂ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਣੇ ਹੋਰ ਮੰਦਭਾਗੀਆਂ ਘਟਨਾਵਾਂ ’ਤੇ ਦੁੱਖ ਦਾ ਇਜ਼ਹਾਰ ਕਰਦਿਆਂ ਸੋਗ ਮਤੇ ਪਾਏ ਗਏ।
ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਜੋ ਵੀ ਢੁਕਵਾਂ ਫ਼ੈਸਲਾ ਲਿਆ ਜਾਵੇਗਾ, ਉਹ ਸਵੀਕਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਥਿਤੀ ਤਣਾਅਪੂਰਨ ਬਣਨ ਕਾਰਨ ਸਰਹੱਦੀ ਖੇਤਰ ਦੇ ਜਿਹੜੇ ਲੋਕ ਇਲਾਕਾ ਖਾਲੀ ਕਰਕੇ ਆਉਣਗੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੀ ਦੇਖਭਾਲ ਤੇ ਲੰਗਰ ਦਾ ਪ੍ਰਬੰਧ ਕਰੇਗੀ। ਇਸ ਸਬੰਧੀ ਸਾਰੇ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਆਦੇਸ਼ ਜਾਰੀ ਕਰ ਦਿੱਤੇ ਹਨ। ਉਨ੍ਹਾਂ ਵੱਖ-ਵੱਖ ਸ਼ਹਿਰਾਂ ਦੇ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਨਾਲ ਨਸਲੀ ਵਿਤਕਰੇ ਖ਼ਿਲਾਫ਼ ਕੈਲੀਫੋਰਨੀਆ



ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਖੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਅਵਤਾਰ ਸਿੰਘ ਮੱਕੜ।

ਅਸੈਂਬਲੀ ਵੱਲੋਂ ਬਿੱਲ ਪਾਸ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ’ਚ ਤਕਰੀਬਨ 67 ਫ਼ੀਸਦੀ ਦਸਤਾਰ ਸਜਾਉਣ ਵਾਲੇ ਸਿੱਖ ਵਿਦਿਆਰਥੀਆਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਹੈ, ਹੁਣ ਇਸ ਬਿੱਲ ਨਾਲ ਨਸਲੀ ਭੇਦਭਾਵ ਤੋਂ ਸਿੱਖ ਵਿਦਿਆਰਥੀਆਂ ਨੂੰ ਛੁਟਕਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਬਰੋਸ਼ਰ ਛਪ ਕੇ ਤਿਆਰ ਹੋ ਗਿਆ ਹੈ ਜੋ ਵਿਦੇਸ਼ਾਂ ਵਿੱਚ ਵੱਖ-ਵੱਖ ਅਸੈਂਬਲੀਆਂ ਤੱਕ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 1984 ਸਮੇਂ ਜਿਹੜੇ ਸਿੱਖ ਫ਼ੌਜੀਆਂ ਨੇ ਬੈਰਕਾਂ ਛੱਡੀਆਂ ਤੇ ਕੋਰਟ ਮਾਰਸ਼ਲ ਹੋਏ, ਉਨ੍ਹਾਂ ਨੂੰ ਸਹਾਇਤਾ ਦੇਣ ਸਬੰਧੀ ਸਬ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਰੇ ਮੁਲਾਜ਼ਮਾਂ ਨੂੰ 6 ਫ਼ੀਸਦ ਮਹਿੰਗਾਈ ਭੱਤੇ ਦੇ ਨਾਲ 10 ਹਜ਼ਾਰ ਰੁਪਏ ਬੇਸਿਕ ਤਨਖ਼ਾਹ ਵਾਲੇ ਮੁਲਾਜ਼ਮ ਨੂੰ 800 ਰੁਪਏ, 10 ਤੋਂ 20 ਹਜ਼ਾਰ ਵਾਲੇ ਨੂੰ 600 ਤੇ 20 ਹਜ਼ਾਰ ਤੋਂ ਉੱਪਰ ਬੇਸਿਕ ਵਾਲੇ ਮੁਲਾਜ਼ਮ ਦੀ ਤਨਖ਼ਾਹ ’ਚ 500 ਰੁਪਏ ਦਾ ਵਾਧਾ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਮੱਕੜ ਨੇ ਦੱਸਿਆ ਕਿ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਸਾਢੇ ਤਿੰਨ ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਇਸ ਤਹਿਤ ਪੰਜ ਗੁਰਮਤਿ ਸਮਾਗਮ ਉਲੀਕੇ ਗਏ ਹਨ। ਇਕੱਤਰਤਾ ਵਿੱਚ ਲਏ ਫ਼ੈਸਲਿਆਂ ਬਾਰੇ ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਪਟਿਆਲਾ ਦੀ ਹੈਂਡਬਾਲ ਖਿਡਾਰਨ ਪੂਜਾ ਕੁਮਾਰੀ ਦੇ ਪਰਿਵਾਰ ਅਤੇ ਦੋ ਮੈਂਬਰਾਂ ਦੇ ਵਿਆਹ ਲਈ ਚਾਰ ਲੱਖ ਰੁਪਏ ਸਹਾਇਤਾ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਬਹਾਦਰਗੜ੍ਹ, ਪਟਿਆਲਾ ਵੱਲੋਂ ਐਮਏ ਸਿੱਖ ਸਟੱਡੀਜ਼ ਦੇ 15 ਵਿਦਿਆਰਥੀਆਂ ਦੀ ਦੂਜੇ ਸਾਲ ਦੀ ਰਜਿਟਰੇਸ਼ਨ ਫ਼ੀਸ, ਸਮੈਸਟਰ ਦੀ ਪ੍ਰੀਖਿਆ ਫੀਸ ਤੇ ਸਾਲਾਨਾ ਫੀਸ ਵਜੋਂ 87.875 ਰੁਪਏ ਅਦਾ ਕਰਨ, ਗੁਰਦੁਆਰਾ ਗੁਰੂ ਨਾਨਕ ਦੇਵ ਜੀ ਪਿੰਡ ਦਿਹਾਣਾ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਨੈਸ਼ਨਲ ਗੱਤਕਾ ਮੁਕਾਬਲਾ ਕਰਵਾਉਣ ਲਈ 51 ਹਜ਼ਾਰ ਰੁਪਏ ਦੀ ਹੋਰ ਸਹਾਇਤਾ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।
ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਰਘੁਬੀਰ ਸਿੰਘ ਵਿਰਕ, ਮੀਤ ਪ੍ਰਧਾਨ ਕੇਵਲ ਸਿੰਘ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਦਿਆਲ ਸਿੰਘ ਕੋਲਿਆ ਵਾਲੀ ਤੇ ਰਾਜਿੰਦਰ ਸਿੰਘ ਮਹਿਤਾ ਆਦਿ ਹਾਜ਼ਰ ਸਨ, ਜਦੋਂਕਿ ਕਰਨੈਲ ਸਿੰਘ ਪੰਜੋਲੀ ਕਿਸੇ ਹੋਰ ਸਮਾਗਮ ਕਾਰਨ ਮੀਟਿੰਗ ’ਚ ਨਹੀਂ ਪੁੱਜੇ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ 15 ਸਤੰਬਰ ਨੂੰ ਕੀਤੇ ਫ਼ੈਸਲੇ ਅਧੀਨ ਕੇਂਦਰ ਸਰਕਾਰ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟ ਨਾ ਪਾਉਣ ਦੇ ਹੱਕ ਬਾਰੇ ਜਾਰੀ ਨੋਟੀਫ਼ਿਕੇਸ਼ਨ ਨੂੰ ਕਾਨੂੰਨੀ ਰੂਪ ਵਿੱਚ ਮਾਨਤਾ ਦਿੱਤੇ ਜਾਣ ਤੋਂ ਬਾਅਦ ਹੁਣ ਨਵੀਂ ਸਥਿਤੀ ਕਿਵੇਂ ਹੋਵੇਗੀ, ਇਸ ਬਾਰੇ ਸਥਿਤੀ ਸਪਸ਼ਟ ਨਹੀਂ ਹੋਈ ਹੈ।

# ਜਾਖੜ ਨੇ ਪੁਛਿਆ- ਬਾਦਲ ਜੀ, ਸੁਖਬੀਰ ਕਿੱਥੇ ਐ ?

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਵਾਲ ਕੀਤਾ ਹੈ ਕਿ ਜੇਕਰ ਭਾਰਤ-ਪਾਕਿਸਤਾਨ ਸਰਹੱਦ ’ਤੇ ਹਾਲਤ ਏਨੀ ਜ਼ਿਆਦਾ ਗੰਭੀਰ ਹੈ ਤਾਂ ਉਹ ਦੱਸਣ ਕਿ ਸੂਬੇ ਦੇ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਪਿਛਲੇ ਤਿੰਨ ਦਿਨਾਂ ਤੋਂ ਕਿਥੇ ਗਾਇਬ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਗ੍ਰਹਿ ਮੰਤਰੀ ਦੀ ਗੈਰਹਾਜ਼ਰੀ ਸਾਬਤ ਕਰਦੀ ਹੈ ਕਿ ਸਰਹੱਦ ’ਤੇ ਹਾਲਤ ਬਹੁਤੇ ਖ਼ਰਾਬ ਨਹੀਂ ਹਨ ਤੇ ਹਾਕਮ ਧਿਰ ਰਾਜਨੀਤਕ ਲਾਹਾ ਲੈਣ ਦੀ ਖਾਤਰ ਵਧਾ ਚੜ੍ਹਾ ਕੇ ਪੇਸ਼ ਕਰ ਰਹੀ ਹੈ।



ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੁੱਖ ਬੁਲਾਰੇ ਤੇ ਸੀਨਅਰ ਵਿਧਾਇਕ ਸੁਨੀਲ ਜਾਖੜ, ਸੀਨੀਅਰ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਅਤੇ ਹੋਰ ਵਿਧਾਇਕਾਂ ਨੇ ਕਿਹਾ ਕਿ ਸਰਹੱਦ ’ਤੇ ਸਥਿਤੀ ਨੂੰ ਗਲਤ ਰੰਗਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਤੇ ਲੋਕਾਂ ’ਤੇ ਰਾਜ ਕਰਨ ਦਾ ਨੈਤਿਕ ਹੱਕ ਗੁਆ ਚੁੱਕੀ ਹੈ, ਇਸ ਕਰਕੇ ਲੋਕ ਸਰਕਾਰ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਨ। ਇਸ ਕਰਕੇ ਅਕਾਲੀ-ਭਾਜਪਾ ਸਰਕਾਰ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਤਾਂ ਜੋ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਜੰਗ ਲੱਗਣ ਦਾ ਹਊਆ ਖੜ੍ਹਾ ਕਰ ਰਹੀ ਹੈ। ਸ੍ਰੀ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਸਰਹੱਦੀ ਪਿੰਡਾਂ ਵਿੱਚ ਗਏ ਹਨ ਪਰ ਉਨ੍ਹਾਂ ਨੂੰ ਪਿਛਲੇ ਸਾਲ ਝੋਨੇ ਦੀ ਫਸਲ ਦੇ ਨੁਕਸਾਨ ਦਾ ਅਜੇ ਤਕ 717 ਕਰੋੜ ਰੁਪਏ ਦਾ ਮੁਆਵਜ਼ਾ ਨਹੀਂ ਮਿਲਿਆ। ਜੇਕਰ ਮੁੱਖ ਮੰਤਰੀ ਮੁਆਵਜ਼ੇ ਦੀ ਰਾਸ਼ੀ ਨਾਲ ਲੈ ਕੇ ਜਾਂਦੇ ਤਾਂ ਲੋਕ ਉਨ੍ਹਾਂ ਦੀ ਗੱਲ ਨੂੰ ਜ਼ਰੂਰ ਸੁਣਦੇ ਪਰ ਉਹ ਤਾਂ ਖਾਲੀ ਹੱਥ ਗਏ। ਇਸ ਕਰਕੇ ਲੋਕਾਂ ਨੇ ਵਿਰੋਧ ਕੀਤਾ ਹੈ।

## ਡੇਰਾ ਪ੍ਰੇਮੀ ਦੇ ਕਤਲ ਤੇ ਬੇਅਦਬੀ ਮਾਮਲੇ ’ਚ ਚਾਰ ‘ਆਪ’ ਆਗੂ ਗ੍ਰਿਫ਼ਤਾਰ

**ਫ਼ਰੀਦਕੋਟ/ਬਿਊਰੋ ਨਿਊਜ਼ :** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਇੱਕ ਡੇਰਾ ਪ੍ਰੇਮੀ ਦੇ ਕਤਲ ਅਤੇ ਪਿੰਡ ਜਲਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਸੀਆਈਏ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਮੀਰਗੜ੍ਹ ਦੇ ਚਾਰ ਆਪ’ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਨ੍ਹਾਂ ਵਿੱਚ ਬਜ਼ੁਰਗ ਜਰਨੈਲ ਸਿੰਘ ਵੀ ਸ਼ਾਮਲ ਹੈ ਜਿਸ ਨੇ ਬੇਅਦਬੀ ਕਾਂਡ ਤੋਂ ਬਾਅਦ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਥੱਪੜ ਮਾਰਿਆ ਸੀ। ਉਸ ਨਾਲ ਜਸਵੀਰ ਸਿੰਘ, ਅਵਤਾਰ ਸਿੰਘ ਅਤੇ ਕਪੂਰ ਸਿੰਘ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ। ਸੀਆਈਏ ਸਟਾਫ ਦੇ ਇੰਸਪੈਕਟਰ ਛਿੰਦਰ ਪਾਲ ਸਿੰਘ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਮਹਿਜ਼ ਪੁੱਛ-ਗਿੱਛ ਲਈ ਬੁਲਾਇਆ ਗਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਦਰਸ਼ਨ ਸਿੰਘ ਮਾਨ ਨੇ ਕਿਹਾ ਕਿ ਪੁਲੀਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਕਿਸੇ ਪਾਰਟੀ ਨਾਲ ਜੁੜੇ ਹੋਏ ਹਨ। ਆਪ’ ਦੇ ਸਥਾਨਕ ਆਗੂਆਂ ਗੁਰਦਿੱਤ ਸਿੰਘ ਸੇਖੋਂ, ਸਵਰਨ ਸਿੰਘ, ਗੁਰਤੇਜ ਸਿੰਘ ਖੋਸਾ ਅਤੇ ਅਮਨ ਵੜਿੰਗ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਛੱਡਿਆ ਜਾਵੇ ਅਤੇ ਚਾਰਾਂ ਨੂੰ ਘਰਾਂ ’ਚੋਂ ਬਿਨਾਂ ਕੋਈ ਕਾਰਨ ਦੱਸਿਆਂ ਚੁੱਕ ਕੇ ਲਿਆਂਦਾ ਗਿਆ ਹੈ।


Sir Speedy Tustin Printers to the Community
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਾਰਕ ਸੰਮੇਲਨ ਰੱਦ: 31 ਸਾਲਾਂ ਵਿਚ ਪਹਿਲੀ ਵਾਰ ਅੱਤਵਾਦ 'ਤੇ ਚਾਰ ਮੁਲਕਾਂ ਨੇ ਕੀਤਾ ਬਾਈਕਾਟ

## ਸ਼੍ਰੀਲੰਕਾ, ਮਾਲਦੀਪ ਤੇ ਨੇਪਾਲ ਦਾ ਰੁਖ਼ ਸਾਫ਼ ਨਹੀਂ

**ਨਵੀਂ ਦਿੱਲੀ/ਇਸਲਾਮਾਬਾਦ/ਬਿਊਰੋ ਨਿਊਜ਼ :** ਉੜੀ ਦਹਿਸ਼ਤੀ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਕੂਟਨੀਤਕ ਪੱਧਰ 'ਤੇ ਭਾਰਤ ਵੱਲੋਂ ਅਲੱਗ-ਥਲੱਗ ਕਰਨ ਦੀ ਰਣਨੀਤੀ ਰੰਗ ਦਿਖਾਉਣ ਲੱਗ ਪਈ ਹੈ। ਸਾਰਕ ਸੰਮੇਲਨ ਰਾਹੀਂ ਪਾਕਿਸਤਾਨ ਆਪਣੇ ਗੁਆਂਢੀਆਂ ਹੱਥੋਂ ਹੀ ਘਿਰ ਗਿਆ ਹੈ। ਭਾਰਤ ਵੱਲੋਂ ਇਸਲਾਮਾਬਾਦ ਵਿਚ ਨਵੰਬਰ ਵਿਚ ਹੋਣ ਵਾਲੇ ਸਾਰਕ ਸੰਮੇਲਨ ਵਿਚ ਸ਼ਿਰਕਤ ਕਰਨ ਤੋਂ ਇਨਕਾਰ ਕੀਤੇ ਜਾਣ ਬਾਅਦ ਤਿੰਨ ਹੋਰ ਮੁਲਕਾਂ ਅਫ਼ਗਾਨਿਸਤਾਨ, ਭੂਟਾਨ ਅਤੇ ਬੰਗਲਾਦੇਸ਼ ਨੇ ਵੀ ਉਥੇ ਜਾਣ ਤੋਂ ਨਾਂਹ ਕਰ ਦਿੱਤੀ। ਸਾਰਕ ਦੇ 31 ਸਾਲ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਇਕੋ ਵੇਲੇ ਚਾਰ ਮੁਲਕਾਂ ਨੇ ਅੱਤਵਾਦ ਦੇ ਮੁੱਦੇ 'ਤੇ ਦੱਖਣੀ ਏਸ਼ਿਆਈ ਖੇਤਰੀ ਸਹਿਯੋਗ ਸੰਘ




(ਸਾਰਕ) ਸੰਮੇਲਨ ਦਾ ਬਾਈਕਾਟ ਕੀਤਾ। ਅਜਿਹੇ ਵਿਚ ਸੰਮੇਲਨ ਰੱਦ ਹੋਣਾ ਤੈਅ ਹੈ। ਹਾਲਾਂਕਿ ਨੇਪਾਲ ਨੇ ਇਸ ਦਾ ਰਸਮੀ ਐਲਾਨ ਨਹੀਂ ਕੀਤਾ ਹੈ। ਉਧਰ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨਫ਼ੀਸ ਜ਼ਕਾਰੀਆ ਨੇ ਕਿਹਾ ਕਿ ਭਾਵੇਂ ਕੋਈ ਨਾ ਆਵੇ, ਸਾਰਕ ਸੰਮੇਲਨ ਹੋਵੇਗਾ। ਸਾਰਕ ਸੰਮੇਲਨ ਬਾਰੇ ਅੰਤਮ ਫ਼ੈਸਲਾ ਸਾਰਕ ਦੀ ਮੌਜੂਦਾ ਸਮੇਂ 'ਚ ਅਗਵਾਈ ਕਰ ਰਹੇ ਮੁਲਕ ਨੇਪਾਲ ਨੇ ਲੈਣਾ ਹੈ ਅਤੇ ਭਾਰਤ ਨੇ ਵੀ ਆਖ ਦਿੱਤਾ ਹੈ ਕਿ ਇਸ ਨੂੰ ਮੁਲਤਵੀ ਕੀਤਾ ਜਾਣਾ ਚਾਹੀਦਾ ਹੈ। ਪਾਕਿਸਤਾਨ ਲਈ ਫ਼ਿਕਰ ਵਾਲੀ ਗੱਲ ਇਹ ਹੈ ਕਿ ਚਾਰੋਂ ਮੁਲਕਾਂ ਨੇ ਸਾਰਕ ਸੰਮੇਲਨ ਤੋਂ ਹੱਥ ਪਿਛਾਂਹ ਖਿੱਚੇ ਜਾਣ ਲਈ ਅਤਿਵਾਦ ਨੂੰ ਮੁੱਖ ਕਾਰਨ ਦੱਸਿਆ ਹੈ। ਉਨ੍ਹਾਂ ਅਸਿੱਧੇ ਤੌਰ 'ਤੇ ਪਾਕਿਸਤਾਨ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਖਿੱਤੇ ਵਿਚ ਅਜਿਹਾ ਮਾਹੌਲ ਬਣਾਇਆ ਹੈ ਜਿਸ ਨਾਲ ਸੰਮੇਲਨ ਸਫ਼ਲਤਾਪੂਰਬਕ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਪੰਜਵੇਂ ਮੁਲਕ ਸ੍ਰੀਲੰਕਾ ਵੱਲੋਂ ਵੀ ਭਾਰਤ ਦੀ ਤਰਫ਼ਦਾਰੀ ਕੀਤੇ ਜਾਣ ਨਾਲ ਪਾਕਿਸਤਾਨ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ।

## ਪਾਕਿ ਦੀ ਪਰਮਾਣੂ ਧਮਕੀ 'ਤੇ ਹਿਲੇਰੀ ਨੇ ਚਿੰਤਾ ਪ੍ਰਗਟਾਈ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਚਿੰਤਾ ਹੈ ਕਿ ਜੇਕਰ ਪਾਕਿਸਤਾਨ ਵਿੱਚ ਜਹਾਦੀਆਂ ਦੇ ਹੱਥ ਪਰਮਾਣੂ ਹਥਿਆਰ ਲੱਗ ਗਏ



ਤਾਂ ਇਸ ਮੁਲਕ ਤੋਂ ਆਤਮਘਾਤੀ ਪਰਮਾਣੂ ਹਮਲਾਵਰ ਪੈਦਾ ਹੋਣ ਦੀ ਸੰਭਾਵਨਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਹੈਕ ਕੀਤੇ ਗਏ ਕੰਪਿਊਟਰਾਂ ਵਿੱਚੋਂ ਲਈ ਗਈ ਹਿਲੇਰੀ ਦੀ ਆਡੀਓ ਦੇ ਹਵਾਲੇ ਨਾਲ 'ਨਿਊਯਾਰਕ ਟਾਈਮਜ਼' ਨੇ ਰਿਪੋਰਟ ਦਿੱਤੀ ਹੈ, 'ਅਸੀਂ ਡਰ ਵਿੱਚ ਜੀਅ ਰਹੇ ਹਾਂ ਕਿ ਉਹ ਰਾਜਪਲਟਾ ਕਰਨ ਜਾ ਰਹੇ ਹਨ। ਜਹਾਦੀ ਸਰਕਾਰ ਨੂੰ ਡੇਗਣ ਜਾ ਰਹੇ ਹਨ। ਉਹ ਪਰਮਾਣੂ ਹਥਿਆਰਾਂ ਤੱਕ ਪਹੁੰਚ ਕਰਨ ਜਾ ਰਹੇ ਹਨ ਅਤੇ ਫਿਰ ਪਰਮਾਣੂ ਵਿਦਾਈਨ ਹਮਲਾਵਰ ਹੋਣਗੇ। ਇਸ ਲਈ ਇਸ ਤੋਂ ਵੱਧ ਡਰਾਉਣਾ ਮਾਹੌਲ ਨਹੀਂ ਹੋ ਸਕਦਾ।' ਵਰਜੀਨੀਆ ਵਿੱਚ ਸਾਬਕਾ ਵਿਦੇਸ਼ ਮੰਤਰੀ ਨੇ ਫਰਵਰੀ ਵਿੱਚ ਇਕ ਫੰਡ ਇਕੱਠਾ ਕਰਨ ਵਾਲੇ ਵਿਅਕਤੀ ਨੂੰ ਦੱਸਿਆ ਸੀ, 'ਭਾਰਤ ਨਾਲ ਵੈਰ ਕਾਰਨ ਪਾਕਿਸਤਾਨ ਵੱਲੋਂ ਵੱਡੇ ਪੱਧਰ ਉਤੇ ਰਣਨੀਤਕ ਪਰਮਾਣੂ ਵਿਕਾਸ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।'

## ਕਸ਼ਮੀਰ ਸੰਘਰਸ਼ ਦਾ ਸਮਰਥਨ ਕਰਦੇ ਰਹਾਂਗੇ : ਨਵਾਜ਼ ਸ਼ਰੀਫ਼

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸ ਖੇਤਰ ਵਿਚ ਸ਼ਾਂਤੀ ਚਾਹੁੰਦਾ ਹੈ ਪਰ ਕਿਸੇ ਨੂੰ ਵੀ ਪਾਕਿਸਤਾਨ 'ਤੇ ਬੁਰੀ ਨਜ਼ਰ ਰੱਖਣ ਦੀ ਇਜਾਜ਼ਤ ਨਹੀਂ ਦੇਵੇਗਾ। ਇਥੇ ਮੰਤਰੀ ਮੰਡਲ ਦੀ ਮੀਟਿੰਗ ਵਿਚ ਨਵਾਜ਼ ਸ਼ਰੀਫ਼ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਕਸ਼ਮੀਰ ਵਿਚ ਵੱਖਵਾਦੀ ਅੰਦੋਲਨ ਨੂੰ ਆਪਣਾ ਨੈਤਿਕ ਅਤੇ ਕੂਟਨੀਤਕ ਸਮਰਥਨ ਜਾਰੀ ਰੱਖੇਗਾ। ਮੰਤਰੀ ਮੰਡਲ ਦੀ ਮੀਟਿੰਗ ਕੰਟਰੋਲ ਰੇਖਾ ਅਤੇ ਜੰਮੂ ਤੇ ਕਸ਼ਮੀਰ ਵਿਚਲੀ ਸਥਿਤੀ 'ਤੇ ਚਰਚਾ ਲਈ ਬੁਲਾਈ ਗਈ ਸੀ।

ਨਵਾਜ਼ ਸ਼ਰੀਫ਼ ਨੇ ਕਿਹਾ ਕਿ ਪਾਕਿਸਤਾਨ ਆਪਣੇ ਵਿਕਾਸ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਲਈ ਸ਼ਾਂਤੀ ਚਾਹੁੰਦਾ ਹੈ ਪਰ ਕਿਸੇ ਨੂੰ ਵੀ ਦੇਸ਼ 'ਤੇ ਬੁਰੀ ਨਜ਼ਰ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਭਾਰਤ ਵਲੋਂ ਇਹ ਕਹਿਣ ਤੋਂ ਬਾਅਦ ਆਪਣੀ ਪ੍ਰਤੀਕਿਰਿਆ



ਦਿੱਤੀ ਹੈ ਕਿ ਉਸ ਨੇ ਅੱਤਵਾਦੀ ਲਾਂਚ ਪੈਡ 'ਤੇ ਸਰਜੀਕਲ ਹਮਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਜੰਮੂ ਤੇ ਕਸ਼ਮੀਰ ਦਾ ਇਕ ਤਿਹਾਈ ਹਿੱਸਾ ਉਸ ਦੇ ਕੋਲ ਹੈ ਅਤੇ ਦੋ ਤਿਹਾਈ ਹਿੱਸਾ ਭਾਰਤ ਕੋਲ ਹੈ, ਜੋ ਕਿ ਉਪਮਹਾਂਦੀਪ ਦਾ ਅਧੂਰਾ ਏਜੰਡਾ ਹੈ। ਸ਼ਰੀਫ਼ ਨੇ ਮੰਤਰੀ ਮੰਡਲ ਨੂੰ ਕਿਹਾ ਕਿ ਭਾਰਤ ਦਾ ਅੱਤਿਆਚਾਰ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਨੂੰ ਦਬਾਅ ਨਹੀਂ ਸਕਦਾ। ਇਕ ਅਧਿਕਾਰਤ ਬਿਆਨ ਮੁਤਾਬਕ ਪ੍ਰਧਾਨ ਮੰਤਰੀ ਦੇ ਨਾਲ ਹੀ ਪੂਰੇ ਮੰਤਰੀ ਮੰਡਲ ਨੇ ਸਰਜੀਕਲ ਹਮਲਾ ਕਰਨ ਦੇ ਭਾਰਤ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ। ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤੀ ਫ਼ੌਜ ਨੇ ਬਿਨਾਂ ਕਿਸੇ ਕਾਰਨ ਕੰਟਰੋਲ ਰੇਖਾ 'ਤੇ ਗੋਲੀਬਾਰੀ ਕੀਤੀ ਹੈ, ਜਿਸ ਵਿਚ ਦੋ ਪਾਕਿਸਤਾਨੀ ਸੈਨਿਕ ਮਾਰੇ ਗਏ ਹਨ। ਮੰਤਰੀ ਮੰਡਲ ਨੇ ਕਸ਼ਮੀਰੀ ਲੋਕਾਂ ਦੇ ਹੌਸਲੇ, ਬਹਾਦਰੀ ਅਤੇ ਪ੍ਰਤੀਬੱਧਤਾ ਦੀ ਸ਼ਲਾਘਾ ਕੀਤੀ ਜਿਹੜੇ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਤਹਿਤ ਆਤਮ ਨਿਰਣੇ ਦੇ ਅਧਿਕਾਰ ਲਈ ਅੰਦੋਲਨ ਕਰ ਰਹੇ ਹਨ।

ਮੰਤਰੀ ਮੰਡਲ ਨੇ ਕਿਹਾ ਕਿ ਭਾਰਤ ਦਾ ਇਹ ਦਾਅਵਾ ਗਲਤ ਹੈ ਕਿ ਪਾਕਿਸਤਾਨੀ ਅੱਤਵਾਦੀਆਂ ਨੇ ਜੰਮੂ ਤੇ ਕਸ਼ਮੀਰ ਵਿਚ ਸੈਨਾ ਦੇ ਇਕ ਕੈਂਪ 'ਤੇ 18 ਸਤੰਬਰ ਨੂੰ ਹਮਲਾ ਕੀਤਾ, ਜਿਸ ਵਿਚ 19 ਭਾਰਤੀ ਸੈਨਿਕ ਮਾਰੇ ਗਏ ਸਨ। ਨਵਾਜ਼ ਸ਼ਰੀਫ਼ ਨੇ ਕਿਹਾ ਕਿ ਸ਼ਾਂਤੀ ਲਈ ਪਾਕਿਸਤਾਨ ਦੀ ਪ੍ਰਤੀਬੱਧਤਾ ਨੂੰ ਉਸ ਦੀ ਕਮਜ਼ੋਰੀ ਨਹੀਂ ਸਮਝੀ ਜਾਣੀ ਚਾਹੀਦੀ।

## ਭਾਰਤ-ਪਾਕਿ ਸਰਹੱਦੀ ਤਣਾਅ ਘਟਾਉਣ ਲਈ ਸਹਿਮਤ

**ਇਸਲਾਮਾਬਾਦ/ਬਿਊਰੋ ਨਿਊਜ਼ :** ਭਾਰਤ ਅਤੇ ਪਾਕਿਸਤਾਨ ਆਪੋ-ਆਪਣੇ ਕੌਮੀ ਸੁਰੱਖਿਆ ਸਲਾਹਕਾਰਾਂ (ਐਨਐਸਏਜ਼) ਦੀ ਟੈਲੀਫੋਨ ਉਤੇ ਹੋਈ ਗੱਲਬਾਤ ਦੌਰਾਨ ਆਪਸੀ ਤਣਾਅ ਘਟਾਉਣ ਲਈ ਰਾਜ਼ੀ ਹੋ ਗਏ ਹਨ। ਇਹ ਗੱਲ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਇਥੇ ਕਹੀ। ਜ਼ਿਕਰਯੋਗ ਹੈ ਕਿ ਦੋਵਾਂ ਮੁਲਕਾਂ ਦਰਮਿਆਨ ਉੜੀ ਹਮਲੇ ਅਤੇ ਇਸ ਦੇ ਜਵਾਬ ਵਿੱਚ ਭਾਰਤ ਵੱਲੋਂ ਕੀਤੇ ਗਏ ਸਰਜੀਕਲ ਅਪਰੇਸ਼ਨ ਤੋਂ ਬਾਅਦ ਸਿਖਰਲੇ ਪੱਧਰ 'ਤੇ ਹੋਇਆ ਇਹ ਪਹਿਲਾ ਰਾਬਤਾ ਸੀ। ਸ੍ਰੀ ਅਜ਼ੀਜ਼ ਨੇ ਦੱਸਿਆ ਕਿ ਦੋਵਾਂ ਮੁਲਕਾਂ ਦਰਮਿਆਨ ਅਸਲ ਕੰਟਰੋਲ ਰੇਖਾ (ਐਲਓਸੀ) ਉਤੇ ਹਾਲੀਆ ਤਣਾਅ ਤੋਂ ਬਾਅਦ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਨਾਸਿਰ ਜੰਜੂਆ ਵਿਚਕਾਰ ਇਹ ਰਾਬਤਾ ਹੋਇਆ। ਉਨ੍ਹਾਂ ਕਿਹਾ ਕਿ ਇਸ ਦੌਰਾਨ ਦੋਵਾਂ ਧਿਰਾਂ ਨੇ ਐਲਓਸੀ ਉਤੇ ਤਣਾਅ ਘਟਾਉਣ ਲਈ ਹਾਮੀ ਭਰੀ ਹੈ। 'ਜੀਓ ਨਿਊਜ਼' ਨੇ ਉਨ੍ਹਾਂ ਦੇ ਹਵਾਲੇ ਨਾਲ ਨਸ਼ਰ ਆਪਣੀ ਰਿਪੋਰਟ ਵਿੱਚ ਕਿਹਾ, "ਪਾਕਿਸਤਾਨ ਐਲਓਸੀ ਉਤੇ ਤਣਾਅ ਘਟਾਉਣਾ ਅਤੇ ਸਾਰਾ ਧਿਆਨ ਕਸ਼ਮੀਰ ਉਤੇ ਲਾਉਣਾ ਚਾਹੁੰਦਾ ਹੈ।"

ਜ਼ਿਕਰਯੋਗ ਹੈ ਕਿ ਬੀਤੇ ਹਫ਼ਤੇ ਭਾਰਤੀ ਫ਼ੌਜ ਨੇ ਐਲਓਸੀ ਨੇੜੇ ਮਕਬੂਜ਼ਾ ਕਸ਼ਮੀਰ ਵਿੱਚ ਸੱਤ ਥਾਵਾਂ ਉਤੇ ਸਰਜੀਕਲ ਅਪਰੇਸ਼ਨ ਕਰ ਕੇ ਦਹਿਸ਼ਤਗਰਦਾਂ ਦੇ ਲਾਂਚ ਪੈਡਜ਼ ਨੂੰ ਨਿਸ਼ਾਨਾ ਬਣਾਇਆ ਸੀ। ਇਸ ਦੌਰਾਨ ਭਾਰਤ ਵਿੱਚ ਦਾਖ਼ਲ ਹੋਣ ਦੀ ਤਿਆਰੀ ਕਰ ਰਹੇ ਦਹਿਸ਼ਤਗਰਦਾਂ ਨੂੰ 'ਭਾਰੀ ਨੁਕਸਾਨ' ਪਹੁੰਚਾਇਆ ਗਿਆ ਸੀ ਤੇ ਲਾਂਚ ਪੈਡਜ਼ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਸ ਸਰਜੀਕਲ ਅਪਰੇਸ਼ਨ, ਕਸ਼ਮੀਰ ਵਿੱਚ ਉੜੀ ਵਿਖੇ ਪਾਕਿਸਤਾਨੀ ਦਹਿਸ਼ਤਗਰਦਾਂ ਵੱਲੋਂ ਭਾਰਤੀ ਫ਼ੌਜ ਦੇ ਕੈਂਪ ਉਤੇ ਕੀਤੇ ਗਏ ਹਮਲੇ ਦੀ ਜਵਾਬੀ ਕਾਰਵਾਈ ਸੀ। ਉੜੀ ਹਮਲੇ ਵਿੱਚ ਫ਼ੌਜ ਦੇ 19 ਜਵਾਨ ਮਾਰੇ ਗਏ ਸਨ। ਦੂਜੇ ਪਾਸੇ ਪਾਕਿਸਤਾਨ ਲਗਾਤਾਰ ਅਜਿਹਾ ਕੋਈ ਸਰਜੀਕਲ ਅਪਰੇਸ਼ਨ ਹੋਣ ਤੋਂ ਨਾਂਹ ਕਰਦਾ ਆ ਰਿਹਾ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਭਾਰਤੀ ਫ਼ੌਜ ਵੱਲੋਂ ਮਹਿਜ਼ 'ਸਰਹੱਦ ਪਾਰਲੀ ਗੋਲਾਬਾਰੀ' ਕੀਤੀ ਗਈ ਹੈ ਤੇ ਉਸੇ ਨੂੰ ਸਰਜੀਕਲ ਅਪਰੇਸ਼ਨ ਦਾ ਨਾਂ ਦਿੱਤਾ ਜਾ ਰਿਹਾ ਹੈ।

## ਸਿੰਧੂ ਜਲ ਸਮਝੌਤਾ ਤੋੜਨ ਖ਼ਿਲਾਫ਼ ਭਾਰਤ ਨੂੰ ਚੇਤਾਵਨੀ

**ਇਸਲਾਮਾਬਾਦ :** ਪਾਕਿਸਤਾਨ ਦੀਆਂ ਸਿਆਸੀ ਪਾਰਟੀਆਂ ਨੇ ਚੇਤਾਵਨੀ ਦਿੱਤੀ ਕਿ ਜੇ ਭਾਰਤ ਨੇ ਇਸਪਾਸ਼ਤ ਤੌਰ 'ਤੇ ਸਿੰਧੂ ਜਲ ਸਮਝੌਤਾ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਇਸ ਨੂੰ 'ਹਮਲੇ ਦੀ ਕਾਰਵਾਈ' ਵਜੋਂ ਲਿਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਬਲੋਚਿਸਤਾਨ ਵਿੱਚ ਭਾਰਤ ਦੇ ਕਥਿਤ 'ਦਖ਼ਲ' ਦੀ ਵੀ ਨਿਖੇਧੀ ਕੀਤੀ। ਇਹ ਐਲਾਨ ਪਾਕਿਤਸਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਪ੍ਰਧਾਨਗੀ ਹੇਠ ਇਥੇ ਮੁਲਕ ਦੀਆਂ ਸਿਆਸੀ ਤੇ ਪਾਰਲੀਮਾਨੀ ਪਾਰਟੀਆਂ ਦੀ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਇਸ ਮੌਕੇ ਜਾਰੀ ਸਾਂਝੇ ਬਿਆਨ ਵਿੱਚ ਉਨ੍ਹਾਂ 'ਭਾਰਤ ਵੱਲੋਂ ਬਿਨਾਂ ਭੜਕਾਹਟ ਦੇ ਕੀਤੀਆਂ ਜਾ ਰਹੀਆਂ ਹਾਲੀਆ ਹਮਲਾਵਰ ਕਾਰਵਾਈਆਂ ਅਤੇ ਵਾਰ-ਵਾਰ ਜੰਗਬੰਦੀ ਦੇ ਉਲੰਘਣ' ਦੀ ਸਖ਼ਤ ਨਿਖੇਧੀ ਕੀਤੀ ਤੇ ਕਿਹਾ ਕਿ ਇਸ ਨਾਲ 'ਖੇਤਰੀ ਅਮਨ ਤੇ ਸੁਰੱਖਿਆ ਲਈ ਖ਼ਤਰਾ' ਪੈਦਾ ਹੋਵੇਗਾ। ਇਸ ਮੌਕੇ ਪਾਕਿਸਤਾਨੀ ਪਾਰਟੀਆਂ ਨੂੰ ਸ੍ਰੀ ਸ਼ਰੀਫ਼ ਤੇ ਉਨ੍ਹਾਂ ਦੇ ਸਾਥੀ ਵਜ਼ੀਰਾਂ ਨੇ ਐਲਓਸੀ ਦੀ ਸਥਿਤੀ ਬਾਰੇ ਜਾਣੂ ਕਰਵਾਇਆ।

ਗ਼ੌਰਤਲਬ ਹੈ ਕਿ ਇਹ ਆਲ ਪਾਰਟੀ ਮੀਟਿੰਗ ਭਾਰਤ ਵੱਲੋਂ ਹਾਲ ਹੀ ਵਿੱਚ ਐਲਓਸੀ ਉਤੇ ਮਕਬੂਜ਼ਾ ਕਸ਼ਮੀਰ ਵਿੱਚ ਕੀਤੇ ਸਰਜੀਕਲ ਅਪਰੇਸ਼ਨ ਦੇ ਸਬੰਧ ਵਿੱਚ ਸੱਦੀ ਗਈ ਸੀ। ਪਾਕਿਸਤਾਨੀ ਆਗੂਆਂ ਨੇ ਦੋਸ਼ ਲਾਇਆ ਕਿ 'ਭਾਰਤ ਵੱਲੋਂ ਕਸ਼ਮੀਰੀ ਲੋਕਾਂ ਦੀ ਅਜ਼ਾਦੀ ਦੀ ਲੜਾਈ ਨੂੰ ਦਬਾਉਣ ਲਈ ਕੀਤੇ ਜਾ ਰਹੇ ਜ਼ੁਲਮਾਂ ਤੋਂ ਧਿਆਨ ਲਾਂਭੇ ਕਰਨ ਲਈ ਇਸ ਨੂੰ ਐਲਓਸੀ ਪਾਰਲੀ ਦਹਿਸ਼ਤਗਰਦੀ' ਦਾ ਨਾਂ ਦਿੱਤਾ ਜਾ ਰਿਹਾ ਹੈ।

## ਬੀਐਸਐਫ ਨੇ ਘੁਸਪੈਠ ਦੀ ਕੋਸ਼ਿਸ਼ ਨਾਕਾਮ ਕੀਤੀ

**ਗੁਰਦਾਸਪੁਰ/ਬਿਊਰੋ ਨਿਊਜ਼ :** ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਦੋਰਾਂਗਲਾ ਅਧੀਨ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਉੱਤੇ ਸਥਿਤ ਬੀਐਸਐਫ ਦੀ ਚੱਕਰੀ ਚੌਕੀ ਨੇੜਿਓਂ ਹੋਈ ਘੁਸਪੈਠ ਦੀ ਕੋਸ਼ਿਸ਼ ਨੂੰ ਬੀਐਸਐਫ ਜਵਾਨਾਂ ਨੇ ਨਾਕਾਮ ਬਣਾ ਦਿੱਤਾ। ਇਸ ਘਟਨਾ ਕਾਰਨ ਸਰਹੱਦੀ ਇਲਾਕੇ ਵਿੱਚ ਦਹਿਸ਼ਤ ਹੈ। ਇਸ ਮੌਕੇ ਬੀਐਸਐਫ ਦੇ ਜਵਾਨਾਂ ਨੇ ਸਰਹੱਦ ਉੱਤੇ ਗੋਲੀਬਾਰੀ ਵੀ ਕੀਤੀ ਪਰ ਘੁਸਪੈਠੀਏ ਹਨੇਰੇ ਦਾ ਫਾਇਦਾ ਉਠਾ ਕੇ ਫ਼ਰਾਰ ਹੋ ਗਏ। ਬੀਐਸਐਫ ਤੇ ਪੁਲੀਸ ਦੇ ਉੱਚ ਅਧਿਕਾਰੀ ਸਰਹੱਦ ਉੱਤੇ ਕਾਰਵਾਈ ਵਿੱਚ ਰੁੱਝੇ ਹੋਏ ਸਨ ਪਰ ਅਜੇ ਤੱਕ ਕਿਸੇ ਨੇ ਘਟਨਾ ਦੀ ਪੁਸ਼ਟੀ ਨਹੀਂ ਕੀਤੀ। ਜਾਣਕਾਰੀ ਅਨੁਸਾਰ ਪਾਕਿਸਤਾਨੀ ਘੁਸਪੈਠੀਆਂ ਨੇ ਐਤਵਾਰ ਰਾਤ ਕਰੀਬ ਡੇਢ ਵਜੇ ਚੱਕਰੀ ਚੌਕੀ ਨੇੜਿਓਂ ਭਾਰਤ ਵਿੱਚ ਘੁਸਪੈਠ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਦੀ ਗਿਣਤੀ ਅੱਠ ਦੇ ਕਰੀਬ ਦੱਸੀ ਜਾ ਰਹੀ ਹੈ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਸਨ ਅਤੇ ਬੀਐਸਐਫ ਵੱਲੋਂ ਲਾਈਟਾਂ ਵੀ ਜਗਾਈਆਂ ਗਈਆਂ। ਸੂਚਨਾ ਮਿਲਦਿਆਂ ਪੁਲੀਸ ਦੇ ਉੱਚ ਅਧਿਕਾਰੀ ਫੋਰਸ ਸਮੇਤ ਮੌਕੇ ਉੱਤੇ ਪੁੱਜ ਗਏ। ਸੂਤਰਾਂ ਅਨੁਸਾਰ ਬੀਐਸਐਫ ਨੂੰ ਕੰਡਿਆਲੀ ਤਾਰ ਦੇ ਪਾਰਲੇ ਪਾਸੇ ਕੁਝ ਸ਼ੱਕੀਆਂ ਦੀ ਹਿਲਜੁੱਲ ਨਜ਼ਰ ਆਈ ਸੀ।

## ਹਾਫਿਜ਼ ਸਈਦ ਨੇ ਭਾਰਤੀ ਕਾਰਵਾਈ ਦਾ ਮੂੰਹ ਤੋੜ ਜਵਾਬ ਦੇਣ ਦੀ ਚਿਤਾਵਨੀ ਦਿੱਤੀ

**ਲਾਹੌਰ/ਬਿਊਰੋ ਨਿਊਜ਼ :** ਜਮਾਤ-ਉਦ-ਦਾਵਾ ਦੇ ਮੁਖੀ ਅਤੇ 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਮੁੱਖ ਦੋਸ਼ੀ ਹਾਫਿਜ਼ ਮੁਹੰਮਦ ਸਈਦ ਨੇ ਮਕਬੂਜ਼ਾ ਕਸ਼ਮੀਰ ਵਿਚ ਭਾਰਤ ਦੀ ਸੈਨਿਕ ਕਾਰਵਾਈ ਦਾ ਮੂੰਹ ਤੋੜ ਜਵਾਬ ਦੇਣ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਣ ਪਤਾ ਲੱਗ ਜਾਵੇਗਾ ਕਿ ਸਰਜੀਕਲ ਹਮਲਿਆਂ ਦਾ ਕੀ ਮਤਲਬ ਹੁੰਦਾ ਹੈ। ਫੈਸਲਾਬਾਦ ਵਿਖੇ ਇਕ ਜਨਤਕ ਇਕੱਠ



ਨੂੰ ਸੰਬੋਧਨ ਕਰਦਿਆਂ ਸਈਦ ਨੇ ਕਿਹਾ ਕਿ ਅਸੀਂ ਤੁਹਾਨੂੰ ਦੱਸਾਂਗੇ ਕਿ ਅਸਲ ਸਰਜੀਕਲ ਹਮਲਾ ਕੀ ਹੁੰਦਾ ਹੈ ਅਤੇ ਤੁਹਾਨੂੰ ਛੇਤੀ ਹੀ ਇਸ ਦਾ ਜਵਾਬ ਮਿਲ ਜਾਵੇਗਾ। ਉਸ ਨੇ ਕਿਹਾ ਕਿ ਉਹ ਭਾਰਤੀ ਮੀਡੀਆ ਨੂੰ ਦੱਸਣਾ ਚਾਹੁੰਦਾ ਹੈ ਕਿ ਤੁਸੀਂ ਛੇਤੀ ਹੀ ਦੇਖੋਗੇ ਕਿ ਪਾਕਿਸਤਾਨੀ ਜਵਾਨ ਕਿਵੇਂ ਸਰਜੀਕਲ ਹਮਲਾ ਕਰਦੇ ਹਨ। ਉਹ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਅਮਰੀਕਾ ਵੀ ਤੁਹਾਡੀ ਮਦਦ ਨਹੀਂ ਕਰ ਸਕੇਗਾ।

# ਸਰਹੱਦੀ ਜ਼ਿਲ੍ਹਿਆਂ ਦੇ ਪਿੰਡ ਖਾਲੀ ਕਰਵਾਏ



ਅਟਾਰੀ ਨੇੜਲੇ ਇੱਕ ਸਰਹੱਦੀ ਪਿੰਡ ਦੇ ਬਸ਼ਿੰਦੇ ਸਰਕਾਰੀ ਹੁਕਮਾਂ ਮਗਰੋਂ ਆਪਣਾ ਨਿੱਕ-ਸੁੱਕ ਸਾਂਭ ਕੇ ਸੁਰੱਖਿਅਤ ਟਿਕਾਣਿਆਂ ਵੱਲ ਰੁਖ਼ਸਤ ਹੁੰਦੇ ਹੋਏ।

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਵਾਪਰ ਰਹੀਆਂ ਘਟਨਾਵਾਂ ਨੂੰ ਦੇਖਦਿਆਂ 6 ਸਰਹੱਦੀ ਜ਼ਿਲ੍ਹਿਆਂ ਵਿਚਲੇ 987 ਪਿੰਡ ਹੰਗਾਮੀ ਹਾਲਤ ਵਿੱਚ ਖਾਲ੍ਹੀ ਕਰਵਾ ਲਏ ਗਏ ਹਨ। ਇਹ ਕਦਮ ਬੀਤੀ ਰਾਤ ਭਾਰਤੀ ਫੌਜ ਵੱਲੋਂ ਕਸ਼ਮੀਰ ਵਿੱਚ ਸਰਹੱਦ ਪਾਰ ਅਤਿਵਾਦੀਆਂ ਵਿਰੁੱਧ ਕਾਰਵਾਈ ਕਰਨ ਤੋਂ ਬਾਅਦ ਪਾਕਿਸਤਾਨ ਵੱਲੋਂ ਕਿਸੇ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਸਵੇਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਫੋਨ 'ਤੇ ਸਮੁੱਚੀ ਸਥਿਤੀ ਦੀ ਜਾਣਕਾਰੀ ਲਈ ਅਤੇ ਭਾਰਤ ਸਰਕਾਰ ਦੇ ਹੁਕਮਾਂ 'ਤੇ ਪਿੰਡ ਖਾਲੀ ਕਰਨ ਦੇ ਆਦੇਸ਼ ਦਿੱਤੇ। ਇਸ ਤਹਿਤ ਫਿਰੋਜ਼ਪੁਰ ਦੇ 300, ਗੁਰਦਾਸਪੁਰ ਦੇ 290, ਅੰਮ੍ਰਿਤਸਰ ਦੇ 137, ਤਰਨਤਾਰਨ ਦੇ 135, ਫਾਜ਼ਿਲਕਾ ਦੇ 60 ਅਤੇ ਪਠਾਨਕੋਟ ਦੇ 65 ਪਿੰਡ ਖਾਲੀ ਕਰਨ ਲਈ ਕਿਹਾ ਗਿਆ ਹੈ। ਸ੍ਰੀ ਬਾਦਲ ਨੇ ਪਹਿਲਾਂ ਸਮੂਹ ਅਧਿਕਾਰੀਆਂ ਦੀ ਮੀਟਿੰਗ ਕਰਕੇ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੁੱਖ ਅਧਿਕਾਰੀਆਂ ਨੂੰ ਸਬੰਧਤ ਜ਼ਿਲ੍ਹਿਆਂ ਵਿਚ ਮੋਰਚੇ ਸਾਂਭਣ ਦੇ ਆਦੇਸ਼ ਦਿੱਤੇ।

ਸ੍ਰੀ ਬਾਦਲ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਉਨ੍ਹਾਂ ਨੂੰ ਕੌਮਾਂਤਰੀ ਸਰਹੱਦ ਦੀ 10 ਕਿਲੋਮੀਟਰ ਦੀ ਪੱਟੀ ਵਿੱਚ ਪੈਂਦੇ ਪਿੰਡ ਖਾਲੀ ਕਰਵਾਉਣ ਲਈ ਕਿਹਾ ਸੀ। ਉਨ੍ਹਾਂ ਮੀਟਿੰਗ ਦੌਰਾਨ ਮੁੱਖ ਸਕੱਤਰ ਤੇ ਡੀਜੀਪੀ ਨੂੰ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਫਿਰੋਜ਼ਪੁਰ, ਫਾਜ਼ਿਲਕਾ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ 10 ਕਿਲੋਮੀਟਰ ਦੇ ਘੇਰੇ ਦੇ ਇਲਾਕੇ ਖਾਲੀ ਕਰਵਾਉਣ ਦੀ ਪ੍ਰਕਿਰਿਆ 'ਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਕੈਂਪ ਸਥਾਪਤ ਕਰਨ ਲਈ ਢੁੱਕਵੀਆਂ ਥਾਵਾਂ ਦੀ ਸ਼ਨਾਖਤ ਕਰਨ ਲਈ ਆਖਿਆ ਹੈ ਅਤੇ ਕਿਹਾ ਹੈ ਕਿ ਖਾਲੀ ਕਰਵਾਏ ਜਾਣ ਵਾਲੇ ਇਲਾਕੇ ਦੇ ਕਿਸੇ ਵੀ ਬਸ਼ਿੰਦੇ ਨੂੰ ਅਸੁਵਿਧਾ ਅਤੇ ਮੁਸ਼ਕਲ ਨਹੀਂ ਆਉਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਸਬੰਧਤ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨਾਲ ਵੀ ਨਿੱਜੀ ਤੌਰ 'ਤੇ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਸਰਹੱਦੀ ਜ਼ਿਲ੍ਹਿਆਂ ਦੇ ਆਪਣੇ ਵਿਧਾਨ ਸਭਾ ਹਲਕਿਆਂ ਵਿੱਚ ਹੀ ਰਹਿਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਤਾਲਮੇਲ ਬਣਾ ਕੇ ਰੱਖਣ ਲਈ ਆਖਿਆ। ਉਨ੍ਹਾਂ ਮੌਜੂਦਾ ਹਾਲਤ ਨਾਲ ਨਜਿੱਠਣ ਲਈ ਸਰਹੱਦੀ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇੱਕ-ਇੱਕ ਕਰੋੜ ਰੁਪਏ ਜਾਰੀ ਕਰਨ ਦੇ ਆਦੇਸ਼ ਵੀ ਦਿੱਤੇ ਹਨ।

ਮੁੱਖ ਮੰਤਰੀ ਨੇ ਸਰਹੱਦ 'ਤੇ ਪੈਦਾ ਹੋਈ ਸਥਿਤੀ ਅਤੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਦਿੱਤੀ ਹਦਾਇਤ ਦਾ ਜਾਇਜ਼ਾ ਲੈਣ ਲਈ ਮੰਤਰੀ ਮੰਡਲ ਦੀ ਹੰਗਾਮੀ ਮੀਟਿੰਗ ਵੀ ਸੱਦੀ। ਮੰਤਰੀ ਮੰਡਲ ਨੇ ਮਤਾ ਪਾਸ ਕਰਕੇ ਭਾਰਤੀ ਫੌਜ ਵੱਲੋਂ ਕੀਤੀ ਕਾਰਵਾਈ ਦੀ ਸ਼ਲਾਘਾ ਕੀਤੀ। ਮੀਟਿੰਗ ਤੋਂ ਬਾਅਦ ਸ੍ਰੀ ਬਾਦਲ ਨੇ ਕਿਹਾ ਕਿ ਸਟੇਟ ਡਿਜ਼ਾਸਟਰ ਰਿਸਪੌਂਸ ਕਮੇਟੀ ਨੂੰ ਵੀ ਸਰਗਰਮ ਕਰ ਦਿੱਤਾ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਲੰਘੀ ਰਾਤ ਹੋਈ ਫੌਜੀ ਕਾਰਵਾਈ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਵਧੀਕ ਮੁੱਖ ਸਕੱਤਰ ਗ੍ਰਹਿ ਅਤੇ ਏਡੀਜੀਪੀ ਅਮਨ ਤੇ ਕਾਨੂੰਨ ਨੂੰ ਅੰਮ੍ਰਿਤਸਰ ਵਿੱਚ ਸਮੁੱਚੇ ਹਾਲਾਤ 'ਤੇ ਨਜ਼ਰ ਰੱਖਣ ਲਈ ਤਾਇਨਾਤ ਕਰ ਦਿੱਤਾ ਹੈ। ਇਨ੍ਹਾਂ ਜ਼ਿਲ੍ਹਿਆਂ ਦੀ ਸਰਹੱਦ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਆਉਂਦੇ ਸਾਰੇ ਸਕੂਲ ਬੰਦ ਕਰ ਦਿੱਤੇ ਹਨ ਅਤੇ ਅਧਿਕਾਰੀਆਂ ਤੇ ਹੋਰ ਸਬੰਧਤ ਅਮਲੇ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਸ੍ਰੀ ਬਾਦਲ ਨੇ ਕਿਹਾ ਕਿ ਫਿਲਹਾਲ ਪਾਕਿਸਤਾਨ ਵੱਲੋਂ ਕੋਈ ਹਰਕਤ ਕਰਨ ਦਾ ਸਰਕਾਰ ਨੂੰ ਕੋਈ ਅਲਰਟ ਨਹੀਂ ਮਿਲਿਆ ਹੈ। ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਦੱਸਿਆ ਕਿ ਪਿੰਡਾਂ ਦੇ ਲੋਕ ਆਪਣੇ ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਕੋਲ ਵੀ ਸ਼ਰਨ ਲੈ ਰਹੇ ਹਨ। ਹਰੇਕ ਸਬੰਧਤ ਜ਼ਿਲ੍ਹੇ ਵਿੱਚ 6-6 ਸੀਨੀਅਰ ਆਈਏਐਸ ਅਧਿਕਾਰੀ ਤਾਇਨਾਤ ਕੀਤੇ ਗਏ ਹਨ ਜੋ ਸਮੁੱਚੇ ਹਾਲਾਤ 'ਤੇ ਨਜ਼ਰ ਰੱਖਣਗੇ।

ਪੰਜਾਬ ਸਰਕਾਰ ਨੇ ਪ੍ਰਭਾਵਿਤ ਪਿੰਡਾਂ ਵਿੱਚ ਨਜ਼ਰ ਰੱਖਣ ਲਈ ਸੀਨੀਅਰ ਆਈਏਐਸ ਅਧਿਕਾਰੀ ਤਾਇਨਾਤ ਕੀਤੇ ਹਨ। ਐਨਆਰਆਈ ਮਾਮਲਿਆਂ ਬਾਰੇ ਪ੍ਰਿੰਸੀਪਲ ਸਕੱਤਰ ਸੰਜੈ ਕੁਮਾਰ ਨੂੰ ਜ਼ਿਲ੍ਹਾ ਫਿਰੋਜ਼ਪੁਰ, ਪ੍ਰਿੰਸੀਪਲ ਸਕੱਤਰ (ਪਾਵਰ) ਏ ਵੇਣੂ ਪ੍ਰਸਾਦ ਨੂੰ ਫਾਜ਼ਿਲਕਾ, ਪ੍ਰਿੰਸੀਪਲ ਸਕੱਤਰ (ਯੋਜਨਾ) ਐੱਸਆਰ ਲੱਧੜ ਨੂੰ ਪਠਾਨਕੋਟ, ਵਿਜੀਲੈਂਸ ਸਕੱਤਰ ਵਿਵੇਕ ਪ੍ਰਤਾਪ ਸਿੰਘ ਨੂੰ ਗੁਰਦਾਸਪੁਰ, ਸਿੰਜਾਈ ਸਕੱਤਰ ਕੇਐੱਸ ਪੰਨੂ ਨੂੰ ਅੰਮ੍ਰਿਤਸਰ ਅਤੇ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਐੱਚਐੱਸ ਨੰਦਾ ਨੂੰ ਤਰਨ ਤਾਰਨ ਜ਼ਿਲ੍ਹੇ ਵਿੱਚ ਤਾਇਨਾਤ ਕੀਤਾ ਗਿਆ ਹੈ।

## ਲੋਕਾਂ ਦੇ ਠਹਿਰਾਅ ਲਈ ਪੈਲੇਸਾਂ 'ਚ ਕੀਤਾ ਇੰਤਜ਼ਾਮ

**ਪਠਾਨਕੋਟ/ਬਿਊਰੋ ਨਿਊਜ਼ :** ਸਰਕਾਰੀ ਆਦੇਸ਼ਾਂ ਮਗਰੋਂ ਹਾਈ ਅਲਰਟ ਦੇ ਚਲਦਿਆਂ ਇਲਾਕੇ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ। ਪ੍ਰਸ਼ਾਸਨ ਵੱਲੋਂ ਬਮਿਆਲ ਦੇ ਸਰਹੱਦੀ ਖੇਤਰ ਅੰਦਰ ਪੈਂਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਮਝਾਉਣ ਉਪਰੰਤ ਲੋਕਾਂ ਨੇ ਸੁਰੱਖਿਅਤ ਸਥਾਨਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ ਹੈ। ਖਾਸ ਤੌਰ 'ਤੇ ਔਰਤਾਂ ਅਤੇ ਬੱਚੇ ਸੁਰੱਖਿਅਤ ਸਥਾਨਾਂ 'ਤੇ ਚਲੇ ਗਏ ਹਨ, ਜਦੋਂਕਿ ਪੁਰਸ਼ ਮੈਂਬਰ ਘਰਾਂ ਵਿੱਚ ਬਾਕੀ ਕੰਮਕਾਰ ਕਰਨ ਅਤੇ ਡੰਗਰਾਂ ਦੀ ਦੇਖਭਾਲ ਤੇ ਰਾਖੀ ਲਈ ਪਿੱਛੇ ਰਹਿ ਗਏ ਹਨ। ਸਿਵਲ ਹਸਪਤਾਲ ਪਠਾਨਕੋਟ ਦੇ ਐਮਰਜੈਂਸੀ ਵਾਰਡ ਨੂੰ ਖਾਲੀ ਕਰਵਾ ਲਿਆ ਗਿਆ ਹੈ।

ਜਾਣਕਾਰੀ ਅਨੁਸਾਰ ਪ੍ਰਸ਼ਾਸਨ ਨੇ ਸਰਹੱਦੀ ਖੇਤਰ ਵਿੱਚ ਪੈਂਦੇ 85 ਪਿੰਡਾਂ ਵਿੱਚ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਆਦੇਸ਼ ਦੇ ਦਿੱਤੇ ਹਨ। ਦੁਪਹਿਰ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਅਧਿਕਾਰੀਆਂ ਨੂੰ ਨਰੋਟ ਜੈਮਲ ਸਿੰਘ, ਪਠਾਨਕੋਟ ਤੇ ਤਾਰਾਗੜ੍ਹ ਸਥਾਨਾਂ 'ਤੇ ਲੋਕਾਂ ਨੂੰ ਸ਼ਿਫਟ ਕਰਾਉਣ ਲਈ ਠਹਿਰਾਉਣ ਵਾਸਤੇ ਪੈਲੇਸ, ਸਕੂਲ ਤੇ ਹੋਰ ਇਮਾਰਤਾਂ ਦੀ ਸ਼ਨਾਖ਼ਤ ਕਰਨ ਲਈ ਆਦੇਸ਼ ਦੇ ਦਿੱਤੇ ਅਤੇ ਅਧਿਕਾਰੀਆਂ ਨੇ ਪੈਲੇਸ ਖਾਲੀ ਕਰਵਾ ਲਏ। ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਸਰਹੱਦੀ ਪਿੰਡਾਂ ਦੇ ਲੋਕ ਸੁਰੱਖਿਅਤ ਥਾਵਾਂ 'ਤੇ ਪਲਾਇਨ ਕਰਨ ਲਈ ਤਿਆਰ ਨਹੀਂ ਹਨ ਤਾਂ ਸ਼ਾਮ ਨੂੰ ਭੋਆ ਹਲਕੇ ਦੀ ਵਿਧਾਇਕ ਤੇ ਚੀਫ਼ ਪਾਰਲੀਮਾਨੀ ਸਕੱਤਰ ਸੀਮਾ ਕੁਮਾਰੀ, ਐਸਪੀ ਅਪਰੇਸ਼ਨ ਹੇਮ ਪੁਸ਼ਪ ਸ਼ਰਮਾ, ਡੀਐਸਪੀ ਕੁਲਦੀਪ ਸਿੰਘ ਠਾਕੁਰ ਤੇ ਹੋਰ ਪੁਲੀਸ ਅਧਿਕਾਰੀਆਂ ਨੇ ਕਮਾਨ ਆਪਣੇ ਹੱਥ ਵਿੱਚ ਲੈ ਲਈ ਅਤੇ ਲੋਕਾਂ ਨੂੰ ਮਨਾਇਆ ਕਿ ਉਨ੍ਹਾਂ ਦਾ ਇਸ ਖੇਤਰ ਵਿੱਚੋਂ ਸੁਰੱਖਿਅਤ ਥਾਵਾਂ 'ਤੇ ਜਾਣਾ ਹੀ ਠੀਕ ਰਹੇਗਾ। ਇਸ ਉਪਰੰਤ ਪਿੰਡਾਂ ਦੇ ਲੋਕ ਔਰਤਾਂ ਤੇ ਬੱਚਿਆਂ ਨੂੰ ਨਾਲ ਲੈ ਕੇ ਟਰੈਕਟਰਾਂ, ਮੋਟਰਸਾਈਕਲਾਂ ਤੇ ਹੋਰ ਵਾਹਨਾਂ 'ਤੇ ਸੁਰੱਖਿਅਤ ਥਾਵਾਂ ਨੂੰ ਚੱਲ ਪਏ। ਪ੍ਰਸ਼ਾਸਨ ਨੇ ਲੋਕਾਂ ਵਾਸਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵੀ ਮੁਹੱਈਆ ਕਰਵਾ ਦਿੱਤੀਆਂ ਹਨ। ਤਾਰਾਗੜ੍ਹ ਵਿੱਚ 11 ਦੇ ਕਰੀਬ ਪੈਲੇਸ ਪ੍ਰਸ਼ਾਸਨ ਨੇ ਖਾਲੀ ਕਰਵਾਏ ਹਨ। ਇਸ ਦੇ ਇਲਾਵਾ ਪ੍ਰਸ਼ਾਸਨ ਨੇ ਲੋਕਾਂ ਨੂੰ ਗੁਰਦੁਆਰਾ ਬਾਰਠ ਸਾਹਿਬ ਵਿਖੇ ਵੀ ਠਹਿਰਾਉਣ ਦਾ ਪ੍ਰਬੰਧ ਕੀਤਾ ਹੈ। ਇਸ ਦੌਰਾਨ ਸਿਵਲ ਹਸਪਤਾਲ ਪਠਾਨਕੋਟ ਵਿੱਚ ਡਾਇਰੈਕਟਰ ਹੈਲਥ ਸਰਵਿਸ ਵੱਲੋਂ ਐਸਐਮਓ ਨੂੰ ਫੋਨ ਕਰਕੇ ਐਮਰਜੈਂਸੀ ਵਾਰਡ ਨੂੰ ਦੂਜੇ ਜ਼ਖ਼ਮੀਆਂ ਲਈ ਖਾਲੀ ਕਰਨ ਦੇ ਦਿੱਤੇ ਗਏ ਅਤੇ ਆਦੇਸ਼ਾਂ ਦੇ ਬਾਅਦ ਜ਼ਿਲ੍ਹਾ ਹਸਪਤਾਲ ਪ੍ਰਸ਼ਾਸਨ ਨੇ ਐਮਰਜੈਂਸੀ ਵਾਰਡ ਵਿੱਚ ਦਾਖ਼ਲ ਮਰੀਜ਼ਾਂ ਨੂੰ ਦੂਜੇ ਵਾਰਡਾਂ ਵਿੱਚ ਸ਼ਿਫਟ ਕਰਨ ਦਾ ਕੰਮ ਜਾਰੀ ਕਰ ਦਿੱਤਾ। ਐਸਐਮਓ ਡਾ. ਭੁਪਿੰਦਰ ਸਿੰਘ ਨੇ ਦੱਸਿਆ ਕਿ ਹਾਈ ਅਲਰਟ ਦੇ ਚੱਲਦਿਆਂ ਉਨ੍ਹਾਂ ਨੂੰ ਇਹ ਆਦੇਸ਼ ਮਿਲਿਆ ਹੈ। ਇਸ ਲਈ ਐਮਰਜੈਂਸੀ ਵਾਰਡ ਵਿੱਚ ਦਾਖ਼ਲ ਮਰੀਜ਼ਾਂ ਨੂੰ ਹੋਰ ਜਗ੍ਹਾ 'ਤੇ ਸ਼ਿਫਟ ਕਰਨਾ ਪੈ ਰਿਹਾ ਹੈ। ਸਰਹੱਦ ਖੇਤਰ ਦੇ ਆਸ ਪਾਸ ਦੇ ਖੇਤਰਾਂ ਵਿੱਚ ਸੈਨਾ ਅਤੇ ਪੁਲਿਸ ਵੱਲੋਂ ਸੁਰੱਖਿਆ ਵਧਾ ਦਿੱਤੀ ਗਈ ਹੈ। ਦੂਜੇ ਪਾਸੇ ਏਅਰਬੇਸ ਦੇ ਅੰਦਰ ਕੰਮ ਕਰਨ ਵਾਲੇ ਦਿਹਾੜੀਦਾਰ ਤੇ ਹੋਰ ਵਿਅਕਤੀਆਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਏਅਰਫੋਰਸ ਵੱਲੋਂ ਵੀ ਆਪਣੇ ਆਸ ਪਾਸ ਦੇ ਖੇਤਰਾਂ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ।

## ਪੁਲੀਸ ਤੇ ਪ੍ਰਸ਼ਾਸਨ ਵਲੋਂ ਜ਼ੋਰ ਪਾਉਣ ਮਗਰੋਂ ਲੋਕ ਘਰ-ਬਾਰ ਛੱਡਣ ਲਈ ਮਜਬੂਰ ਹੋਏ

**ਪਠਾਨਕੋਟ/ਬਿਊਰੋ ਨਿਊਜ਼ :** ਭਾਰਤੀ ਫੌਜ ਵੱਲੋਂ ਕੀਤੇ ਗਏ ਸਰਜੀਕਲ ਅਪਰੇਸ਼ਨ ਤੋਂ ਬਾਅਦ ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਨਾਲ ਲੱਗਦੇ ਬਮਿਆਲ ਸੈਕਟਰ ਦੇ ਪਿੰਡਾਂ ਨੂੰ ਖਾਲੀ ਕਰਵਾਉਣ ਦੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਗਈ ਪ੍ਰਕਿਰਿਆ ਜਾਰੀ ਹੈ। ਉਝ ਦਰਿਆ ਦੇ ਪਾਰ ਪੈਂਦੇ ਜ਼ੀਰੋ ਲਾਈਨ ਨਾਲ ਲੱਗਦੇ 15 ਪਿੰਡਾਂ ਦੇ 651 ਮੈਂਬਰਾਂ ਨੂੰ ਪਠਾਨਕੋਟ ਦੇ ਨਾਲ ਲੱਗਦੇ ਗੁਰਦੁਆਰਾ ਬਾਰਠ ਸਾਹਿਬ ਵਿਖੇ ਰਾਹਤ ਕੈਂਪ ਵਿੱਚ ਠਹਿਰਾਇਆ ਗਿਆ ਹੈ।

ਇਸ ਰਾਹਤ ਕੈਂਪ ਵਿੱਚ ਪੁੱਜੇ ਜ਼ਿਆਦਾਤਰ ਲੋਕ ਗਰੀਬ ਅਤੇ ਦਿਹਾੜੀਦਾਰ ਹਨ। ਜ਼ੀਰੋ ਲਾਈਨ 'ਤੇ ਵਸੇ ਸਕੋਲ ਪਿੰਡ ਦੇ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਦੀ ਆਬਾਦੀ 450 ਦੇ ਕਰੀਬ ਹੈ, ਜਿਸ ਵਿੱਚੋਂ 300 ਲੋਕ ਆ ਗਏ ਹਨ ਅਤੇ 150 ਦੇ ਕਰੀਬ ਘਰਾਂ ਤੇ ਡੰਗਰਾਂ ਦੀ ਦੇਖ ਭਾਲ ਕਰਨ ਲਈ ਪਿੱਛੇ ਰਹਿ ਗਏ ਹਨ। ਇਸ ਪਿੰਡ ਦੇ ਬਲਵੀਰ ਚੰਦ, ਸਲਵਿੰਦਰ ਸਿੰਘ, ਪਰਵੀਨ ਕੁਮਾਰ ਨੇ ਗਿਲਾ ਕੀਤਾ ਕਿ ਉਨ੍ਹਾਂ ਨੂੰ ਵਾਰ-ਵਾਰ ਉਠਣ ਨਾਲ ਖੱਜਲ ਖੁਆਰੀ ਹੁੰਦੀ ਹੈ ਪਰ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਉਨ੍ਹਾਂ ਕਿਹਾ ਕਿ ਉਹ ਉੱਥੋਂ ਆਉਣ ਲਈ ਤਿਆਰ ਨਹੀਂ ਸਨ ਪਰ ਪੁਲੀਸ ਅਤੇ ਪ੍ਰਸ਼ਾਸਨ ਨੇ ਏਨਾ ਸਹਿਮ ਪੈਦਾ ਕਰ ਦਿੱਤਾ ਕਿ ਉਨ੍ਹਾਂ ਨੂੰ ਮਜਬੂਰਨ ਆਪਣਾ ਘਰ ਛੱਡ ਕੇ ਬੱਚਿਆਂ ਸਮੇਤ ਰਾਹਤ ਕੈਂਪ ਵਿੱਚ ਆਉਣਾ ਪਿਆ। ਪਲਾਹ ਪਿੰਡ ਦੀ ਪਰਮਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਵਾਰ-ਵਾਰ ਉਠਾ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸੇ ਪਿੰਡ ਦੇ 75 ਸਾਲ ਦੇ ਬਜ਼ੁਰਗ ਸੰਤੋਖ ਸਿੰਘ ਦਾ ਕਹਿਣਾ ਹੈ ਕਿ ਉਹ ਖੇਤੀਬਾੜੀ ਕਰਦਾ ਹੈ ਅਤੇ ਉਸ ਨੂੰ ਖੜ੍ਹੀ ਫਸਲ ਛੱਡ ਕੇ ਇੱਥੇ ਰਾਹਤ ਕੈਂਪ ਵਿੱਚ ਮਜਬੂਰੀਵੱਸ ਆਉਣਾ ਪਿਆ ਹੈ। ਇੱਥੇ ਆਏ ਸਕੋਲ, ਸਿੰਬਲ ਕੁੱਲੀਆਂ, ਟੀਂਡਾ, ਖੋਜਕੀ ਚੱਕ, ਪਲਾਹ, ਦੋਸਤਪੁਰ, ਬਲੋਤਰ, ਸਰੋਟਾ ਪਿੰਡਾਂ ਦੇ ਲੋਕਾਂ ਦਾ ਕਹਿਣਾ ਸੀ ਕਿ ਉਹ ਇੱਥੇ ਆਉਣ ਨੂੰ ਤਿਆਰ ਨਹੀਂ ਸੀ ਬਲਕਿ ਉਹ ਤਾਂ ਉੱਥੇ ਹੀ ਸੈਨਿਕ ਜਵਾਨਾਂ ਦੇ ਨਾਲ ਮਰਨਾ ਪਸੰਦ ਕਰਦੇ ਹਨ ਪ੍ਰੰਤੂ ਪ੍ਰਸ਼ਾਸਨ ਵੱਲੋਂ ਦਬਾਅ ਬਣਾਏ ਜਾਣ ਕਾਰਨ ਉਨ੍ਹਾਂ ਨੂੰ ਆਉਣਾ ਪਿਆ। ਉਨ੍ਹਾਂ ਦੱਸਿਆ ਕਿ ਕੁਝ ਸਰਦੇ ਪੁੱਜਦੇ ਲੋਕ ਤਾਂ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ ਹਨ ਜਦਕਿ ਗਰੀਬੀ ਕਾਰਨ ਉਨ੍ਹਾਂ ਨੂੰ ਇੱਥੇ ਕੈਂਪ ਵਿਚ ਆਉਣਾ ਪਿਆ।

## ਬਹੁਤੇ ਲੋਕਾਂ ਨੇ ਘਰ ਛੱਡਣ ਤੋਂ ਕੀਤਾ ਇਨਕਾਰ

**ਫ਼ਿਰੋਜ਼ਪੁਰ/ਬਿਊਰੋ ਨਿਊਜ਼ :** ਭਾਰਤ-ਪਾਕਿਸਤਾਨ ਸਰਹੱਦ ਨੇੜੇ ਵਸਦੇ ਲੋਕਾਂ ਨੂੰ ਆਪਣੇ ਘਰ ਤੁਰੰਤ ਖਾਲੀ ਕਰਨ ਦੇ ਸਰਕਾਰੀ ਹੁਕਮਾਂ ਨਾਲ ਬਹੁਤੇ ਲੋਕ ਅਜੇ ਵੀ ਸਹਿਮਤ ਨਹੀਂ ਹੋਏ। ਹੁਸੈਨੀਵਾਲਾ ਹੈੱਡ ਵਰਕਸ ਤੋਂ ਪਾਰ ਵੱਸਦੇ 11 ਪਿੰਡਾਂ ਦੇ ਬਹੁਤੇ ਲੋਕਾਂ ਨੇ ਆਪਣੇ ਘਰ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ। ਕਈਆਂ ਨੇ ਆਪਣੇ ਬੱਚਿਆਂ ਅਤੇ ਔਰਤਾਂ ਨੂੰ ਰਿਸ਼ਤੇਦਾਰਾਂ ਕੋਲ ਭੇਜ ਦਿੱਤਾ ਹੈ ਪਰ ਖੁਦ ਘਰਾਂ ਵਿੱਚ ਹੀ ਮੌਜੂਦ ਹਨ। ਘਰਾਂ ਵਿੱਚ ਪਏ ਸਾਮਾਨ, ਖੇਤਾਂ ਵਿੱਚ ਖੜ੍ਹੀ ਪੱਕੀ ਫ਼ਸਲ ਅਤੇ ਆਪਣੇ ਪਸ਼ੂਆਂ ਨੂੰ ਛੱਡਣ ਲਈ ਇਹ ਲੋਕ ਰਾਜ਼ੀ ਨਹੀਂ ਹਨ ਅਤੇ ਨਾ ਹੀ ਪ੍ਰਸ਼ਾਸਨ ਵੱਲੋਂ ਕੀਤੇ ਇੰਤਜ਼ਾਮਾਂ ਤੋਂ ਸੰਤੁਸ਼ਟ ਹਨ। ਲੋਕ ਰਾਹਤ ਕੈਂਪਾਂ ਵਿੱਚ ਠਹਿਰਣ ਦੀ ਥਾਂ ਰਿਸ਼ਤੇਦਾਰਾਂ ਕੋਲ ਠਹਿਰਨ ਨੂੰ ਤਰਜੀਹ ਦੇ ਰਹੇ ਹਨ, ਜਿਸ ਕਰਕੇ ਤਕਰੀਬਨ ਸਾਰੇ ਰਾਹਤ ਕੈਂਪ ਅਜੇ ਤੱਕ ਸੁੰਨੇ ਹੀ ਪਏ ਹਨ। ਕਈ ਲੋਕ ਜੋ ਲੰਘੀ ਰਾਤ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ ਸਨ, ਉਹ ਵੀ ਆਪਣੇ ਘਰਾਂ ਨੂੰ ਪਰਤ ਆਏ। ਡਿਪਟੀ ਕਮਿਸ਼ਨਰ ਡੀਪੀਐਸ ਖਰਬੰਦਾ ਨੇ ਇੱਕ ਵਾਰ ਫਿਰ ਪਿੰਡ ਗੱਟੀ ਰਾਜੋ ਕੇ, ਟੇਂਡੀ ਵਾਲਾ, ਜੱਲੇ ਵਾਲਾ ਤੇ ਚਾਂਦੀ ਵਾਲਾ ਦਾ ਦੌਰਾ ਕੀਤਾ ਤੇ ਲੋਕਾਂ ਨੂੰ ਰਾਹਤ ਕੈਂਪਾਂ ਵਿੱਚ ਜਾ ਕੇ ਰਹਿਣ ਦੀ ਅਪੀਲ ਕੀਤੀ। ਨਵੀਂ ਗੱਟੀ ਰਾਜੋ ਕੇ ਦੇ ਸਾਬਕਾ ਸਰਪੰਚ ਬਲਬੀਰ ਸਿੰਘ ਅਤੇ ਗੱਟੀ ਰਾਜੋ ਕੇ ਦੇ ਸਰਪੰਚ ਮੱਖਣ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨਿਕ ਅਧਿਕਾਰੀ ਲੋਕਾਂ ਤੋਂ ਧੱਕੇ ਨਾਲ ਪਿੰਡ ਖਾਲੀ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਲੋਕ ਆਪਣੇ ਘਰ ਛੱਡਣ ਨੂੰ ਤਿਆਰ ਨਹੀਂ। ਸ੍ਰੀ ਖਰਬੰਦਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 35 ਰਾਹਤ ਕੈਂਪਾਂ ਦੀ ਵਿਵਸਥਾ ਕੀਤੀ ਗਈ ਹੈ। ਜ਼ਿਲ੍ਹੇ ਦੇ ਕੁਝ ਵੱਡੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਪ੍ਰਸ਼ਾਸਨ ਨੂੰ ਪੀੜਤ ਪਰਿਵਾਰਾਂ ਦੇ ਖਾਣ-ਪੀਣ ਅਤੇ ਠਹਿਰਾਉਣ ਲਈ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਡੀ.ਸੀ. ਦਫ਼ਤਰ ਵਿੱਚ ਲੋਕਾਂ ਦੀ ਮਦਦ ਅਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿਸ ਦੇ ਫ਼ੋਨ ਨੰਬਰ 01632-244024 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਜੰਮੂ ਦੇ ਪਾਲੋਰਾ ਪਿੰਡ ਵਾਸੀ ਸੁਰੱਖਿਅਤ ਥਾਵਾਂ 'ਤੇ ਜਾਂਦੇ ਹੋਏ

## ਸ਼੍ਰੋਮਣੀ ਕਮੇਟੀ ਨੇ ਸਰਹੱਦੀ ਲੋਕਾਂ ਵਾਸਤੇ ਲੰਗਰ ਲਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਰਹੱਦ ਤੇ ਜੰਗ ਦੇ ਖ਼ਤਰੇ ਕਾਰਨ ਬਣੇ ਮਾਹੌਲ ਤਹਿਤ ਸ਼੍ਰੋਮਣੀ ਕਮੇਟੀ ਵਲੋਂ ਸਰਹੱਦੀ ਲੋਕਾਂ ਦੀ ਰਿਹਾਇਸ਼ ਅਤੇ ਲੰਗਰ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਤਹਿਤ ਸਰਹੱਦੀ ਪਿੰਡਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿੱਚ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਇਸ ਦੀ ਜਾਣਕਾਰੀ ਦਿੰਦਿਆਂ ਸਕੱਤਰ ਮਨਜੀਤ ਸਿੰਘ ਨੇ ਦਸਿਆ ਕਿ ਸਰਹੱਦੀ ਪਿੰਡਾਂ ਵਿੱਚ ਬਣੇ ਤਣਾਅ ਵਾਲੇ ਮਾਹੌਲ ਦਾ ਮਾਮਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਹੈ ਅਤੇ ਅੰਤ੍ਰਿੰਗ ਕਮੇਟੀ ਵਲੋਂ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।

# ਸੁੱਚਾ ਸਿੰਘ ਛੋਟੇਪੁਰ ਨੇ ਬਣਾਈ 'ਆਪਣਾ ਪੰਜਾਬ' ਪਾਰਟੀ

## ਪੰਜਾਬ ਪ੍ਰੋਗਰੈਸਿਵ ਅਲਾਇੰਸ ਹੇਠ ਲੜੀਆਂ ਜਾਣਗੀਆਂ ਸਾਰੀਆਂ ਸੀਟਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਦੇ ਅਹੁਦੇ ਤੋਂ ਹਟਾਏ ਗਏ ਸੁੱਚਾ ਸਿੰਘ ਛੋਟੇਪੁਰ ਨੇ 'ਆਪਣਾ ਪੰਜਾਬ' ਪਾਰਟੀ ਬਣਾ ਕੇ 117 ਵਿਧਾਨ ਸਭਾ ਸੀਟਾਂ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਪਾਰਟੀ ਦੇ ਪ੍ਰਧਾਨ ਸ੍ਰੀ ਛੋਟੇਪੁਰ ਹੋਣਗੇ ਅਤੇ 'ਆਪ' ਤੋਂ ਅਸਤੀਫ਼ਾ ਦੇ ਚੁੱਕੇ ਹਰਦੀਪ ਸਿੰਘ ਕਿੰਗਰਾ ਜਨਰਲ ਸਕੱਤਰ ਅਤੇ ਐਚ.ਐਸ. ਚੀਮਾ ਖ਼ਜ਼ਾਨਚੀ ਹੋਣਗੇ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਹੋਰ ਵਿੰਗਾਂ ਦਾ ਐਲਾਨ ਜਲਦੀ ਕਰਨ ਦਾ ਸੰਕੇਤ ਦਿੱਤਾ ਗਿਆ ਹੈ। ਸ੍ਰੀ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਦੀ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਦੇ ਧੜੇ ਨਾਲ ਗੱਠਜੋੜ ਦੀ ਗੱਲ ਹੋ ਚੁੱਕੀ ਹੈ। ਉਹ ਇਕ ਨਿਮਾਣੇ ਵਿਅਕਤੀ ਵਜੋਂ 'ਆਵਾਜ਼-ਏ-ਪੰਜਾਬ' ਦੇ ਆਗੂਆਂ ਨਵਜੋਤ ਸਿੰਘ ਸਿੱਧੂ, ਬੈਂਸ ਭਰਾਵਾਂ ਅਤੇ ਪਰਗਟ ਸਿੰਘ ਕੋਲ ਵੀ ਗੱਠਜੋੜ ਵਾਸਤੇ ਪਹੁੰਚ ਕਰ ਚੁੱਕੇ ਹਨ। ਉਹ 16 ਦਿਨ ਅਜਿਹੇ ਯਤਨਾਂ ਵਿੱਚ ਰਹੇ ਹਨ ਅਤੇ ਸ੍ਰੀ ਸਿੱਧੂ ਨੂੰ ਅੱਗੇ ਲਾ ਕੇ ਚੱਲਣ ਲਈ ਵੀ ਤਿਆਰ ਸਨ ਪਰ ਫਿਲਹਾਲ ਇਸ ਧੜੇ ਨਾਲ ਸਾਂਝ ਦੀ ਗੱਲ ਸਿਰੇ ਨਹੀਂ ਲੱਗ ਸਕੀ ਹੈ। ਉਨ੍ਹਾਂ ਕਿਹਾ ਕਿ ਜੇ ਅੱਜ ਵੀ ਸਿੱਧੂ ਧੜਾ ਪਹੁੰਚ ਕਰੇਗਾ ਤਾਂ ਉਹ ਸਾਂਝ ਲਈ ਤਿਆਰ ਹਨ। ਸ੍ਰੀ ਛੋਟੇਪੁਰ ਨੇ ਸਪਸ਼ਟ ਕੀਤਾ ਕਿ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ 'ਆਪ' ਨਾਲ ਉਨ੍ਹਾਂ ਦੀ ਪਾਰਟੀ ਕਿਸੇ ਵੀ ਰੂਪ ਵਿੱਚ ਕੋਈ ਸਾਂਝ ਨਹੀਂ ਪਾਵੇਗੀ। ਗਾਂਧੀ ਧੜੇ ਸਮੇਤ ਹੋਰ ਧਿਰਾਂ ਨੂੰ ਜੋੜ ਕੇ ਪੰਜਾਬ ਪ੍ਰੋਗਰੈਸਿਵ ਅਲਾਇੰਸ ਬਣਾਇਆ ਜਾਵੇਗਾ ਅਤੇ ਇਸ ਪਲੇਟਫਾਰਮ ਤੋਂ ਸਮੂਹ 117 ਸੀਟਾਂ ਉਪਰ ਚੋਣ ਲੜੀ ਜਾਵੇਗੀ। ਸ੍ਰੀ ਛੋਟੇਪੁਰ ਨੇ ਕਿਹਾ ਕਿ ਹੋਰ ਪਾਰਟੀਆਂ ਦੇ ਚੰਗੇ ਲੀਡਰ ਉਹ ਆਪਣੀ ਪਾਰਟੀ ਵਿੱਚ ਸ਼ਾਮਲ ਕਰਨਗੇ। ਦੱਸਣਯੋਗ ਹੈ ਕਿ ਪਹਿਲਾਂ ਸ੍ਰੀ ਛੋਟੇਪੁਰ ਦੋਸ਼ ਲਾਉਂਦੇ ਰਹੇ ਹਨ ਕਿ 'ਆਪ' ਨੇ ਆਪਣੇ ਵਾਲੰਟੀਅਰਾਂ ਨੂੰ ਅੱਖੋਂ-ਪਰੋਖੇ ਕਰਕੇ ਹੋਰ ਪਾਰਟੀਆਂ ਦੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਖੇਤਰੀ ਪਾਰਟੀਆਂ ਦਾ ਯੁੱਗ ਹੈ, ਜਿਸ ਦੀ ਮਿਸਾਲ ਮਮਤਾ ਬੈਨਰਜੀ ਅਤੇ ਜੈਲਲਿਤਾ ਹਨ। ਸ੍ਰੀ ਛੋਟੇਪੁਰ ਨੇ ਦੱਸਿਆ ਕਿ ਭਾਵੇਂ ਉਹ ਢਾਈ ਸਾਲ 'ਆਪ' ਦੇ ਕਨਵੀਨਰ ਰਹੇ ਪਰ ਉਨ੍ਹਾਂ ਨੂੰ ਕੋਈ ਸਿਆਸੀ ਅਧਿਕਾਰ ਨਹੀਂ ਦਿੱਤੇ ਗਏ ਸਨ ਅਤੇ ਨਾ ਹੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦਾ ਮੈਂਬਰ ਹੀ ਬਣਾਇਆ ਸੀ। ਉਨ੍ਹਾਂ ਕੋਲੋਂ ਟਿਕਟਾਂ ਵੰਡਣ ਵੇਲੇ ਵੀ ਕੋਈ ਸਲਾਹ ਨਹੀਂ ਲਈ ਸੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਪੰਜਾਬ ਦੀ ਨੰਬਰ ਇਕ ਦੁਸ਼ਮਣ ਹੈ। ਹੁਣ ਅਕਾਲੀ ਦਲ ਮਹਿਜ਼ ਬਾਦਲ ਪਰਿਵਾਰ ਐਂਡ ਕੰਪਨੀ ਬਣ ਕੇ ਰਹਿ ਗਿਆ ਹੈ ਅਤੇ ਟਕਸਾਲੀ ਆਗੂਆਂ ਦੀ ਕੋਈ ਵੁੱਕਤ ਨਹੀਂ ਹੈ। ਸ੍ਰੀ ਬਾਦਲ ਨੇ ਅਕਾਲੀ ਦਲ ਨੂੰ ਭਾਜਪਾ ਕੋਲ ਗਹਿਣੇ ਰੱਖ ਦਿੱਤਾ ਹੈ। ਕਾਂਗਰਸ ਨੇ ਕਦੇ ਵੀ ਪੰਜਾਬ ਦੇ ਹਿੱਤ ਨਹੀਂ ਪਾਲੇ ਅਤੇ ਇਸ ਦੇ ਆਗੂ ਮਹਿਜ਼ ਪੈਸੇ ਇਕੱਠੇ ਕਰਨ ਤੱਕ ਹੀ ਸੀਮਤ ਹਨ। ਦੂਜੇ ਪਾਸੇ 'ਆਪ' ਵੱਲੋਂ ਪੰਜਾਬੀਆਂ ਨੂੰ ਦਿਖਾਏ ਸੁਪਨੇ ਫਰਾਡ ਸਾਬਤ ਹੋਏ ਹਨ। ਇਸ ਮੌਕੇ ਪਾਰਟੀ ਦਾ ਚੋਣ ਨਿਸ਼ਾਨ ਵੀ ਜਾਰੀ ਕੀਤਾ ਗਿਆ। ਰਾਸ਼ਟਰੀ ਲੋਕ ਸਮਾਜ ਪਾਰਟੀ ਹਰਿਆਣਾ, ਦਲਿਤ ਕ੍ਰਾਂਤੀ ਦਲ, ਜੈ ਜਵਾਨ ਕਿਸਾਨ ਪਾਰਟੀ ਅਤੇ ਇੰਡੀਆ ਲੇਬਰ ਪਾਰਟੀ ਨੇ 'ਆਪਣਾ ਪੰਜਾਬ' ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਸ੍ਰੀ ਛੋਟੇਪੁਰ ਨੇ ਕਿਹਾ ਕਿ 10 ਫੀਸਦੀ ਸੀਟਾਂ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਦਿੱਤੀਆਂ ਜਾਣਗੀਆਂ।



### 'ਕੁਰਸੀ' ਲਈ ਹੋਈ 'ਜੰਗ'

*ਸ੍ਰੀ ਛੋਟੇਪੁਰ ਦੇ ਪਾਰਟੀ ਬਣਾਉਣ ਤੋਂ ਪਹਿਲਾਂ ਹੀ ਕੁਰਸੀ ਲਈ ਜੰਗ ਸ਼ੁਰੂ ਹੋ ਗਈ ਹੈ। ਦਰਅਸਲ ਸ੍ਰੀ ਛੋਟੇਪੁਰ ਦੇ ਸੱਜੇ ਹੱਥ ਵਾਲੀ ਕੁਰਸੀ ਉਪਰ ਰਾਸ਼ਟਰੀ ਲੋਕ ਸਮਾਜ ਪਾਰਟੀ ਹਰਿਆਣਾ ਦੇ ਪ੍ਰਧਾਨ ਤੇ ਸਾਬਕਾ ਆਈਪੀਐਸ ਅਫਸਰ ਰਣਦੀਪ ਸ਼ਰਮਾ ਬੈਠ ਗਏ। ਸ੍ਰੀ ਕਿੰਗਰਾ ਸਮੇਤ ਕਈ ਆਗੂਆਂ ਨੇ ਉਨ੍ਹਾਂ ਨੂੰ ਉਥੋਂ ਉਠਣ ਲਈ ਕਿਹਾ ਪਰ ਉਹ ਟੱਸ ਤੋਂ ਮੱਸ ਨਹੀਂ ਹੋਏ। ਸ੍ਰੀ ਛੋਟੇਪੁਰ ਨੇ ਵੀ ਉਨ੍ਹਾਂ ਨੂੰ ਬੇਨਤੀ ਕੀਤੀ ਪਰ ਇਸ ਦੇ ਬਾਵਜੂਦ ਉਹ ਹਰੇਕ ਨੂੰ ਝਿੜਕਦੇ ਗਏ। ਅਖੀਰ ਸਮੂਹ ਨੇਤਾਵਾਂ ਵੱਲੋਂ ਲੇਲੜੀਆਂ ਕੱਢਣ ਬਾਅਦ ਉਹ ਕੁਰਸੀ ਤੋਂ ਉੱਠੇ ਅਤੇ ਉਸ ਕੁਰਸੀ 'ਤੇ 'ਆਪ' ਨੂੰ ਅਲਵਿਦਾ ਕਹਿ ਚੁੱਕੇ ਸਾਬਕਾ ਆਈਏਐਸ ਅਧਿਕਾਰੀ ਆਰ.ਆਰ. ਭਾਰਦਵਾਜ ਦੇ ਬੈਠਣ ਤੋਂ ਬਾਅਦ ਹੀ ਪ੍ਰੈਸ ਕਾਨਫਰੰਸ ਸ਼ੁਰੂ ਹੋਈ।*

# ਲੁਧਿਆਣਾ ਦਾ ਪਲਪ੍ਰੀਤ ਸਿੰਘ ਐਨਬੀਏ ਟੀਮ ਵਿਚ ਦਾਖ਼ਲ ਹੋਣ ਦੇ ਨੇੜੇ

**ਮੁੰਬਈ/ਬਿਊਰੋ ਨਿਊਜ਼ :**

ਲੁਧਿਆਣਾ ਦਾ ਪਲਪ੍ਰੀਤ ਸਿੰਘ ਬਰਾੜ ਹੁਣ ਅਮਰੀਕਾ ਵਿਚ ਆਪਣੀ ਬਾਸਕਿਟਬਾਲ ਦਾ ਸੁਪਨਾ ਪੂਰਾ ਕਰੇਗਾ। ਉਹ ਐਨ.ਬੀ.ਏ. ਡਿਵੈਲਪਮੈਂਟ ਲੀਗ ਨਾਲ ਸਮਝੌਤਾ ਕਰਨ ਦੇ ਕਾਫ਼ੀ ਨੇੜੇ ਹੈ। ਭਾਰਤ ਦਾ ਪਹਿਲਾ ਕੌਮੀ ਬਾਸਕਿਟਬਾਲ ਪ੍ਰਤਿਭਾ ਖੋਜ ਪ੍ਰੋਗਰਾਮ 'ਏ.ਸੀ.ਜੀ-ਐਨ.ਬੀ.ਏ.' ਦਾ ਜੇਤੂ ਪਲਪ੍ਰੀਤ ਐਨ.ਬੀ.ਏ. ਡਿਵੈਲਪਮੈਂਟ ਲੀਗ ਵਿਚ ਚੋਣ ਲਈ ਹੁਣ ਯੋਗ ਹੋ ਗਿਆ ਹੈ। ਉਹ ਚੋਣ 25 ਅਕਤੂਬਰ ਨੂੰ ਹੋਵੇਗੀ। ਜੇਕਰ ਉਹ ਐਨ.ਬੀ.ਏ. ਵਿਚ ਦਾਖ਼ਲਾ ਪਾ ਲੈਂਦਾ ਹੈ ਤਾਂ ਉਹ ਸਤਨਾਮ ਸਿੰਘ, ਜਿਸ ਨੂੰ ਪਿਛਲੇ ਸਾਲ ਡਲਾਸ ਮਾਵਰਿਕਸ ਨੇ ਚੁਣਿਆ ਸੀ, ਤੋਂ ਬਾਅਦ ਦੂਜਾ ਭਾਰਤੀ ਖਿਡਾਰੀ ਹੋਵੇਗਾ। ਦੋਵੇਂ ਖਿਡਾਰੀ ਲੁਧਿਆਣਾ ਬਾਸਕਿਟ ਬਾਲ ਅਕੈਡਮੀ ਤੋਂ ਹਨ। ਮੈਨਹੈਟਨ ਵਿਚ ਕੋਚ ਰੋਸ ਬਰਨ ਨਾਲ ਨਿਊ ਯਾਰਕ ਅਥਲੈਟਿਕ ਕਲੱਬ ਵਿਖੇ ਟਰੇਨਿੰਗ ਲੈਣ ਵਾਲੇ 6 ਫੁੱਟ 9 ਇੰਚ ਦੇ ਪਲਪ੍ਰੀਤ ਬਰਾੜ ਨੇ ਕਿਹਾ, "ਮੈਂ ਬਹੁਤ ਸਖ਼ਤ ਮਿਹਨਤ ਕੀਤੀ ਹੈ ਤੇ ਮੈਨੂੰ ਪੂਰਾ ਭਰੋਸਾ ਹੈ ਕਿ ਮੇਰੀ ਐਨ.ਬੀ.ਏ. ਵਿਚ ਚੋਣ ਹੋ ਜਾਵੇਗੀ। ਮੈਂ ਇਸ ਮੌਕੇ ਦਾ ਪੂਰਾ ਲਾਹਾ ਲਵਾਂਗਾ।" ਫਰਵਰੀ ਦੇ ਅੰਤ ਵਿਚ ਹੋਏ ਏ.ਸੀ.ਜੀ-ਐਨ.ਬੀ.ਏ. ਜੰਪ ਨੈਸ਼ਨਲ ਫਾਈਨਲ ਅਤੇ ਨਿਊ ਯਾਰਕ ਵਿਚ 14 ਅਗਸਤ ਨੂੰ ਹੋਏ ਨੈਸ਼ਨਲ ਟਰਾਈ ਆਊਟਸ ਵਿਚ ਪਲਪ੍ਰੀਤ ਨੇ ਐਨ.ਬੀ.ਏ. ਦੇ ਸਾਬਕਾ ਚੈਂਪੀਅਨ ਬਰੀਅਨ ਸ਼ਾਅ ਨੂੰ ਕਾਫ਼ੀ ਪ੍ਰਭਾਵਤ ਕੀਤਾ ਸੀ। ਉਸ ਦਿਨ 200 ਤੋਂ ਵੱਧ ਖਿਡਾਰੀਆਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ ਸੀ। ਐਨ.ਬੀ.ਏ. ਵਿਚ ਦਾਖ਼ਲਾ ਲੈਣ ਵਾਲੇ 200 ਤੋਂ ਵੱਧ ਖਿਡਾਰੀਆਂ ਵਿਚਾਲੇ ਮੁਕਾਬਲਾ ਹੋਵੇਗਾ। ਬਰਾੜ ਨੂੰ ਉਮੀਦ ਹੈ ਕਿ ਉਹ ਇਸ ਸਖ਼ਤ ਮੁਕਾਬਲੇ ਵਿਚ ਜੇਤੂ ਰਹੇਗਾ।



# ਇੰਟਰਨੈਸ਼ਨਲ ਕਬੱਡੀ ਕੱਪ ਬੇ-ਏਰੀਏ ਦੀ ਟੀਮ ਨੇ ਆਪਣੇ ਨਾਂਅ ਕੀਤਾ





### ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਜਾਫੀ ਖੁਸ਼ੀ ਦਿੜਵਾ ਬਣੇ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**

ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸਿਲਮਾ ਵੱਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐਸ.ਏ. ਦੇ ਅਸੂਲਾਂ ਮੁਤਾਬਕ ਇੰਟਰਨੈਸ਼ਨਲ ਕਬੱਡੀ ਕੱਪ 20 16 ਚੱਕਚਾਂਸੀ ਪਾਰਕ ਫਰਿਜ਼ਨੋ ਵਿਖੇ ਲੰਘੇ ਐਤਵਾਰ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਪਹੁੰਚੇ ਹੋਏ ਸਨ। ਪਤਵੰਤੇ ਸੱਜਣਾਂ ਨੇ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ ਅਤੇ ਪ੍ਰਬੰਧਕਾ ਵੱਲੋਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਟੂਰਨਾਮੈਂਟ ਦੇ ਸਾਰੇ ਮੈਚ ਹੀ ਬਹੁਤ ਕਮਾਲ ਦੇ ਸਨ, ਖਿਡਾਰੀਆਂ ਨੇ ਜੀਅ-ਜਾਨ ਲਾ ਕੇ ਆਪਣੀ ਖੇਡ ਦਾ ਮੁਜ਼ਾਹਰਾ ਕੀਤਾ। ਬਹੁਤ ਹੀ ਫਸਵੇਂ ਮੁਕਾਬਲੇ ਵਿੱਚ ਬੇ-ਏਰੀਆ ਦੀ ਟੀਮ ਨੇ ਫਾਇਨਲ ਮੈਚ ਵਿੱਚ ਸੈਂਟਰਲ ਵੈਲੀ ਦੀ ਟੀਮ ਨੂੰ ਹਰਾ ਕੇ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ ਅਤੇ ਕੱਪ ਆਪਣੇ ਨਾਂ ਕਰ ਲਿਆ। ਸੈਮੀ-ਫਾਇਨਲ ਮੈਚ ਫਤਿਹ ਸਪੋਰਟਸ ਕਲੱਬ ਤੋਂ ਹਾਰਨ ਪਿਛੋਂ ਫਰਿਜ਼ਨੋ ਦੀ ਟੀਮ ਨੂੰ ਚੌਥੇ ਸਥਾਨ 'ਤੇ ਹੀ ਸਬਰ ਕਰਨਾ ਪਿਆ। ਅੰਡਰ ਟਵੰਟੀ ਵੰਨ ਦੇ ਕਬੱਡੀ ਮੈਚ ਵੀ ਬਹੁਤ ਰੌਚਿਕ ਰਹੇ। ਇਨ੍ਹਾਂ ਮੈਚਾਂ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਯੂਬਾ ਸਿਟੀ ਦੀ ਟੀਮ ਨੂੰ ਹਰਾ ਕੇ ਜੇਤੂ ਰਹੀ। ਇਨ੍ਹਾਂ ਮੈਚਾਂ ਦੌਰਾਨ ਕਬੱਡੀ ਪ੍ਰੇਮੀਆਂ ਨੇ ਇੱਕ ਇੱਕ ਜੱਫੇ 'ਤੇ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ। ਇਸ ਟੂਰਨਾਮੈਂਟ ਦੇ ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਜਾਫੀ ਖੁਸ਼ੀ ਦਿੜਵਾ ਐਲਾਨੇ ਗਏ। ਸਭ ਤੋਂ ਵਧੀਆ ਗੱਲ ਇਸ ਟੂਰਨਾਮੈਂਟ ਵਿੱਚ ਇਹ ਰਹੀ ਕਿ ਸੱਟ ਲੱਗਣ 'ਤੇ ਖਿਡਾਰੀਆਂ ਲਈ ਫਸਟ ਏਡ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਕਬੱਡੀ ਕੁਮੈਂਟੇਟਰਾਂ ਨੂੰ ਖਾਸ ਹਦਾਇਤਾ ਸੀ ਕਿ ਕੁਮੈਂਟਰੀ ਦੌਰਾਨ ਸਿਰਫ਼ ਕਬੱਡੀ ਦੀ ਗੱਲ ਹੋਵੇ ਅਤੇ ਅਵਾਗੌਣ ਨਾਮ ਬੋਲਣ ਤੋਂ ਸਕੋਚ ਰਹੇ ਅਤੇ ਇਸ ਖੇਡ ਮੇਲੇ ਦੌਰਾਨ ਕਬੱਡੀ ਫ਼ੈਡਰੇਸ਼ਨ ਦੇ ਨਿਯਮਾਂ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਗਿਆ, ਚੰਗੇ ਪ੍ਰਬੰਧਾਂ ਲਈ ਟੂਰਨਾਮੈਂਟ ਕਮੇਟੀ ਵਧਾਈ ਦੀ ਪਾਤਰ ਹੈ ਅਤੇ ਇਸ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸਿਲਮਾ ਦੇ ਅਣਥੱਕ ਮੈਂਬਰਾ ਸਿਰ ਜਾਂਦਾ ਹੈ। ਕਬੱਡੀ ਕੁਮੈਂਟੇਟਰ ਇਕਬਾਲ ਗਾਲਬ, ਮੱਖਣ ਅਲੀ, ਸੁਰਜੀਤ ਕੁਕਰਾਲੀ ਅਤੇ ਕਾਲਾ ਰਸ਼ੀਨ ਨੇ ਸ਼ਾਨਦਾਰ ਕੁਮੈਂਟਰੀ ਕਰਕੇ ਗਰਾਊਂਡ ਵਿੱਚ ਖੂਬ ਰੰਗ ਬੰਨ੍ਹਿਆ। ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਬਾਖੂਬੀ ਕੀਤਾ।

# ਅੰਤਰਰਾਸ਼ਟਰੀ ਮੈਡੀਕਲ ਸਾਇੰਸ ਅਕੈਡਮੀ ਵੱਲੋਂ ਡਾ. ਹਰਸ਼ਿੰਦਰ ਕੌਰ ਨੂੰ ਫੈਲੋਸ਼ਿਪ ਪ੍ਰਦਾਨ

**ਪਟਿਆਲਾ/ਬਿਊਰੋ ਨਿਊਜ਼:** ਅੰਤਰਰਾਸ਼ਟਰੀ ਮੈਡੀਕਲ ਸਾਇੰਸ ਅਕੈਡਮੀ (ਇਮਸਾ), ਜੋ ਜਨੇਵਾ ਦੀ ਕਾਊਂਸਲ ਫੌਰ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਆਫ ਮੈਡੀਕਲ ਸਾਇੰਸਿਸ ਅਤੇ ਰਾਇਲ ਕਾਲਜ ਆਫ਼ ਫ਼ਿਜ਼ੀਸ਼ੀਅਨ ਇੰਗਲੈਂਡ ਨਾਲ ਜੁੜੀ ਸੰਸਥਾ ਹੈ, ਵੱਲੋਂ ਡਾ. ਗੁਰਪਾਲ ਸਿੰਘ ਤੇ ਡਾ. ਹਰਸ਼ਿੰਦਰ ਕੌਰ ਪਟਿਆਲਾ ਨੂੰ ਮਾਦਾ ਭਰੂਣ ਹੱਤਿਆ ਉੱਤੇ ਕਈ ਸਾਲ ਕੀਤੀ ਰਿਸਰਚ ਸਦਕਾ ਅੰਤਰਰਾਸ਼ਟਰੀ ਫ਼ੈਲੋਸ਼ਿਪ ਪ੍ਰਦਾਨ ਕੀਤੀ ਜਾ ਰਹੀ ਹੈ।

ਇਸ ਕਾਨਫਰੰਸ ਵਿਖੇ ਦੋਨਾਂ ਡਾਕਟਰਾਂ ਵੱਲੋਂ ਪੇਪਰ ਵੀ ਪੜ੍ਹਿਆ ਜਾਣਾ ਹੈ ਜਿਸ ਵਿਚ ਦੁਨੀਆ ਦੇ ਇਕ ਅਨੋਖੇ ਕੇਸ ਬਾਰੇ ਦੱਸਿਆ ਜਾਵੇਗਾ ਜੋ ਪੂਰੀ ਦੁਨੀਆ ਵਿਚ ਗਿਣੇ ਚੁਣੇ ਹੀ ਹਨ। ਅਜਿਹੇ ਕੇਸਾਂ ਨਾਲ ਮਨੁੱਖੀ ਸਰੀਰ ਉੱਤੇ ਹੋਰ ਖੋਜਾਂ ਦੀਆਂ ਸੰਭਾਵਨਾਵਾਂ ਖੁੱਲ੍ਹਦੀਆਂ ਹਨ ਤੇ ਨਵੇਂ ਪਹਿਲੂਆਂ ਉੱਤੇ ਜਾਣਕਾਰੀ ਵੀ ਮਿਲਦੀ ਹੈ।

ਇਹ ਸਲਾਨਾ ਕਾਨਫਰੰਸ ਇੰਗਲੈਂਡ ਦੇ ਰਾਇਲ ਕਾਲਜ ਆਫ਼ ਫ਼ਿਜ਼ੀਸ਼ੀਅਨ ਐਂਡ ਸਰਜਨ ਵੱਲੋਂ ਅਕੈਡਮੀ ਨਾਲ ਰਲ ਕੇ ਮੌਰੀਸ਼ੀਅਸ ਵਿਖੇ 8 ਅਕਤੂਬਰ 2016 ਨੂੰ ਕੀਤੀ ਜਾ ਰਹੀ ਹੈ, ਜਿੱਥੇ ਦੁਨੀਆ ਭਰ ਵਿੱਚੋਂ ਅਨੇਕ ਚੋਟੀ ਦੇ ਡਾਕਟਰ ਸ਼ਾਮਲ ਹੋ ਰਹੇ ਹਨ। ਅਮਰੀਕਾ ਦੇ ਮਸ਼ਹੂਰ ਮੇਓ ਕਲਿਨਿਕ ਤੋਂ ਖ਼ੁਰਾਕ ਸਪੈਸ਼ਲਿਸਟ ਤੇ ਵੱਖ-ਵੱਖ ਮੁਲਕਾਂ ਦੇ ਚੋਟੀ ਦੇ 200 ਤੋਂ ਵੱਧ ਡਾਕਟਰ ਇਸ ਕਾਨਫਰੰਸ ਵਿਚ ਪੇਪਰ ਪੜ੍ਹਨ ਲਈ ਸ਼ਾਮਲ ਹੋ ਰਹੇ ਹਨ। ਇਸ ਕਾਨਫਰੰਸ ਵਿਖੇ ਸ਼ੱਕਰ ਰੋਗੀਆਂ ਦੇ ਇਲਾਜ ਬਾਰੇ ਨਵੀਆਂ ਕਾਢਾਂ ਬਾਰੇ ਜ਼ਿਕਰ ਕੀਤਾ ਜਾਣਾ ਹੈ ਅਤੇ ਖ਼ੁਰਾਕ ਰਾਹੀਂ ਸਰੀਰ ਨੂੰ ਤੰਦਰੁਸਤ ਰੱਖਣ ਬਾਰੇ ਨਵੀਂ ਜਾਣਕਾਰੀ ਵੀ ਦਿੱਤੀ ਜਾਣੀ ਹੈ। ਵੱਖੋ-ਵੱਖ ਮੁਲਕਾਂ ਵਿੱਚੋਂ ਮੈਡੀਕਲ ਦੇ ਵਿਦਿਆਰਥੀ ਵੀ ਨਵੀਂ ਜਾਣਕਾਰੀ ਹਾਸਲ ਕਰਨ ਲਈ ਇਸ ਕਾਨਫਰੰਸ ਵਿਚ ਸ਼ਾਮਲ ਹੋ ਰਹੇ ਹਨ। ਡਾ. ਹਰਸ਼ਿੰਦਰ ਕੌਰ ਤੇ ਡਾ. ਗੁਰਪਾਲ ਸਿੰਘ ਵੱਲੋਂ ਦੱਸੇ ਜਾ ਰਹੇ ਕੇਸ ਦੇ ਦਿਮਾਗ਼ ਦੀ ਨਾੜੀ, ਦਿਲ, ਗੁਰਦੇ ਤੇ ਹੋਰ ਕਈ ਤਰ੍ਹਾਂ ਦੇ ਜਮਾਂਦਰੂ ਨੁਕਸ ਦੇ ਮਿਸ਼ਰਨ ਬਾਰੇ ਚਾਨਣਾ ਪਾਇਆ ਜਾਣਾ ਹੈ ਕਿ ਕਿਵੇਂ ਮਾਂ ਦੇ ਢਿੱਡ ਅੰਦਰ ਭਰੂਣ ਦੇ ਅੰਗਾਂ ਦੇ ਬਣਨ ਸਮੇਂ ਰਤਾ ਕੁ ਗੜਬੜੀ ਨਾਲ ਹੀ ਇਨਸਾਨੀ ਸਰੀਰ ਉੱਤੇ ਕਹਿਰ ਵਰ੍ਹ ਪੈਂਦਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਰਾਸ਼ਟਰੀ ਪੱਧਰ ਉੱਤੇ ਡਾ. ਹਰਸ਼ਿੰਦਰ ਕੌਰ ਨੂੰ ਨੈਸ਼ਨਲ ਅਕੈਡਮੀ ਆਫ ਮੈਡੀਕਲ ਸਾਇੰਸਿਸ ਵੱਲੋਂ ਮੈਂਬਰ ਬਣਾਇਆ ਜਾ ਚੁੱਕਿਆ ਹੈ ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਵੀ ਮਾਦਾ ਭਰੂਣ ਹੱਤਿਆ ਰੋਕਣ ਲਈ ਕੀਤੇ ਯਤਨਾਂ ਸਦਕਾ ਸਨਮਾਨ ਮਿਲ ਚੁੱਕਿਆ ਹੈ।

# ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਦੀ ਚੋਣ ਸਬੰਧੀ ਕੇਸ ਅਦਾਲਤ ਨੇ ਰੱਦ ਕੀਤੇ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਅਤੇ ਇਸਦੇ ਚੋਣ ਕਮਿਸ਼ਨਰਾਂ ਮਨਜਿੰਦਰ ਕੌਰ ਵਿੱਲੋਂ, ਹਰਿੰਦਰਪਾਲ ਸਿੰਘ (ਬਾਬੂ) ਅਤੇ ਹਰਬੰਸ ਸਿੰਘ ਵਿੱਲੋਂ ਉਪਰ ਇਲੈਕਸ਼ਨ ਸਬੰਧੀ ਕੀਤੇ ਗਏ ਕੇਸ ਮਾਨਯੋਗ ਅਦਾਲਤ ਨੇ ਰੱਦ ਕਰ ਦਿੱਤੇ ਹਨ। ਚੋਣ ਕਮਿਸ਼ਨ ਦੀ ਚੇਅਰਪਰਸਨ ਮਨਜਿੰਦਰ ਕੌਰ ਵਿੱਲੋਂ ਅਤੇ ਦੂਜੇ ਚੋਣ ਕਮਿਸ਼ਨਰਾਂ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਹੁਣ ਛੇਤੀ ਕਰਵਾ ਦਿੱਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣ ਪ੍ਰਕਿਰਿਆ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ। ਹੁਣ ਚੋਣ ਕਰਾਉਣ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਹੈ। ਬਿਆਨ ਵਿਚ ਇਹ ਵੀ ਕਿਹਾ ਹੈ ਕਿ ਸੰਗਤ ਨੂੰ ਛੇਤੀ ਹੀ ਸੂਚਿਤ ਕਰ ਦਿੱਤਾ ਜਾਵੇਗਾ ਕਿ ਨਾਮੀਨੇਸ਼ਨਾਂ ਕਦੋਂ ਤੱਕ ਲਈਆਂ ਜਾਣਗੀਆਂ ਤੇ ਕਦੋਂ ਤੱਕ ਕਾਗਜ਼ ਵਾਪਸ ਲਏ ਜਾ ਸਕਣਗੇ। ਉਨ੍ਹਾਂ ਕਿਹਾ ਕਿ ਇਸ ਬਾਰੇ ਪੂਰੀ ਸੂਚਨਾ ਤੇ ਚੋਣ ਦੀ ਤਰੀਕ ਬਾਰੇ ਪੂਰੀ ਸੂਚਨਾ ਸੰਗਤ ਨੂੰ ਛੇਤੀ ਹੀ ਦਿੱਤੀ ਜਾਵੇਗੀ ਅਤੇ ਅਖ਼ਬਾਰਾਂ, ਟੀ ਵੀ ਰਾਹੀਂ ਵੀ ਪ੍ਰਸਾਰਨ ਕਰ ਦਿੱਤਾ ਜਾਵੇਗਾ।

ਜਨਮ ਦਿਨ ਤੇ ਵਿਸ਼ੇਸ਼

# ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਜੀ ਦਾ ਆਪਣੇ ਪਿੰਡ ਝੂੰਦਾਂ ਨਾਲ ਮੋਹ

**ਡਾ. ਸਤਵੰਤ ਕੌਰ**
(ਮੋਬਾਇਲ ਨੰ: 98783-55944)









ਜਿਉਂ ਹੀ ਅਕਤੂਬਰ ਮਹੀਨਾ ਨੇੜੇ ਆਉਂਦਾ ਹੈ, ਮੈਨੂੰ ਉਨ੍ਹਾਂ ਦੇ ਜਨਮ ਦਿਨ ਦੀ ਅਭੁੱਲ ਯਾਦ ਖਲਬਲੀ ਜਿਹੀ ਮਚਾਉਂਦੀ ਲੱਗਦੀ ਹੈ। ਬੇਸ਼ੱਕ ਉਹ ਜਨਮ ਦਿਨ ਮਨਾਉਣ (ਸਿਵਾਏ ਗੁਰੂ ਪੈਗੰਬਰਾਂ ਤੋਂ) ਵਿੱਚ ਵਿਸ਼ਾਵਸ਼ ਨਹੀਂ ਕਰਦੇ ਸਨ - ਪਰ ਮੇਰੀ ਮੰਮੀ ਕੜਾਹ ਪ੍ਰਸ਼ਾਦ ਦੀ ਦੇਗ ਹਮੇਸ਼ਾ ਭੇਟ ਕਰਦੀ ਸੀ। ਇਹ ਰਵਾਇਤ ਹੁਣ ਵੀ ਬਰਕਰਾਰ ਹੈ। ਪਾਪਾ ਜੀ ਨੂੰ ਆਪਦੇ ਪਿੰਡ ਝੂੰਦਾਂ ਨੇੜੇ ਅਮਰਗੜ੍ਹ ਜਾਣ ਦਾ ਬੜਾ ਚਾਅ ਹੁੰਦਾ ਸੀ। ਪਿੰਡ ਜਾਣ ਲਈ ਉਹ ਹਮੇਸ਼ਾ ਹੀ ਉਤਾਵਲੇ ਰਹਿੰਦੇ ਸਨ, ਜਿਵੇਂ ਬੱਚਿਆਂ ਨੂੰ ਨਾਨਕੇ ਘਰ ਜਾਣ ਲਈ ਛੁੱਟੀਆਂ ਦੀ ਉਡੀਕ ਹੁੰਦੀ ਹੈ, ਉਵੇਂ ਹੀ ਉਹ ਗਰਮੀਆ ਦੀਆ ਲੰਬੀਆਂ ਛੁੱਟੀਆਂ ਤੇ ਸਰਦੀਆਂ ਦੀਆਂ ਵੱਡੇ ਦਿਨਾਂ ਦੀਆਂ ਛੁੱਟੀਆਂ ਜਿਨ੍ਹਾਂ ਨੂੰ ਉਹ ਸਭਾ ਦੀਆਂ ਛੁੱਟੀਆਂ ਕਹਿੰਦੇ ਸਨ, ਪੂਰੀਆਂ ਛੁੱਟੀਆਂ ਪਿੰਡ ਬਿਤਾਉਂਦੇ ਸਨ - ਭਾਵੇਂ ਉਹ ਗੜ੍ਹਦੀਵਾਲੇ ਨੂੰ ਬਹੁਤ ਮੋਹ ਕਰਦੇ ਸਨ ਪ੍ਰੰਤੂ ਝੂੰਦਾਂ ਪਿੰਡ ਦੀ ਜੂਹ ਵਿੱਚ ਪ੍ਰਵੇਸ਼ ਕਰਦਿਆਂ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਸੀ। ਚਾਅ ਤਾਂ ਉਨ੍ਹਾਂ ਨੂੰ ਲੁਧਿਆਣੇ ਪਹੁੰਚਦਿਆਂ ਹੀ ਚੜ੍ਹ ਜਾਂਦਾ ਸੀ ਕਿਉਂਕਿ ਏਥੇ ਉਨ੍ਹਾਂ ਦੀ ਰੂਹ ਦੀ ਖੁਰਾਕ, ਲਾਹੌਰ ਬੁੱਕ ਸ਼ਾਪ' ਸੀ। ਬਸ ਲੁਧਿਆਣਾ ਸ਼ੁਰੂ ਹੋਇਆ ਨਹੀਂ ਉਹ ਆਪਣਾ ਖਾਕੀ ਝੋਲਾ ਬਾਂਹ ਵਿੱਚ ਪਾ ਕੇ ਬੱਸ ਤੋਂ ਉਤਰ ਕੇ ਟੈਂਪੂ ਲੈ ਲੈਂਦੇ ਕਈ ਵਾਰ ਤਾਂ ਉਹ ਸਾਨੂੰ ਯਾਨੀ ਮੈਨੂੰ ਤੇ ਮੰਮੀ ਨੂੰ ਭੁੱਲ ਹੀ ਜਾਂਦੇ ਕਿ ਇਹ ਵੀ ਮੇਰੇ ਨਾਲ ਆਈਆਂ ਹਨ। ਜਦੋਂ ਦੋ ਤਿੰਨ ਘੰਟੇ ਲਾ ਕੇ ਆਉਣਾ ਉਨ੍ਹਾਂ ਦੇ ਦੋਵੇਂ ਹੱਥ ਕਿਤਾਬਾਂ ਦੇ ਵੱਡੇ ਬੰਡਲਾਂ ਨਾਲ ਭਰੇ ਹੁੰਦੇ ਸਨ। ਹਰੇਕ ਲਈ ਕਿਤਾਬ ਦਾ ਤੋਹਫਾ ਲੈ ਕੇ ਜਾਂਦੇ। ਮੇਰੇ ਚਾਚਾ ਜੀ ਡਾ: ਗੁਰਤਰਨ ਸਿੰਘ ਦੇ ਬੱਚਿਆਂ ਲਈ ਕਿਤਾਬਾਂ ਦੀਆਂ ਸੌਗਾਤਾਂ ਲੈ ਕੇ ਘਰ ਦੇ ਵੱਡੇ ਸਾਰੇ ਵਿਹੜੇ ਵਿੱਚ ਪ੍ਰਵੇਸ਼ ਕਰਦੇ ਤਾਂ ਸਭ ਨੂੰ ਚਾਅ ਚੜ੍ਹ ਜਾਂਦਾ। ਇਹ ਤਿੰਨੇ ਭੈਣ ਭਰਾ ਪਾਪਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਗਰਮੀਆਂ ਦੀਆ ਛੁੱਟੀਆਂ ਵਿੱਚ ਦੋ ਢਾਈ ਮਹੀਨੇ ਪਿੰਡ ਬਿਤਾਉਣੇ - ਸਾਰਾ ਪਿੰਡ ਹੀ ਉਨ੍ਹਾਂ ਦਾ ਬੜਾ ਚਾਅ ਕਰਦਾ ਸੀ, ਜੇਠ ਹਾੜ ਦੀ ਟੀਟ ਗਰਮੀ ਉਨ੍ਹਾਂ ਆਪਣੇ ਜੱਦੀ ਘਰ ਦੇ ਚੁਬਾਰੇ ਵਿੱਚ ਰਹਿ ਕੇ ਚਾਚਾ ਜੀ ਨੂੰ ਹਰ ਨਵੀਂ ਲਿਖਤ ਘੰਟਿਆਂ ਬੱਧੀ ਸੁਣਾਉਣੀ। ਫੇਰ ਦਿਨ ਢਲੇ ਪਿੰਡ ਦੀ ਹਲਟੀ ਵੱਲ ਸੈਰ ਕਰਨ ਜਾਣਾ। ਗੱਲ ਕੀ ਪਿੰਡ ਦੀ ਹਰ ਸ਼ੈਅ ਮਸਜਿਦ ਵਾਲਾ ਗੁਰਦੁਆਰਾ ਜਿਸਨੂੰ ਉਹ ਅੰਤਾਂ ਦਾ ਮੋਹ ਕਰਦੇ ਸਨ। ਸਾਡੇ ਪਿੰਡ ਵਾਲੇ ਲੋਕ ਆਪ ਦੀ ਨਾ ਸਮਝੀ ਕਾਰਨ ਇਸ ਗੁਰਦੁਆਰੇ ਨੂੰ ਪਿੰਡ ਤੋਂ ਬਾਹਰ ਲਿਜਾਣਾ ਚਾਹੁੰਦੇ ਸਨ। ਰੱਬ ਦਾ ਸ਼ੁਕਰ ਹੈ ਕਿਤੇ ਅਜਿਹੀ ਗਲਤੀ ਨਹੀਂ ਕਰ ਬੈਠੇ। ਪਾਪਾ ਜੀ ਦੀ ਵੱਡ ਆਕਾਰੀ ਕਾਵਿ ਪੁਸਤਕ ਝਨਾਂ ਦੀ ਰਾਤ' ਜੋ ਸੱਤ ਕਿਤਾਬਾਂ ਦਾ ਸੰਗ੍ਰਹਿ ਹੈ - ਇਨ੍ਹਾਂ ਵਿੱਚ ਕਿਹੜੀ ਜ਼ਿਅਦਾ ਵਧੀਆ ਹੈ ਚੁਣਨੀ ਓਨੀ ਹੀ ਔਖੀ ਹੈ, ਜਿਵੇਂ ਕਿਸੇ ਚੂੜੇ ਲੱਦੀਆਂ ਬਾਂਹਾਂ ਵਾਲੀ ਕੁੜੀ ਨੂੰ ਕਹਿਣਾ ਕਿ ਇਕ ਵੰਗ ਛਣਕਾ ਕੇ ਵਿਖਾ। ਪਤਾ ਨਹੀਂ ਕਿਉਂ ਮੈਨੂੰ ਪਿਆਰੇ ਦਾ ਦੇਸ' ਕਾਵਿ ਪੁਸਤਕ, ਜਿਸ ਵਿੱਚ ਉਨ੍ਹਾਂ ਨੇ ਆਪਦੇ ਤੇਤੀ ਚੱਕ ਪਿੰਡ ਦੇ ਵਿਛੋੜੇ ਨੂੰ ਜਰਿਆ ਤੇ ਪਕਿਸਤਾਨ ਛੱਡਣ ਵੇਲੇ ਦੇ ਹਉਕੇ ਤੇ ਹੇਰਵੇ ਨੂੰ ਬਹੁਤ ਦਰਦਮਈ ਰੌਂਅ ਵਿੱਚ ਬਿਆਨ ਕੀਤਾ ਹੈ। ਚਲੋਂ ਸ਼ੁਕਰ ਹੈ ਕਿ ਮੈਨੂੰ ਇਹਨਾਂ ਕਿਤਾਬਾਂ ਦੇ ਖਰੜੇ ਤਿਆਰ ਕਰਨ ਦਾ ਮੌਕਾ ਮਿਲਿਆ ਹੈ। ਪਾਪਾ ਜੀ ਦੀ ਕਵਿਤਾ ਤੇ ਵਾਰਤਕ ਨੂੰ ਜਿੰਨਾ ਡਾ. ਗੁਰਤਰਨ ਸਿੰਘ ਜੀ ਨੇ ਸਮਝਿਆ ਤੇ ਹੰਢਾਇਆ ਹੈ ਸ਼ਾਇਦ ਹੀ ਕਿਸੇ ਹੋਰ ਨੂੰ ਇਹ ਸੁਭਾਗ ਮਿਲਿਆ ਹੋਵੇਗਾ। ਆਪਦੀ ਹਰ ਲਿਖਤ ਨੂੰ ਖਰੜੇ ਰੂਪ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਸੁਣਾਉਂਦੇ ਸਨ। ਵਾਰਤਕ ਦੀਆਂ ਅੱਠ ਕਿਤਾਬਾਂ ਦੇ ਸੰਗ੍ਰਹਿ ਵਾਲੀ ਪੁਸਤਕ ਸਹਿਜੇ ਰਚਿਓ ਖ਼ਾਲਸਾ' ਦੀਆਂ ਪੰਜ ਕਿਤਾਬਾਂ ਅੰਗਰੇਜੀ ਵਿੱਚ ਅਨੁਵਾਦ ਕਰ ਚੁੱਕੇ ਹਨ ਜਿਵੇਂ ਕਿ:

1. Sikh Scripture : A Revealed Journey to world Religions.
2. As The Sun of Suns Rose : The Darkness of the Creeds was Dispelled.
3. Sikh Gurus/Prophets : The Manifistation of Eternal Victory.
4. Shri Guru Granth Sahib/ Sikh Scripture The Word Unfathgmable/ Immeasurable.
5. Harinder Singh Mehboob : A Poetics of world Scripture, Epic, Sacred Poetry, Fiction, Drama, History, Philosophy and other forms of literature.

ਵਾਹ ਡਾ. ਸਾਹਿਬ (ਗੁਰਤਰਨ ਸਿੰਘ) ਕਮਾਲ ਹੀ ਕਰ ਦਿੱਤੀ। ਇਨ੍ਹਾਂ ਪੁਸਤਕਾ ਨੇ ਸਿੱਖ ਧਰਮ ਨੂੰ ਅਜਿਹੇ ਮੁਕਾਮ ਤੇ ਲਿਆ ਖੜਾ ਕਰ ਦਿੱਤਾ ਹੈ ਕਿ ਸਿੱਖ ਧਰਮ ਦੇ ਖੋਜ ਕਰਨ ਦਾ ਕਾਰਜ ਬਾਹਰਲੀਆਂ ਯੂਨੀਵਰਸਿਟੀਆਂ ਵਿੱਚ ਸ਼ੁਰੂ ਕਰਵਾ ਦਿੱਤਾ ਹੈ। ਇਸ ਤਰ੍ਹਾਂ ਕੁਲ 29 ਪੁਸਤਕਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਦਾ ਟੀਚਾ ਡਾ. ਸਾਹਿਬ ਨੇ ਉਲੀਕਿਆ ਹੈ ਪ੍ਰੰਤੂ ਇਹਨਾਂ ਪੁਸਤਕਾਂ ਤੇ ਛਪਾਈ ਦਾ ਖਰਚ ਬਹੁਤ ਆ ਰਿਹਾ ਹੈ। ਪਾਪਾ ਜੀ ਦੀਆਂ ਤਿੰਨ ਅਨੁਵਾਦਤ ਪੁਸਤਕਾਂ ਛਪ ਚੁੱਕੀਆਂ ਹਨ ਤੇ ਦੋ ਇਸੇ ਸਾਲ ਦੇ ਅੰਤ ਵਿੱਚ ਜਾਂ ਅਗਲੇ ਸਾਲ ਦੇ ਸ਼ੁਰੂ ਵਿੱਚ ਤੁਹਾਡੇ ਮੁਬਾਰਕ ਹੱਥਾਂ ਵਿੱਚ ਆ ਜਾਣਗੀਆਂ।

ਮੈਂ ਆਪ ਜੀ ਅੱਗੇ ਨਿਮਰਤਾ ਸਹਿਤ ਬੇਨਤੀ ਕਰਦੀ ਹਾਂ ਕਿ ਹਰ ਪੁਸਤਕ ਦੀ ਛਪਾਈ ਤੇ ਲਗਭਗ 4500 ਡਾਲਰ ਤੋਂ 5500 ਅਮਰੀਕਨ ਡਾਲਰ ਖਰਚਾ ਹੁੰਦਾ ਹੈ। ਜੋ ਕਿ ਦਾਨੀ ਸੱਜਣ ਸਿੱਧਾ ਪੁਸਤਕ ਦੀ ਪ੍ਰੈਸ ਨੂੰ ਹੀ ਭੇਜਦੇ ਹਨ ਤਾਂ ਕਿ ਕੋਈ ਕਿੰਤੂ- ਪ੍ਰੰਤੂ ਇਸ ਪ੍ਰਤੀ ਖੜਾ ਨਾ ਹੋ ਸਕੇ। ਪਾਪਾ ਜੀ ਦੀਆਂ 29 ਪੁਸਤਕਾ ਛਪਣ ਯੋਗ ਹਨ, ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। ਬਾਕੀ ਪੁਸਤਕਾਂ ਲਈ ਵਿਸ਼ਵ ਦੇ ਸਿੱਖ ਰਲ ਕੇ ਯੋਗਦਾਨ ਪਾਉਣ ਤਾਂ ਕਿ ਕਿਸੇ ਇੱਕ ਵਿਅਕਤੀ ਤੇ ਜ਼ਿਆਦਾ ਬੋਝ ਨਾ ਪਵੇ। ਜਿਥੋਂ ਤੱਕ ਰਾਇਲਟੀ ਦਾ ਸੁਆਲ ਹੈ ਹਾਲੇ ਬਹੁਤ ਥੋੜੀ ਆਈ ਹੈ। ਜੋ ਕਿ ਚੈੱਕ ਦੇ ਰੂਪ ਵਿੱਚ ਆਉਂਦੀ ਹੈ ਅਤੇ ਟਰੱਸਟ ਦੇ ਧਿਆਨ ਵਿੱਚ ਹੈ।

ਸਭ ਤੋਂ ਜਰੂਰੀ ਨੁਕਤਾ ਕਿ ਪੰਜਾਬ ਦੀਆਂ ਕੁਲ ਯੂਨੀਵਰਸਿਟੀਆਂ ਇਸ ਕੰਮ ਨੂੰ ਬਿਲਕੁਲ ਨਕਾਰ ਚੁੱਕੀਆਂ ਹਨ, ਉਹ ਇਸ ਕੰਮ ਤੋਂ ਬੇਮੁੱਖ ਹੀ ਨਹੀਂ ਹੋਈਆਂ ਸਗੋਂ ਅਣਡਿੱਠ ਵੀ ਕਰ ਰਹੀਆਂ ਹਨ। ਜਦੋਂ ਸਿਦਕਵਾਨ ਪ੍ਰਤਿਭਾ ਦਾ ਸਿਦਕ ਡੋਲਦਾ ਹੈ ਤਾਂ ਧਰਮ ਦੀ ਨਿਵਾਣ ਸ਼ੁਰੂ ਹੁੰਦੀ ਹੈ। ਖਾਲਸਾ ਜੀ ਸਾਡੇ ਕੋਲ ਪ੍ਰੋ. ਪੂਰਨ ਸਿੰਘ ਤੇ ਪ੍ਰੋ. ਮਹਿਬੂਬ ਜੀ ਦਾ ਕਾਵਿ ਜਗਤ ਕਿਸੇ ਤਰ੍ਹਾਂ ਵੀ ਡਾਂਟੇ, ਰੂਮੀ, ਵਰਡਜ਼ਵਰਥ, ਥਾਮਸ ਹਾਰਡੀ ਤੇ ਸ਼ੈਲੇ ਵਰਗੇ ਮਹਾਨ ਕਵੀਆਂ ਦੀ ਪਹਿਚਾਣ ਤੋਂ ਘੱਟ ਨਹੀਂ। ਸੋ ਪ੍ਰੋ. ਸਾਹਿਬ ਦੀਆਂ ਲਿਖਤਾਂ ਨੂੰ ਆਉਣ ਵਾਲੀਆਂ ਕੌਮਾਂ ਲਈ ਰਾਹ-ਦਿਸੇਰਾ ਬਣਾਉਣਾ ਹੈ। ਸਿੱਖ ਧਰਮ ਨੂੰ ਇਹਨਾਂ ਉਪਰੋਕਤ ਯਤਨਾਂ ਰਾਹੀਂ ਦੁਨੀਆਂ ਵਿੱਚ ਪਹੁੰਚਾਉਣ ਲਈ ਪ੍ਰੋ. ਹਰਿੰਦਰ ਸਿੰਘ ਜੀ ਦੀਆਂ ਪੁਸਤਕਾਂ ਦਾ ਅੰਗਰੇਜ਼ੀ ਤਰਜਮਾ ਸਾਡੇ ਟਰੱਸਟ ਵਲੋਂ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰ ਡਾ. ਗੁਰਤਰਨ ਸਿੰਘ (ਸਾਡੇ ਚਾਚਾ ਜੀ) ਪ੍ਰਮੁੱਖ ਯੋਗਦਾਨ ਪਾ ਰਹੇ ਹਨ ਜੋ ਕਿ ਮੇਰੇ ਪਿਤਾ ਜੀ ਦੇ ਬਚਪਨ ਦੇ ਦੋਸਤ/ਭਰਾ ਰਹੇ ਹਨ। ਉਨ੍ਹਾਂ ਦੀਆ ਪੁਸਤਕਾਂ ਦੀ ਛਪਾਈ/ਸੁਧਾਈ ਲਈ ਕੋਈ ਵੀ ਤਸੱਲੀਬਖਸ਼ ਸਹਿਯੋਗ ਸਾਨੂੰ ਹਾਲੇ ਤੱਕ ਨਹੀਂ ਮਿਲ ਰਿਹਾ। ਸਗੋਂ ਕੁਝ ਸੱਜਣਾਂ ਵੱਲੋਂ ਇਸ ਦਾ ਗਿਣ ਮਿੱਥ ਕੇ ਵਿਰੋਧ ਵੀ ਹੋ ਰਿਹਾ ਹੈ। ਸਾਨੂੰ ਸਹਿਯੋਗ ਦੇਣ ਵਾਲੇ ਦਾਨੀ ਸੱਜਣ ਬਹੁਤ ਹੀ ਥੋੜੇ ਹਨ। ਪ੍ਰੰਤੂ ਡਾ. ਗੁਰਤਰਨ ਸਿੰਘ ਦੀ ਹਿੰਮਤ ਸਦਕਾ ਦੁਨੀਆਂ ਦੀਆਂ ਲਗਭਗ 33 (ਤੇਤੀ) ਪ੍ਰਮੁੱਖ ਪਾਰਲੀਮੈਂਟਾਂ ਵਿੱਚ ਇਸ ਧਰਮ ਦੇ ਕੰਮ ਦਾ ਮੌਨਸੂਨ ਸ਼ੁਰੂ ਹੋ ਚੁੱਕਿਆ ਹੈ, ਜਿਸਦੇ ਲਿਖਤੀ ਪ੍ਰਮਾਣੂ ਮੌਜੂਦ ਹਨ। ਵਿਸ਼ਵ ਦੀਆਂ ਯੂਨੀਵਰਸਿਟੀਆਂ ਦੇ ਧਰਮ ਇਤਿਹਾਸ ਦਰਸ਼ਨ ਅਤੇ ਸਾਹਿਤ ਦੇ ਦੋ ਸੌ ਪ੍ਰੋਫੈਸਰਾਂ ਨੂੰ ਈ ਮੇਲਾਂ ਰਾਹੀਂ ਇਸ ਧਰਮ ਅਤੇ ਉਪਰੋਕਤ ਸਾਹਿਤਕਾਰਾਂ ਬਾਰੇ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਇਸ ਲਈ ਜਰੂਰੀ ਹੈ ਕਿ ਜਦੋਂ ਵੀ ਕੋਈ ਸਿੱਖ ਧਰਮ ਪ੍ਰਤੀ ਜਾਣਕਾਰੀ ਜਾਂ ਖੋਜ ਸਬੰਧੀ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਗੁਰਦੁਆਰੇ ਜਾਂ ਸਿੱਖ ਸੰਗਤ ਨੂੰ ਡੈਲੀਗੇਸ਼ਨ ਦੇ ਤੌਰ ਤੇ ਜਾਂ ਕੋਈ ਚਿੰਤਨ ਮਿਲਦਾ ਹੈ ਤਾਂ ਉਸਨੂੰ ਅਵੱਸ਼ ਪ੍ਰੋ. ਪੂਰਨ ਸਿੰਘ ਦੀਆਂ ਅੰਗਰੇਜ਼ੀ ਦੀਆਂ 17 ਪੁਸਤਕਾਂ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀਆਂ ਅੰਗਰੇਜੀ ਅਨੁਵਾਦ ਪੁਸਤਕਾਂ ਦਾ ਸੈੱਟ ਦਿੱਤਾ ਜਾਵੇ ਤਾਂ ਕਿ ਵਿਸ਼ਵ ਦੀਆਂ ਯੂਨੀਵਰਸਿਟੀਆਂ ਵਿੱਚ ਸਿੱਖ ਧਰਮ ਦੀ ਖੋਜ ਵਿਸ਼ਵ ਧਰਮਾਂ ਦੇ ਸਬੰਧ ਵਿੱਚ ਸ਼ੁਰੂ ਹੋ ਸਕੇ ਕਿਉਂਕਿ ਸਾਰੇ ਹੀ ਇਸ ਖੋਜ ਲਈ ਇਹਨਾਂ ਕਿਤਾਬਾਂ ਨੂੰ ਪ੍ਰਾਪਤ ਕਰਨ ਲਈ ਬੜੇ ਹੀ ਉਤਾਵਲੇ ਹਨ। ਸਭ ਤੋਂ ਜਰੂਰੀ ਨੁਕਤਾ ਜਿਹੜਾ ਮੈਂ ਤੁਹਾਡੇ ਸਾਰਿਆਂ ਨਾਲ ਸਾਂਝਾ ਕਰਨਾ ਚਾਹੁੰਦੀ ਹਾਂ ਕਿ ਪਾਪਾ ਜੀ ਨੇ ਰਾਜਨੀਤਿਕ ਲਾਭ ਜਾਂ ਸਿਆਸਤ ਤੋਂ ਪ੍ਰਭਾਵਤ ਹੋ ਕੇ ਕੁਝ ਨਹੀਂ ਲਿਖਿਆ। ਮੇਰੇ ਪਿੰਡ ਵਲੋਂ ਵੀ ਮੇਰੇ ਪਾਪਾ ਜੀ ਦੀਆਂ ਲਿਖਤਾਂ ਤੋਂ ਬਿਲਕੁਲ ਅਣਜਾਣ ਹੋਣ ਕਾਰਨ ਇਸਦਾ ਸ਼ੁਰੂ ਵਿੱਚ ਹੀ ਸਿਆਸੀਕਰਨ ਹੋ ਚੁੱਕਿਆ ਹੈ। ਇਸੇ ਲਈ ਉਨ੍ਹਾਂ ਦੀਆਂ ਲਿਖਤਾਂ ਨੂੰ ਛਪਵਾਉਣ ਲਈ ਕੰਮ ਕਰਵਾਉਣ ਵਾਲਿਆਂ ਦੀ ਕੋਈ ਦਿਲੀ ਮਦਦ ਤਾਂ ਕੀ ਕਰਨੀ ਸੀ ਸਗੋਂ ਆਰਥਿਕ ਮਦਦ ਵੀ ਨਹੀਂ ਕੀਤੀ। ਜੇਕਰ ਥੋੜੀ ਬਹੁਤੀ ਸਮਝਦਾਰੀ ਤੋਂ ਕੰਮ ਲਿਆ ਜਾਵੇ ਤਾਂ ਜਿਵੇਂ ਕਨੇਡਾ, ਅਮਰੀਕਾ, ਜਰਮਨੀ, ਅਸਟ੍ਰੇਲੀਆ ਤੇ ਹੋਰ ਮੁਲਕਾਂ ਵਿੱਚ ਇਸ ਅਨੁਵਾਦਤ ਕੰਮ ਨੂੰ ਸਲਾਹਿਆ ਜਾ ਰਿਹਾ ਹੈ ਤਾਂ ਮੈਂ ਦਾਅਵੇ ਨਾਲ ਕਹਿੰਦੀ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਧਰਮ ਆਪਣੀ ਵੱਖਰੀ ਸ਼ਾਨ ਤੇ ਪਹਿਚਾਣ ਨਾਲ ਇੱਕ ਵੱਖਰਾ ਤੇ ਸੁੱਚਮਤਾ ਦਾ ਪ੍ਰਤੀਕ ਬਣਕੇ ਉਭਰੇਗਾ। ਸਾਨੂੰ ਸਿਰਫ ਡਾ. ਗੁਰਤਰਨ ਸਿੰਘ ਵਾਂਗ ਆਪਦੇ ਕੰਮ ਵਿੱਚ ਲਗਨ ਤੇ ਜਨੂੰਨ ਲਿਆਉਣਾ ਪਵੇਗਾ।

ਮੈਂ ਨਿਮਰਤਾ ਸਹਿਤ ਦੱਸਣਾ ਚਾਹੁੰਦੀ ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਭੋਲੇ ਤੇ ਅਣਜਾਣ ਹਨ ਕਿ ਸਾਡੀਆਂ ਯੂਨੀਵਰਸਿਟੀਆਂ ਕੀ ਕਰ ਰਹੀਆਂ ਹਨ। ਸਿੱਖਿਆ ਮੰਤਰੀ ਮਿਹਨਤ ਕਰਨ ਦੇ ਬਾਵਜੂਦ ਕਿ ਦੁਨੀਆਂ ਵਿੱਚ ਧਰਮ ਨੂੰ ਅੱਗੇ ਕਿਵੇਂ ਲਿਆਉਣਾ ਹੈ ਇਸ ਪ੍ਰਤੀ ਆਲਸੀ ਹਨ, ਜਦੋਂ ਛੱਤ ਡਿੱਗਦੀ ਹੈ ਤਾਂ ਘਰ ਦੀ ਸਫਾਈ ਕੋਈ ਮਾਇਨੇ ਨਹੀਂ ਰੱਖਦੀ। ਖਾਲਸਾ ਜੀ, ਜੇਕਰ ਸਿੱਖ ਕੌਮ ਇਹ ਰਲ ਕੇ ਯਤਨ ਕਰ ਲਏ ਤਾਂ ਦੋ ਸਾਲਾਂ ਵਿੱਚ ਵਿਸ਼ਵ ਦੀ ਹਰ ਯੂਨੀਵਰਸਿਟੀ ਵਿੱਚ ਸਿੱਖ ਧਰਮ ਉਪਰ ਖੋਜ ਕਾਰਜ ਸ਼ੁਰੂ ਹੋ ਜਾਵੇਗਾ ਕਿ ਕਿਵੇਂ ਇਹ ਧਰਮ ਗ੍ਰੰਥ ਦੁਨੀਆਂ ਦਾ ਆਖਰੀ ਤੇ ਸਭ ਤੋਂ ਸੰਪੂਰਨ ਧਰਮ ਗ੍ਰੰਥ ਹੈ, ਜੋ ਕਿ ਸਿੱਖ ਕੌਮ ਦਾ ਦੁਨੀਆਂ ਵਿੱਚ ਨਿਆਰਾ ਅਤੇ ਵਿਲੱਖਣ ਰੁਤਬਾ ਪ੍ਰਾਪਤ ਕਰ ਚੁੱਕਾ ਹੈ।

ਮੈਂ ਆਪਣੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਦੀ ਹਾਂ ਕਿ ਉਪਰੋਕਤ ਲਿਖਤਾਂ ਨੂੰ ਹਰ ਕੋਨੇ ਤੱਕ ਪਹੁੰਚਾਉਣ ਤੇ ਇਨ੍ਹਾਂ ਦੀ ਛਪਾਈ ਤੇ ਹੋਣ ਵਾਲੇ ਖਰਚੇ ਬਾਰੇ ਵਿਚਾਰ ਵਟਾਂਦਰਾ ਕਰਕੇ ਮੱਦਦ ਕੀਤੀ ਜਾਵੇ ਜੀ। ਮਾਇਕ ਮੱਦਦ ਸਿੱਧੀ ਪ੍ਰੈਸ ਨੂੰ ਜਾਂ ਟਰੱਸਟ ਨੂੰ ਹੀ ਭੇਜੀ ਜਾਵੇ ਜੀ। ਇਹ ਯੂਨੀਵਰਸਿਟੀਆਂ ਸੈਮੀਨਾਰ ਤਾਂ ਬਹੁਤ ਕਰਵਾਉਂਦੀਆਂ ਹਨ, ਪਰ ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਸਾਹਿਬ ਦੀਆਂ ਲਿਖਤਾਂ ਤੇ ਨਾ ਕੋਈ ਸੈਮੀਨਾਰ ਕਰਵਾਇਆ ਹੈ ਤੇ ਨਾ ਹੀ ਕੋਈ ਪੁਸਤਕ ਕਿਸੇ ਸਿਲੇਬਸ ਵਿੱਚ ਲੱਗ ਸਕੀ ਹੈ। ਇਹ ਕਾਰਜ ਸਿਰਫ ਸਾਡੀ ਸਰਕਾਰ ਹੀ ਕਰਵਾ ਸਕਦੀ ਹੈ।

---

# ਸੁਖਬੀਰ ਬਾਦਲ ਦਾ ਡਰੀਮ ਪ੍ਰੋਜੈਕਟ 'ਸੇਵਾ ਕੇਂਦਰ' ਵਿਵਾਦਾਂ ਵਿਚ

## ਮਲੂਕਾ ਨੇ ਸੇਵਾ ਕੇਂਦਰਾਂ ਦੀ ਉਸਾਰੀ ਵਿੱਚ ਗੜਬੜੀ ਦੇ ਦੋਸ਼ ਲਾਏ; ਸੇਖੋਂ ਨੇ ਕਿਹਾ-ਮਾਮਲਾ ਜਨਤਕ ਤੌਰ 'ਤੇ ਉਠਾਉਣ ਦੀ ਲੋੜ ਨਹੀਂ ਸੀ

**ਬਠਿੰਡਾ/ਬਿਊਰੋ ਨਿਊਜ਼ :** ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਜਨਮੇਜਾ ਸਿੰਘ ਸੇਖੋਂ ਪੰਜਾਬ ਵਿੱਚ ਨਵੇਂ ਬਣੇ ਸੇਵਾ ਕੇਂਦਰਾਂ ਦੇ ਮਾਮਲੇ ਉਤੇ ਆਹਮੋ ਸਾਹਮਣੇ ਹੋ ਗਏ ਹਨ। ਇਹ ਸੇਵਾ ਕੇਂਦਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦਾ ਡਰੀਮ ਪ੍ਰਾਜੈਕਟ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸੇਵਾ ਕੇਂਦਰਾਂ ਦੀ ਉਸਾਰੀ ਵਿੱਚ ਗੜਬੜ ਦੇ ਮਾਮਲੇ ਉਤੇ ਲੋਕ ਨਿਰਮਾਣ ਵਿਭਾਗ ਦੇ ਇੰਜਨੀਅਰਿੰਗ ਵਿੰਗ 'ਤੇ ਜਨਤਕ ਤੌਰ ਉਤੇ ਉਂਗਲ ਉਠਾ ਦਿੱਤੀ ਹੈ ਜਦੋਂ ਕਿ ਦੂਜੇ ਪਾਸੇ ਸ੍ਰੀ ਸੇਖੋਂ ਨੇ ਇਸ ਮਾਮਲੇ ਦੀ ਪੜਤਾਲ ਕਰਾਉਣ ਦਾ ਫ਼ੈਸਲਾ ਕੀਤਾ ਹੈ। ਸ੍ਰੀ ਮਲੂਕਾ ਵੱਲੋਂ ਮਾਮਲਾ ਜਨਤਕ ਤੌਰ 'ਤੇ ਉਠਾਏ ਜਾਣ ਕਾਰਨ ਸ੍ਰੀ ਸੇਖੋਂ ਨਾਖੁਸ਼ ਹਨ।

ਸ੍ਰੀ ਮਲੂਕਾ ਨੇ ਕਿਹਾ ਕਿ ਰਾਮਪੁਰਾ ਫੂਲ ਹਲਕੇ ਵਿੱਚ ਉਨ੍ਹਾਂ ਨੇ ਉਦਘਾਟਨ ਮੌਕੇ ਜਦੋਂ ਸੇਵਾ ਕੇਂਦਰ ਵੇਖੇ ਤਾਂ ਕਈ ਖ਼ਾਮੀਆਂ ਧਿਆਨ ਵਿੱਚ ਆਈਆਂ ਅਤੇ ਉਸਾਰੀ ਦਾ ਮਿਆਰ ਵੀ ਚੰਗਾ ਨਹੀਂ ਹੈ। ਲੋਕ ਨਿਰਮਾਣ ਵਿਭਾਗ ਦੇ ਇੰਜਨੀਅਰਿੰਗ ਵਿੰਗ ਦੇ ਅਫ਼ਸਰਾਂ ਨੇ ਜ਼ਿਆਦਾ ਐਸਟੀਮੇਟ ਬਣਾਏ ਹਨ ਅਤੇ ਉਸਾਰੀ ਕੁਆਲਿਟੀ ਵਾਲੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਸੇਵਾ ਕੇਂਦਰਾਂ ਦੀ ਸਟੱਡੀ ਕਰ ਰਹੇ ਹਨ। ਸਰਕਾਰ ਦਾ ਲੋਕਾਂ ਨੂੰ ਸਹੂਲਤਾਂ ਦੇਣ ਵਾਲਾ ਇਹ ਵੱਡਾ ਪ੍ਰਾਜੈਕਟ ਹੈ, ਜਿਸ ਦਾ ਕੰਮ ਕੁਆਲਿਟੀ ਵਾਲਾ ਹੋਣਾ ਚਾਹੀਦਾ ਸੀ। ਦੱਸਣਯੋਗ ਹੈ ਕਿ ਸ੍ਰੀ ਮਲੂਕਾ ਨੇ ਸੇਵਾ ਕੇਂਦਰਾਂ ਵਿੱਚ ਗੜਬੜ ਦੀ ਜਾਂਚ ਲਈ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖਣ ਦੀ ਗੱਲ ਆਖੀ ਸੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਰਾਜ ਭਰ ਵਿੱਚ 2146 ਸੇਵਾ ਕੇਂਦਰ ਬਣਾਏ ਹਨ, ਜਿਨ੍ਹਾਂ ਵਿਚੋਂ ਸ਼ਹਿਰੀ ਖੇਤਰ ਵਿਚ 389 ਅਤੇ ਪੇਂਡੂ ਖੇਤਰਾਂ ਵਿਚ 1758 ਕੇਂਦਰ ਬਣਾਏ ਗਏ ਹਨ। ਇਨ੍ਹਾਂ 'ਤੇ ਤਕਰੀਬਨ 500 ਕਰੋੜ ਰੁਪਏ ਦੀ ਲਾਗਤ ਆਈ ਹੈ। ਲੋਕ ਨਿਰਮਾਣ ਵਿਭਾਗ ਦੇ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ, 'ਚੰਗਾ ਹੁੰਦਾ ਜੇਕਰ ਮਲੂਕਾ ਸਾਹਬ ਇਹ ਮਾਮਲਾ ਪਹਿਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਂਦੇ ਅਤੇ ਫਿਰ ਮੁੱਖ ਮੰਤਰੀ ਪੰਜਾਬ ਨੂੰ ਜਾਣੂ ਕਰਾਉਂਦੇ।' ਉਨ੍ਹਾਂ ਕਿਹਾ ਕਿ ਜਨਤਕ ਤੌਰ 'ਤੇ ਵਜ਼ੀਰ ਵੱਲੋਂ ਸੇਵਾ ਕੇਂਦਰਾਂ ਵਿੱਚ ਘਪਲੇ ਦੀ ਗੱਲ ਕਰਨ ਨਾਲ ਸਰਕਾਰ ਦਾ ਅਕਸ ਖ਼ਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਦੀ ਉਸਾਰੀ ਵਿਚ ਜੇਕਰ ਕੋਈ ਗੜਬੜ ਹੋਈ ਹੈ ਤਾਂ ਉਹ ਪੜਤਾਲ ਕਰਾਉਣਗੇ। ਸ੍ਰੀ ਸੇਖੋਂ ਨੇ ਕਿਹਾ ਕਿ ਅਸਲ ਵਿੱਚ ਉਪ ਮੁੱਖ ਮੰਤਰੀ ਦੀ ਦੇਖ ਰੇਖ ਹੇਠ ਹੀ ਸੇਵਾ ਕੇਂਦਰਾਂ ਦਾ ਪ੍ਰਾਜੈਕਟ ਤਿਆਰ ਹੋਇਆ ਹੈ ਅਤੇ ਇੰਜਨੀਅਰਿੰਗ ਵਿੰਗ ਨੇ ਹੀ ਐਸਟੀਮੇਟ ਵਗੈਰਾ ਤਿਆਰ ਕੀਤੇ ਹਨ। ਉਨ੍ਹਾਂ ਨੂੰ ਐਸਟੀਮੇਟ ਵਗੈਰਾ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹ ਮਾਮਲੇ ਦੀ ਲੋਕ ਨਿਰਮਾਣ ਵਿਭਾਗ ਦੇ ਵਿਜੀਲੈਂਸ ਵਿੰਗ ਤੋਂ ਮੁਢਲੀ ਜਾਂਚ ਕਰਾਉਣਗੇ। ਜੇਕਰ ਇਸ ਜਾਂਚ ਵਿਚ ਕੋਈ ਗੜਬੜ ਸਾਹਮਣੇ ਆਈ ਤਾਂ ਉਹ ਵਿਜੀਲੈਂਸ ਬਿਊਰੋਂ ਪੰਜਾਬ ਤੋਂ ਪੜਤਾਲ ਕਰਾਉਣ ਦੀ ਸਿਫ਼ਾਰਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਉਪ ਮੁੱਖ ਮੰਤਰੀ ਵੱਲੋਂ ਇਨ੍ਹਾਂ ਕੇਂਦਰਾਂ ਦਾ ਡਿਜ਼ਾਈਨ ਵਗੈਰਾ ਤਿਆਰ ਕਰਾਇਆ ਗਿਆ ਹੈ ਅਤੇ ਐਨੀ ਵੱਡੀ ਗੜਬੜ ਹੋਣੀ ਸੰਭਵ ਨਹੀਂ ਹੈ।

ਮਲੂਕਾ ਨੇ ਕਿਹਾ, "ਮੈਂ ਤਾਂ ਸੇਵਾ ਕੇਂਦਰਾਂ ਵਿਚ ਗੜਬੜ ਹੋਣ ਦੀ ਗੱਲ ਰੁਟੀਨ ਵਿੱਚ ਹੀ ਕੀਤੀ ਸੀ ਅਤੇ ਕਿਸੇ ਨੂੰ ਟਾਰਗੈੱਟ ਨਹੀਂ ਕੀਤਾ। ਜਨਮੇਜਾ ਸਿੰਘ ਸੇਖੋਂ ਦਾ ਇਸ ਮਾਮਲੇ ਵਿੱਚ ਕੋਈ ਰੋਲ ਨਹੀਂ ਹੈ ਅਤੇ ਇਹ ਗੜਬੜ ਤਾਂ ਅਫ਼ਸਰਸ਼ਾਹੀ ਨੇ ਕੀਤੀ ਹੈ। ਜਨਮੇਜਾ ਸਿੰਘ ਸੇਖੋਂ ਨੂੰ ਤਾਂ ਇਸ ਦਾ ਪਤਾ ਵੀ ਨਹੀਂ ਹੋਣਾ।"

ਉਧਰ ਸੇਖੋਂ ਨੇ ਕਿਹਾ, "ਚੰਗਾ ਹੁੰਦਾ ਜੇਕਰ ਮਲੂਕਾ ਸਾਹਬ ਇਹ ਮਾਮਲਾ ਪਹਿਲਾਂ ਮੇਰੇ ਧਿਆਨ ਵਿੱਚ ਲਿਆਉਂਦੇ ਅਤੇ ਫਿਰ ਮੁੱਖ ਮੰਤਰੀ ਪੰਜਾਬ ਨੂੰ ਜਾਣੂ ਕਰਾਉਂਦੇ। ਜਨਤਕ ਤੌਰ 'ਤੇ ਵਜ਼ੀਰ ਵੱਲੋਂ ਸੇਵਾ ਕੇਂਦਰਾਂ ਵਿੱਚ ਘਪਲੇ ਦੀ ਗੱਲ ਕਰਨ ਨਾਲ ਸਰਕਾਰ ਦਾ ਅਕਸ ਖ਼ਰਾਬ ਹੁੰਦਾ ਹੈ। ਜੇਕਰ ਕੋਈ ਗੜਬੜ ਹੋਈ ਹੈ ਤਾਂ ਮੈਂ ਪੜਤਾਲ ਜ਼ਰੂਰ ਕਰਾਵਾਂਗਾ।"

# ਫੇਸ ਬੁੱਕ ਪਲੇਟਫਾਰਮ ਸਿਆਸੀ ਖੁੰਢ ਚਰਚਾ

## ਜੰਗ ਵਾਲੇ ਦੁੱਖੜੇ ਬੁਰੇ

ਬਾਰਡਰ ਏਰੀਏ ਦੇ ਪਿੰਡਾਂ ਤੋਂ ਲੋਕਾਂ ਨੂੰ 10 ਕਿਲੋਮੀਟਰ ਦੂਰ ਚਲੇ ਜਾਣ ਦੀਆਂ ਖਬਰਾਂ ਆ ਰਹੀਆਂ ਨੇ। ਡੀਫੈਂਸ ਨਹਿਰ ਤੋਂ ਪਾਰ ਪੈਂਦੇ ਪਿੰਡ ਖਾਲੀ ਕਰ ਵੀ ਦਿੱਤੇ ਗਏ ਨੇ। ਹਾਲੇ ਫੌਜ ਨਹੀਂ ਪਹੁੰਚੀ, ਖਬਰਾਂ ਤੋਂ ਲਗਦਾ ਕਲ੍ਹ ਤੱਕ ਫੌਜ ਵੀ ਆ ਜਾਊ ਪੱਕੀਆਂ ਫਸਲਾਂ ਉਜਾੜਣ। ਪਿੰਡਾਂ ਨੂੰ ਖਾਲੀ ਕਰਨ ਦਾ ਫੁਰਮਾਨ ਪੰਚਾਇਤਾਂ ਅਤੇ ਐਮ ਐਲ ਏ ਸਾਹਿਬ ਦੇ ਰਹੇ ਨੇ। ਹਰ ਗੱਲ 'ਚ ਸਿਆਸਤ। ਕੁਝ ਰਿਸ਼ਤੇਦਾਰਾਂ ਨਾਲ ਗੱਲ ਹੋਈ ਤਾਂ ਉਹ ਕਹਿੰਦੇ ਹੁਣ ਮਾਲ ਡੰਗਰ ਤੇ ਪੱਕੀ ਫਸਲ ਛੱਡ ਕੇ ਕਿੱਥੇ ਜਾਈਏ। ਛੋਟੇ ਬੱਚੇ ਦੂਰ ਭੇਜ ਦਿੱਤੇ ਨੇ ਪਰ ਆਪ ਹਾਲੇ ਡੱਟੇ ਹੋਏ ਨੇ। ਘਰ ਬੈਠੇ ਹੀ ਆਫਤ ਪੈਣ ਵਾਲਾ ਹਾਲ ਹੈ। ਬਚਪਨ 'ਚ ਵਾਪਰੀਆਂ ਇਸ ਤਰ੍ਹਾਂ ਦੀਆਂ ਕਈ ਮੁਹਿਮਾਂ ਦਾ ਚੇਤਾ ਆ ਗਿਆ। ਇਹਨਾਂ ਦੇ ਦਿਲਾਂ 'ਚ ਰਹਿਮ ਆਏ ਤੇ ਸਭ ਖ਼ੈਰ-ਸੁੱਖ ਰਹੇ!

## ਇਹ ਸਾਡੇ ਖੇਤ ਹਨ

**ਜਗਜੀਤ ਨੌਸ਼ਹਿਰਵੀ**

(ਅਪਣੇ ਬਚਪਨ ਦੇ ਯਾਰਾਂ ਬੇਲੀਆਂ ਦੇ ਨਾਂਅ)

ਏਥੇ ਅਸੀਂ
ਹਲ ਵਾਹੁੰਦੇ ਹਾਂ
ਮੁੜ੍ਹਕਾ ਸਿੰਜਦੇ ਹਾਂ
ਸੁਫਨੇ ਬੀਜਦੇ ਹਾਂ
ਸੱਧਰਾਂ ਪੁੰਗਰਦੀਆਂ ਹਨ

ਇਸ ਮਿੱਟੀ 'ਚ
ਬੱਚੇ ਖੇਡਦੇ ਹਨ
ਜਵਾਨ ਘੁੱਲਦੇ ਹਨ
ਬਜ਼ੁਰਗ ਮਿੱਟੀ ਨਾਲ ਮਿੱਟੀ ਹੁੰਦੇ ਹਨ

ਇਹਨਾਂ ਜੂਹਾਂ 'ਚ
ਕਿਲਕਾਰੀਆਂ ਸੁਣਦੀਆਂ ਹਨ
ਹਾਸੇ ਫੁੱਟਦੇ ਹਨ
ਝਾਂਜਰਾਂ ਛਣਕਦੀਆਂ ਹਨ
ਇਸ਼ਕ ਮੌਲਦੇ ਹਨ
ਇਹ ਸਾਡੀ ਮਿੱਟੀ ਹੈ

**ਤੁਸੀਂ**
ਇਹ ਦਹਾੜਦੇ ਟੈਂਕ
ਭਾਰੀ ਭਰਕਮ ਤੋਪਾਂ
ਤੇ ਕੋਝੀ ਸਿਆਸਤ
ਏਥੋਂ ਦੂਰ ਲੈ ਜਾਓ!



ਕੈਲੀਫੋਰਨੀਆਂ ਵਸਦਾ ਜਗਜੀਤ ਪੰਜਾਬ ਫੇਰੀ ਸਮੇਂ ਅਪਣੇ ਖੇਤਾਂ 'ਚ

ਇਹ ਸਾਡੇ ਖੇਤ ਹਨ
ਏਥੇ ਜ਼ਿੰਦਗੀ ਮੌਲਦੀ ਹੈ
ਮੌਤ ਨਹੀਂ!

## ਅੱਜ ਸਰਦਾਰ ਕਿਉਂ ?

ਹਮੇਸ਼ਾ ਸਰਦਾਰਾਂ ਦਾ ਮਜ਼ਾਕ ਉਡਾਓਣ ਵਾਲਿਓ ਅੱਜ ਕਿਵੇ ਸਰਦਾਰ ਯਾਦ ਆ ਗਏ। ਅੱਜ ਕਿਥੇ ਨੇ ਟੋਪੀਆਂ ਵਾਲੇ ਜਿਹੜੇ ਦਿੱਲੀ ਬੈਠ ਸਰਦਾਰਾ ਤੇ ਹੱਸਦੇ ਰਹਿੰਦੇ ਜੇ ਫਿਰ ਹੁਣ ਕਿਓ ਕਮਾਨ ਦਿੱਤੀ ਸਰਦਾਰਾ ਨੂੰ? ਮੈ ਸਰਦਾਰ ਹਾਂ ਮੈਨੂੰ ਸਰਦਾਰ ਹੋਣ ਤੇ ਮਾਨ share ਜਰੂਰ ਕਰਿਓ।

**Surinder Neer**

ਪੰਜਾਬੀ ਦੀ ਇੱਕ ਕਹਾਵਤ ਹੈ "ਚਿੜੀਆਂ ਦਾ ਮਰਨ ਤੇ ਗਵਾਰਾਂ ਦਾ ਹਾਸਾ" ਇਹੀ ਹਾਸਾ ਅੱਜ ਸਾਰੇ ਮੀਡੀਆ ਅਤੇ ਜਸ਼ਨ ਮਨਾਉਣ ਵਾਲਿਆਂ ਦੇ ਚੇਹਰਿਆਂ ਅਤੇ ਮਨਾਂ ਉੱਤੇ ਛਾਇਆ ਹੋਇਆ ਹੈ। ਚਿੜੀਆਂ ਚਾਹੇ ਇੱਧਰ (ਭਾਰਤ) ਮਰਨ ਜਾਂ ਓਧਰ (ਪਾਕਿਸਤਾਨ) ਗਵਾਰਾਂ ਲਈ ਬੱਸ ਮਨੋਰੰਜਨ ਦਾ ਸਮਾਨ ਹੈ !

**Sodhi Parminder**

ਜੇ ਤੁਸੀਂ ਯੁੱਧ ਦੇ ਵਿਰੋਧੀ ਹੋ ਤਾਂ ਇਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਤੁਸੀਂ ਲੜ੍ਹ ਰਹੀਆਂ ਦੋ ਧਿਰਾਂ ਵਿਚੋਂ ਕਿਸੇ ਇੱਕ ਦਾ ਸਾਥ ਦੇ ਰਹੇ ਹੋਂਪਰ ਹਾਂ,ਇਸ ਤਰ੍ਹਾਂ ਕਰਨ ਨਾਲ ਤੁਸੀਂ ਹੋਰ ਕਈ ਧਿਰਾਂ ਦਾ ਸਾਥ ਜਰੂਰ ਦੇਣ ਲਗਦੇ ਹੋ 'ਯੁੱਧ ਦਾ ਵਿਰੋਧ ਕਰਨਾ, ਇਹ ਤੁਹਾਨੂੰ ਅਮਨ-ਸ਼ਾਂਤੀ ਦਾ ਸਾਥੀ ਬਣਾ ਦਿੰਦਾ ਹੈ ,ਮਨੁੱਖਤਾ ਦਾ ਸਾਥੀ ਬਣਾ ਦਿੰਦਾ ਹੈ ੀ ਵਿਕਾਸ ਦਾ, ਸੰਚਾਰ ਦਾ ,ਸਫ਼ਾਰਤੀ ਕੋਸ਼ਿਸ਼ਾਂ ਦਾ ,ਪਿਆਰ ਦਾ,ਸੂਝ-ਸਿਆਣਪ ਦਾ ਅਤੇ ਮੁਆਫ਼ ਕਰਨ ਵਾਲੇ ਗੁਣਾਂ ਦਾ ਸਾਥੀ ਬਣਾ ਦਿੰਦਾ ਹੈ ...

``If you're anti-war it doesn't mean you are 'pro' one side or the other in a conflict[ However, it does make you 'pro' many things [[[ Pro-peace, pro-human, pro-evolution, it makes you pro-communication, pro-diplomacy, pro-love, pro-understanding, pro-forgiveness[`` Eddie Vedder

**Gurpreet Singh Sahota**

ਜੰਗ ਦਾ ਏਨਾ ਹੀ ਚਾਅ ਹੈ ਤਾਂ ਦਿੱਲੀ-ਬੰਬੇ-ਕਰਾਚੀ-ਇਸਲਾਮਾਬਾਦ ਵਰਗੇ ਵੱਡੇ ਸ਼ਹਿਰਾਂ 'ਤੇ ਮਿਜ਼ਾਇਲਾਂ ਸੁੱਟ ਕੇ ਲੜ ਲੈਣ। ਨਾਲੇ ਜਿਹੜੇ ਸ਼ਹਿਰੀਏ ਟੀ. ਵੀ. 'ਤੇ ਆਣ-ਆਣ ਕੇ ਚੱਕ-ਦਿਓ, ਚੱਕ-ਦਿਓ ਕਰ ਰਹੇ ਆ, ਜੰਗ ਦਾ ਸਵਾਦ ਪਤਾ ਲੱਗ ਜਊ ਇਨ੍ਹਾਂ ਨੂੰ। 2900 ਕਿਲੋਮੀਟਰ ਲੰਮੀ ਭਾਰਤ-ਪਾਕਿ ਸਰਹੱਦ ਹੈ ਪਰ ਪਿੰਡ ਪੰਜਾਬ ਦੇ ਹੀ ਕਿਓਂ ਖਾਲੀ ਕਰਵਾਏ ਜਾ ਰਹੇ ਹਨ? ਕਿਤੇ ਹੋਰ ਜਾ ਕੇ ਲੜ ਲੈਣ, ਪਰ ਪੰਜਾਬ 'ਚ ਨਹੀਂ।

ਸਮਝ ਨਹੀਂ ਆ ਰਹੀ ਕਿ ਜੰਗ ਜੰਗ ਕੂਕਣ ਵਾਲੇ ਮੀਡੀਏ ਨੂੰ ਤਬਾਹੀ ਦਾ ਇਲਮ ਨਹੀਂ ਜਾਂ ਸਰਕਾਰੀ ਹੁਕਮ ਹਨ ਅਜਿਹਾ ਕਰਨ ਦੇ ਤਾਂ ਕਿ ਲੋਕਾਂ ਦਾ ਲੜਾਈ ਲਈ ਮਨ ਬਣਾਇਆ ਜਾਵੇ?

ਜੇ ਜੰਗ ਹੀ ਲੜਨੀ ਹੈ ਤਾਂ ਮੀਡੀਆ ਕੇਂਦਰਾਂ 'ਤੇ ਸੁੱਟਣ ਮਿਜ਼ਾਇਲਾਂ, ਜਿਹੜੇ ਕਈ ਦਿਨਾਂ ਦੇ ਜੰਗ ਜੰਗ ਕਰ ਰਹੇ ਹਨ ਤਾਂ ਕਿ ਪਤਾ ਲੱਗੇ ਕਿ ਕੈਮਰੇ ਜਾਂ ਮਾਈਕ ਅੱਗੇ ਬਹਿ ਕੇ ਜੰਗ ਜੰਗ ਕਹਿਣਾ ਕਿੰਨਾ ਸੌਖਾ ਹੁੰਦਾ ਤੇ ਘਰ ਬਾਰ ਦਾ ਉਜਾੜਾ ਕਰਵਾ ਕੇ ਘਰ ਦੇ ਜੀਅ ਮਰਵਾਉਣੇ ਕਿੰਨੇ ਔਖੇ?

ਜਿਹੜੇ 500 ਪਿੰਡਾਂ ਦੇ ਪੰਜਾਬੀਆਂ ਦੇ ਘਰ ਖਾਲੀ ਕਰਵਾਏ ਜਾ ਰਹੇ ਹਨ, ਕਿੱਥੇ ਜਾ ਕੇ ਰਹਿਣਗੇ ਉਹ? ਕੀ ਬਣੂ ਘਰਾਂ ਦਾ, ਫਸਲਾਂ ਦਾ, ਪਸ਼ੂਆਂ ਦਾ? ਸੋਚ ਕੇ ਸਿਰ ਘੁੰਮਦਾ। ਬੰਦਾ ਮੌਤ ਤੋਂ ਘੱਟ ਡਰਦਾ, ਘਰ-ਪਰਿਵਾਰ ਉੱਜੜਨ ਤੋਂ ਵੱਧ ਡਰਦਾ।

ਬਾਹਰ ਵਸਦੇ ਦੋਵਾਂ ਪੰਜਾਬਾਂ ਦੇ ਪੰਜਾਬੀਆਂ ਵਲੋਂ ਰਲ ਕੇ 'ਅਮਨ ਮਾਰਚ' ਕੱਢਣੇ ਸਮੇਂ ਦੀ ਲੋੜ ਹੈ। ਇਹ ਜੰਗ ਕਿਸੇ ਵੀ ਹਾਲਤ 'ਚ ਨਹੀਂ ਲੱਗਣੀ ਚਾਹੀਦੀ। ਆਓ ਰਲ ਕੇ ਵਾਹਿਗੁਰੂ, ਭਗਵਾਨ, ਅੱਲ੍ਹਾ, ਗੌਡ ਅੱਗੇ ਅਰਦਾਸ ਕਰੀਏ।

Harjeshwar Pal Singh

## ਅਮਨ ਅਤੇ ਜੰਗ ਵਿੱਚ ਕੀ ਫਰਕ ਹੈ ?

ਅਮਨ ਵੇਲੇ ਨੌਜਵਾਨ ਬਜੁਰਗਾਂ ਦਾ ਸੰਸਕਾਰ ਕਰਦੇ ਹਨ ।ਜੰਗ ਵੇਲੇ ਬਜੁਰਗ ,ਨੌਜਵਾਨਾਂ ਦਾ । In peace, sons bury their fathers[ In war, fathers bury their sons-Herodotus

## ਗੋਲ਼ੀ ਅੰਨ੍ਹੀ, ਗੂੰਗੀ ਬੋਲੀ

ਪਾਕਿਸਤਾਨ ਦੇ ਆਵਾਮੀ ਸ਼ਾਇਰ ਬਾਬਾ ਨਜ਼ਮੀ ਦੀ ਬਹੁਤ
ਸੋਹਣੀ ਲਿਖਤ ਅੱਜ ਦੇ ਹਾਲਾਤ ਉੱਤੇ ਢੁੱਕਦੀ ਹੈ

ਗੋਲ਼ੀ ਅੰਨ੍ਹੀ, ਗੂੰਗੀ ਬੋਲੀ,
ਸੰਗੀਓ ਇਹਦਾ ਸੰਗ ਨਈਂ ਚੰਗਾ ।
ਇਹਦਾ ਕੋਈ ਵੀ ਰੰਗ ਨਈਂ ਚੰਗਾ।
ਇਹਦਾ ਕੋਈ ਵੀ ਫਾਇਦਾ ਨਈਂ ਜੇ।
ਇਹਦਾ ਕੋਈ ਵੀ ਕਾਇਦਾ ਨਈਂ ਜੇ।
ਗੋਲ਼ੀ ਇਹਨਾਂ ਵੱਲੋਂ ਚੱਲੇ।
ਗੋਲ਼ੀ ਉਹਨਾਂ ਵੱਲੋਂ ਚੱਲੇ।
ਗੋਲ਼ੀ ਨਾਲ਼ ਪੁਆੜਾ ਪੈਂਦਾ।
ਗੋਲ਼ੀ ਨਾਲ਼ ਉਜਾੜਾ ਪੈਦਾਂ।
ਏਧਰ ਵੀ ਇਹ ਬੰਦਾ ਮਾਰੇ ।
ਓਧਰ ਵੀ ਇਹ ਬੰਦਾ ਮਾਰੇ।
ਆਪਣੇ ਬੰਦੇ ਮਾਰਨ ਨਾਲ਼ੋਂ।
ਕਬਰਾਂ ਵਿੱਚ ਉਤਾਰਨ ਨਾਲ਼ੋਂ।
ਮੇਰੀ ਮੰਨੋ, ਮੇਰੇ ਚੰਨੋ।
ਇੱਕ ਦੂਜੇ ਦੇ ਸੀਨੇ ਲੱਗੋ।
ਫੁੱਲਾਂ ਦੇ ਗੁਲਦਸਤੇ ਲੱਭੋ।
ਬੰਦੇ ਖਾਣੀ ਗੋਲ਼ੀ ਦੱਬੋ।।

**ਕਵਿਤਾ**

ਅੰਤਰ ਰਾਸ਼ਟਰੀ ਅਹਿੰਸਾ ਦਿਵਸ ਤੇ ਵਿਸ਼ੇਸ਼

## ਅਮਨ

**ਪ੍ਰਮਿੰਦਰ ਸਿੰਘ ਪ੍ਰਵਾਨਾ**

ਪੰਛੀਆਂ ਨੂੰ ਉੱਡਦੇ ਵੇਖ ਕੇ,
ਚਹਿ ਚਹਾਇਆ ਮਨ ਇਕ ਦਿਨ।
ਜੇ ਉਡਾਣਾਂ ਹੋਣ ਅਜ਼ਾਦ,
ਕਿਉਂ ਨਾ ਹੋਵੇ ਫਿਰ ਖੁਸ਼ ਮਨ।
ਮਾਨਵਤਾ ਲਈ ਆਵੇ,
ਸਦਾ ਅਜਿਹਾ ਦਿਨ।
ਚੌਹ ਚੱਕੀਂ ਸੋਚਾਂ ਬਦਲ ਜਾਣ,
ਐਸਾ ਕੋਈ ਦੀਪ ਜਲੇ।
ਅਮਨ ਦੀਪ ਹੈ ਇਕ ਰੌਸ਼ਨ,
ਰਹੇ ਹਮੇਸ਼ਾ ਜਿਸ ਦਾ ਚਾਨਣ।
ਦੁਨੀਆਂ ਵਿਚ ਰਹੇ ਅਮਨ,
ਸਭ ਸੁੱਖ ਵਿਚ ਵੱਸਣ।
ਜਾਂਦੇ ਹਰ ਮਹਾਂਪੁਰਸ਼ ਨੇ,
ਦਿੱਤਾ ਅਮਨ ਦਾ ਪ੍ਰਵਚਨ।
ਕਿ ਦੁਨੀਆਂ ਵਿਚ,
ਅਮਨ ਰਹੇ, ਅਮਨ ਰਹੇ।
ਮਹਾਂਪੁਰਸ਼ ਸਦਾ ਆਉਂਦੇ ਰਹਿਣ,
ਅਮਨ ਦਾ ਉਪਦੇਸ਼ ਸੁਨਾਉਣ।
ਪ੍ਰਵਾਨਾ ਇਹ ਸੰਦੇਸ਼ ਪਹੁੰਚਾਉਣਾ
ਵਿਚ ਦੁਨੀਆਂ ਸਦਾ
ਅਮਨ ਰਹੇ! ਅਮਨ ਰਹੇ!

## ਬਾਰਾਮੂਲਾ ਦੇ ਫ਼ੌਜੀ ਕੈਂਪ 'ਤੇ ਅਤਿਵਾਦੀ ਹਮਲੇ ਬਾਰੇ ਭੰਬਲਭੂਸਾ

**ਸ੍ਰੀਨਗਰ/ਬਿਊਰੋ ਨਿਊਜ਼ :** ਬਾਰਾਮੂੱਲਾ ਵਿੱਚ ਐਤਵਾਰ ਰਾਤ ਫ਼ੌਜ-ਬੀਐਸਐਫ ਕੈਂਪ ਉਤੇ ਅਤਿਵਾਦੀ ਹਮਲੇ ਬਾਰੇ ਭੰਬਲਭੂਸਾ ਪੈਦਾ ਹੋ ਗਿਆ ਹੈ, ਜਿਸ ਨੂੰ ਨੀਮ ਫ਼ੌਜੀ ਬਲ ਦੇ ਸੀਨੀਅਰ ਅਧਿਕਾਰੀਆਂ ਨੇ ਅਤਿਵਾਦੀਆਂ ਦੀ 'ਮਾਰੋ ਤੇ ਦੌੜਨ' ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਇਸ ਹਮਲੇ ਵਿੱਚ ਬੀਐਸਐਫ ਦਾ ਇਕ ਜਵਾਨ ਹਲਾਕ ਹੋ ਗਿਆ ਸੀ। ਸੂਤਰਾਂ ਮੁਤਾਬਕ ਉੱਤਰੀ ਕਸ਼ਮੀਰ ਵਿੱਚ ਜਾਂਬਾਜ਼ਪੋਰਾ ਦੇ ਬਾਹਰੀ ਹਿੱਸੇ ਵਿੱਚ ਸਥਿਤ ਬੀਐਸਐਫ ਦੀ 40ਵੀਂ ਬਟਾਲੀਅਨ ਦੇ ਜਵਾਨਾਂ ਨੇ ਓਪਨ ਕਿਚਨ ਖੇਤਰ ਕੋਲ ਕੁੱਝ ਸ਼ੱਕੀ ਹਿੱਲਜੁਲ ਦੇਖੀ ਅਤੇ ਉਨ੍ਹਾਂ ਅਤਿਵਾਦੀਆਂ ਦੇ ਕੈਂਪ ਵਿੱਚ ਵੜਨ ਦੇ ਸ਼ੱਕ ਵਿਚ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਗੋਲੀਬਾਰੀ ਨਾਲ ਗੁਆਂਢ ਵਿੱਚ ਸਥਿਤ ਫ਼ੌਜੀ ਕੈਂਪ ਵਿੱਚ ਹਲਚਲ ਸ਼ੁਰੂ ਹੋ ਗਈ, ਜਿਥੇ ਮੌਜੂਦ 46ਵੀਂ ਰਾਸ਼ਟਰੀ ਰਾਈਫਲਜ਼ ਦੇ ਜਵਾਨਾਂ ਨੇ ਵੀ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸਾਰੇ ਪਾਸਿਓਂ ਗੋਲੀਬਾਰੀ ਜਾਰੀ ਰਹੀ ਅਤੇ ਕੋਈ ਪਤਾ ਨਹੀਂ ਲੱਗਿਆ ਕਿ ਕੁੱਝ ਅਤਿਵਾਦੀ ਅੰਦਰ ਵੜੇ ਹਨ ਜਾਂ ਬਾਹਰ ਤੋਂ ਗਾਲੀਬਾਰੀ ਹੋ ਰਹੀ ਹੈ।

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਅਨਿਲ ਕੌਲ ਖ਼ਿਲਾਫ਼ ਕੌਮਾਂਤਰੀ ਪੱਧਰ 'ਤੇ ਕਾਰਵਾਈ ਦਾ ਫੈਸਲਾ

## ਸਿੱਖ ਖਾੜਕੂਆਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੇ ਕਤਲੇਆਮ ਦਾ ਸ਼ਰੇਆਮ ਕੀਤਾ ਸੀ ਇਕਬਾਲ

**ਲੰਡਨ/ਬਿਊਰੋ ਨਿਊਜ਼ :**

ਬਰਤਾਨੀਆ ਵਿੱਚ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਮੀਟਿੰਗ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਬ੍ਰਮਿੰਘਮ ਵਿਖੇ ਹੋਈ ਜਿਸ ਵਿੱਚ ਪੰਜਾਬ ਪੁਲੀਸ ਦੇ ਮੁਖੀ ਕੇ.ਪੀ.ਐੱਸ ਗਿੱਲ ਵਲੋਂ ਸਿੱਖ ਖਾੜਕੂਆਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੇ ਕਤਲੇਆਮ ਦਾ ਸ਼ਰੇਆਮ ਇਕਬਾਲ ਵਾਲੇ ਅਨਿਲ ਕੌਲ ਖ਼ਿਲਾਫ਼ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ। ਸਭ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕਾਬਲ ਵਕੀਲਾਂ ਰਾਹੀਂ ਰਿੱਟ ਪਟੀਸ਼ਨ ਦਾਇਰ ਕੀਤੀ ਜਾਵੇਗੀ ਅਤੇ ਇਸ ਮਗਰੋਂ ਸੰਯੁਕਤ ਰਾਸ਼ਟਰ ਤੱਕ ਪਹੁੰਚ ਕਰਕੇ ਪੰਜਾਬ ਵਿੱਚ ਹਜ਼ਾਰਾਂ ਸਿੱਖਾਂ ਦੇ ਕਤਲਾਂ ਦੇ ਦੋਸ਼ੀ ਪੁਲੀਸ ਕਰਮੀਆਂ ਅਤੇ ਜ਼ਿੰਮੇਵਾਰ ਸਿਆਸੀ ਆਗੂਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਵਾਸਤੇ ਅਨਿਲ ਕੌਲ ਵਲੋਂ ਜਨਤਕ ਤੌਰ 'ਤੇ ਕੀਤੇ ਇਕਬਾਲ ਨੂੰ ਆਧਾਰ ਬਣਾ ਕੇ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵਲੋਂ ਤਿਆਰ ਕੀਤੇ ਦਸਤਾਵੇਜ਼ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਹੋਰ ਸਬੂਤ ਨਾਲ ਲਗਾਏ ਜਾਣਗੇ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਮੀਟੰਗ ਵਿੱਚ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਬਲਬੀਰ ਸਿੰਘ, ਭਾਈ ਅਵਤਾਰ ਸਿੰਘ ਸੰਘੇੜਾ, ਭਾਈ ਤਰਸੇਮ ਸਿੰਘ ਦਿਉਲ, ਭਾਈ ਗੁਰਦੇਵ ਸਿੰਘ ਚੌਹਾਨ, ਭਾਈ ਚਰਨ



ਸਿੰਘ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਭਾਈ ਗੁਰਦਿਆਲ ਸਿੰਘ ਅਟਵਾਲ, ਭਾਈ ਸੇਵਾ ਸਿੰਘ ਲੱਲੀ ਨੇ ਸ਼ਮੂਲੀਅਤ ਕੀਤੀ।

ਜ਼ਿਕਰਯੋਗ ਹੈ ਕਿ ਉੱਚ ਸਰਕਾਰੀ ਅਫ਼ਸਰ ਰਹੇ ਅਨਿਲ ਕੌਲ ਨੇ ਇੱਕ ਬਹਿਸ ਵਿੱਚ ਹਿੱਸਾ ਲੈਂਦਿਆਂ ਸ਼ਰੇਆਮ ਇਕਬਾਲ ਕੀਤਾ ਹੈ ਕਿ ਜਿਸ ਤਰ੍ਹਾਂ ਪੰਜਾਬ ਪੁਲੀਸ ਦੇ ਮੁਖੀ ਕੇ.ਪੀ. ਐੱਸ ਗਿੱਲ ਨੇ ਸਿੱਖ ਖਾੜਕੂਆਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਕਤਲੇਆਮ ਕੀਤਾ ਹੈ, ਉਸੇ ਤਰ੍ਹਾਂ ਹੀ ਕਸ਼ਮੀਰ ਵਿੱਚ ਖਾੜਕੂਆਂ ਦੇ ਪਰਿਵਾਰ ਅਤੇ ਰਿਸ਼ਤੇਦਾਰ ਮਾਰੇ ਜਾਣ। ਅਨਿਲ ਕੌਲ ਭਾਰਤੀ ਫੌਜ ਦਾ ਸੁਰੱਖਿਆ ਸਲਾਹਕਾਰ ਰਹਿ ਚੁੱਕਾ ਹੈ ਅਤੇ ਕਿਸੇ ਜ਼ਿੰਮੇਵਾਰ ਵਿਅਕਤੀ ਦਾ ਅਜਿਹਾ ਇਕਬਾਲ ਕਰਨਾ ਭਾਰਤ ਸਰਕਾਰ ਦੇ ਝੂਠ ਦੇ ਪਰਖਚੇ ਉਡਾਉਂਦਾ ਹੈ ਜੋ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਨਿਰਦੋਸ਼ ਸਿੱਖਾਂ ਦੇ ਵੱਡੀ ਪੱਧਰ 'ਤੇ ਕੀਤੇ ਕਤਲੇਆਮ ਤੋਂ ਮੁੱਕਰਦਾ ਆ ਰਿਹਾ ਹੈ। ਸੰਸਾਰ ਭਰ ਵਿੱਚ ਵਿਚਰ ਰਹੀਆਂ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਗਿਆ ਕਿ ਇਸ ਮਸਲੇ ਨੂੰ ਕੌਮਾਂਤਰੀ ਪੱਧਰ 'ਤੇ ਓਭਾਰਿਆ ਜਾਵੇ ਅਤੇ ਕਸ਼ਮੀਰੀ ਭਰਾਵਾਂ ਨੂੰ ਨਾਲ ਲੈ ਕੇ ਉਨ੍ਹਾਂ 'ਤੇ ਹੋਣ ਵਾਲੇ ਜ਼ੁਲਮਾਂ ਬਾਰੇ ਸੁਚੇਤ ਕੀਤਾ ਜਾਵੇ।

## ਪੰਜਾਬ ਦੀਆਂ ਸਰਹੱਦਾਂ ਉੱਤੇ ਜੰਗੀ ਤਣਾਅ ਜਾਂ ਸਿਆਸਤ

ਹੀ ਜਾਣ ਤੋਂ ਇਨਕਾਰ ਕਰ ਦਿੱਤਾ। ਦਿੱਲੀ ਦਰਬਾਰ ਨੂੰ ਖ਼ੁਸ਼ ਕਰਨ ਲਈ ਬਾਦਲਾਂ ਦੇ ਸਰਕਾਰੀ ਫ਼ਰਮਾਨ ਕਾਰਨ ਲੋਕਾਂ ਵਿਚ ਨਾਰਾਜ਼ਗੀ ਹੈ।

ਇਕ ਪਾਸੇ ਲੋਕਾਂ ਦਾ ਕਹਿਣਾ ਹੈ ਕਿ ਸਰਹੱਦੀ ਪਿੰਡਾਂ ਵਿਚ ਘੁਸਪੈਠ ਦੀਆਂ ਘਟਨਾਵਾਂ ਪਹਿਲਾਂ ਵੀ ਵਾਪਰਦੀਆਂ ਰਹੀਆਂ ਹਨ, ਪਾਕਿਸਤਾਨ ਵਾਲੇ ਪਾਸਿਓਂ ਗੋਲੀਬਾਰੀ ਦੀ ਉਲੰਘਣਾ ਵੀ ਹੁੰਦੀ ਰਹਿੰਦੀ ਹੈ ਪਰ ਇਸ ਵਾਰ ਅਜਿਹਾ ਖ਼ਾਸ ਕੀ ਹੋਇਆ ਕਿ ਉਨ੍ਹਾਂ ਨੂੰ ਆਪਣੇ ਘਰ-ਬਾਰ, ਫ਼ਸਲਾਂ ਛੱਡਣ ਲਈ ਮਜਬੂਰ ਕੀਤਾ ਗਿਆ ਹੈ। ਜਿਸ ਤਰ੍ਹਾਂ ਜੰਗ ਦੇ ਮਾਹੌਲ ਦਾ ਪ੍ਰਚਾਰ ਕੀਤਾ ਗਿਆ, ਅਜਿਹਾ ਕੁਝ ਵੀ ਨਹੀਂ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਪਿੰਡ ਖਾਲੀ ਕਰਾਉਣ ਦਾ ਕੰਮ ਬੀ.ਐਸ.ਐਫ. ਨਹੀਂ, ਪੰਜਾਬ ਪੁਲੀਸ ਕਰ ਰਹੀ ਹੈ। ਪੰਜਾਬ ਪੁਲੀਸ ਦੇ ਜਵਾਨ ਰਾਤ ਦੇ ਪਹਿਰੇ ਦੇ ਰਹੇ ਹਨ। ਇਥੋਂ ਤਕ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹੁਣ ਸਰਹੱਦੀ ਪਿੰਡਾਂ ਦੀ ਰਾਖੀ ਲਈ 15 ਨੀਮ ਫ਼ੌਜੀ ਦਸਤਿਆਂ ਦੀਆਂ ਟੁੱਕੜੀਆਂ ਮੰਗੀਆਂ ਹਨ ਤਾਂ ਜੋ ਪੁਲੀਸ ਨੂੰ ਸੂਬੇ ਦੀ ਅੰਦਰੂਨੀ ਸੁਰੱਖਿਆ 'ਤੇ ਮੁੜ ਲਾਇਆ ਜਾ ਸਕੇ।

ਉਧਰ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਅਕਾਲੀ-ਭਾਜਪਾ ਸਰਕਾਰ ਤੇ ਕੇਂਦਰੀ ਵਿਚਲੀ ਮੋਦੀ ਸਰਕਾਰ ਸਰਹੱਦਾਂ 'ਤੇ ਤਣਾਅ ਦਾ ਮਾਹੌਲ ਪੈਦਾ ਕਰਕੇ ਸਿਆਸੀ ਲਾਹਾ ਲੈਣਾ ਚਾਹੁੰਦੀਆਂ ਹਨ ਕਿਉਂਕਿ ਇਸ ਵੇਲੇ ਉਤਰ ਪ੍ਰਦੇਸ਼ ਤੇ ਪੰਜਾਬ ਦੀਆਂ ਚੋਣਾਂ ਨੇੜੇ ਹਨ। ਕਾਂਗਰਸੀ ਆਗੂ ਸੁਨੀਲ ਜਾਖੜ ਨੇ ਵੀ ਦੋਸ਼ ਲਾਇਆ ਕਿ ਜੇਕਰ ਸਰਹੱਦੀ ਪਿੰਡਾਂ ਵਿਚ ਅਜਿਹੇ ਹਾਲਾਤ ਹਨ ਤਾਂ ਸੂਬੇ ਦੇ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਕਿੱਥੇ ਹਨ? ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਬਿਮਾਰ ਹੁੰਦਿਆਂ ਵੀ ਪਿੰਡਾਂ ਦਾ ਦੌਰਾ ਕਰ ਰਹੇ ਹਨ ਪਰ ਸੁਖਬੀਰ ਬਾਦਲ ਕਿਤੇ ਨਜ਼ਰ ਨਹੀਂ ਆ ਰਹੇ।

ਭਾਵੇਂ ਸੂਬਾ ਸਰਕਾਰ ਨੇ ਹੁਣ ਸਕੂਲ ਖੋਲ੍ਹਣ ਦਾ ਹੁਕਮ ਦੇ ਦਿੱਤਾ ਹੈ ਪਰ ਲੋਕਾਂ ਵਿਚ ਇਸ ਗੱਲ ਨੂੰ ਲੈ ਕੇ ਨਾਰਾਜ਼ਗੀ ਹੈ ਕਿ ਇਥੇ ਅਜਿਹਾ ਕੋਈ ਲੜਾਈ ਦਾ ਮਾਹੌਲ ਨਹੀਂ ਸੀ, ਜਿਵੇਂ ਕਿ ਕਾਰਗਿਲ ਸਮੇਂ ਸੀ, ਜਦੋਂ ਉਥੇ ਫ਼ੌਜ ਜਮ੍ਹਾ ਸੀ ਪਰ ਹੁਣ ਮਾਹੌਲ ਅਜਿਹਾ ਨਹੀਂ ਹੈ। ਅਟਾਰੀ ਬਾਰਡਰ ਟਰੱਕ ਐਸੋਸੀਏਸ਼ਨ ਦੇ ਆਗੂ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਤਣਾਅ ਦਾ ਸਾਡੇ ਕੰਮ 'ਤੇ ਕੋਈ ਅਸਰ ਨਹੀਂ ਪਿਆ। ਇਹ ਸਭ ਸਿਆਸੀ ਸਟੰਟ ਹੈ, ਲੋਕਾਂ ਨੂੰ 10 ਕਿਲੋਮੀਟਰ ਪਿਛੇ ਜਾਣ ਲਈ ਕਿਹਾ ਗਿਆ, ਕਿੱਥੇ ਜਾਣ ਇਹ ਲੋਕ? ਕਿਸਾਨ ਆਪਣੀ ਪੱਕੀ ਫ਼ਸਲ ਛੱਡ ਕੇ ਕਿਵੇਂ ਜਾਣ? ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਰੋਜ਼ੀ-ਰੋਟੀ ਫ਼ਸਲਾਂ ਦੇ ਸਿਰ 'ਤੇ ਹੈ ਤੇ ਅਜਿਹੇ ਸਮੇਂ ਲੋਕਾਂ ਨੂੰ ਆਪਣੇ ਖੇਤਾਂ ਤੋਂ ਦੂਰ ਕੀਤਾ ਜਾ ਰਿਹਾ ਹੈ। ਵਾਹਗਾ ਬਾਰਡਰ ਨੇੜਲੇ ਦੁਕਾਨਦਾਰਾਂ ਵਿਚ ਵੀ ਰੋਸ ਹੈ ਕਿ ਇਨ੍ਹਾਂ ਚਾਰ ਦਿਨਾਂ ਵਿਚ ਉਨ੍ਹਾਂ ਦਾ ਕੰਮ ਠੱਪ ਹੋ ਗਿਆ ਹੈ, ਇਸ ਨੁਕਸਾਨ ਦੀ ਭਰਪਾਈ ਕੌਣ ਕਰੇਗਾ? ਰਾਵੀ ਦਰਿਆ ਪਾਰਲੇ ਪਿੰਡ ਵਾਸੀਆਂ ਵਿਚ ਇਸ ਗੱਲ ਦਾ ਰੋਸਾ ਹੈ ਕਿ ਇਕ ਪਾਸੇ ਸਰਕਾਰ ਪਿੰਡ ਖਾਲੀ ਕਰਨ ਲਈ ਕਹਿ ਰਹੀ ਹੈ ਪਰ ਲੋਕਾਂ ਦੀ ਸਹੂਲਤ ਲਈ ਹਾਲੇ ਤਕ ਆਰਜ਼ੀ ਪੁਲ ਤਿਆਰ ਨਹੀਂ ਹੋ ਸਕਿਆ, ਜਦੋਂ ਕਿ ਸ਼੍ਰੀ ਸ਼੍ਰੀ ਰਵੀ ਸ਼ੰਕਰ ਦੇ ਪ੍ਰੋਗਰਾਮ ਲਈ ਰਾਤੋ-ਰਾਤ ਫ਼ੌਜ ਵਲੋਂ ਪੁਲ ਤਿਆਰ ਕਰਵਾਇਆ ਗਿਆ।

ਇਸ ਸਬੰਧ ਵਿਚ ਸਿਆਸੀ ਮਾਹਰ ਵੀ ਇਸ ਮਸਲੇ ਨੂੰ ਪੰਜਾਬ ਤੇ ਹੋਰਨਾਂ ਸੂਬਿਆਂ ਵਿਚ ਹੋਣ ਵਾਲੀਆਂ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਸੀਮਾ 'ਤੇ ਕਿਸੇ ਤਰ੍ਹਾਂ ਦਾ ਤਣਾਅ ਨਹੀਂ ਹੈ, ਕੋਈ ਡਰ ਦਾ ਮਾਹੌਲ ਨਹੀਂ, ਜੰਗ ਦਾ ਕੋਈ ਖ਼ਦਸ਼ਾ ਵੀ ਨਹੀਂ ਹੈ, ਫੇਰ ਪਿੰਡ ਕਿਉਂ ਖਾਲੀ ਕਰਵਾਏ ਗਏ। ਸਰਕਾਰ ਇਸ ਬਾਰੇ ਚੁੱਪ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਉਹ ਕੇਂਦਰ ਸਰਕਾਰ ਦੇ ਹੁਕਮਾਂ ਦਾ ਪਾਲਣ ਕਰ ਰਹੀ ਹੈ। ਮਾਹਰਾਂ ਅਨੁਸਾਰ ਜੰਗ ਦਾ ਹਊਆ ਖੜ੍ਹਾ ਕਰਕੇ ਸਿਆਸੀ ਪਾਰਟੀਆਂ ਵਲੋਂ ਇਹ ਕਿਤੇ ਚੋਣ ਤਿਆਰੀ ਤਾਂ ਨਹੀਂ ਕੀਤੀ ਜਾ ਰਹੀ? ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ, 'ਦਰਅਸਲ, ਕੇਂਦਰ ਤੇ ਸੂਬਾ ਸਰਕਾਰਾਂ ਦੀ ਭਰੋਸੇਯੋਗਤਾ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ, ਉਨ੍ਹਾਂ ਕੋਲ ਜਨਤਾ ਵਿਚ ਜਾਣ ਲਈ ਕੋਈ ਮੁੱਦਾ ਨਹੀਂ ਹੈ, ਲਿਹਾਜ਼ਾ, ਉਹ ਨਵਾਂ ਮੁੱਦਾ ਖੜ੍ਹਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਦੀ ਬਦਹਾਲੀ ਲਈ ਆਜ਼ਾਦੀ ਮਗਰੋਂ ਹੁਣ ਤਕ ਦੀਆਂ ਤਮਾਮ ਸਰਕਾਰਾਂ ਨੇ ਕੁਝ ਨਹੀਂ ਕੀਤਾ। ਪੂਰੇ ਇਲਾਕੇ ਵਿਚ ਰੁਜ਼ਗਾਰ, ਵਿਕਾਸ, ਦੂਰਸੰਚਾਰ ਸਹੂਲਤਾਂ, ਸਿੱਖਿਆ ਤੇ ਦੂਜੀਆਂ ਚੀਜ਼ਾਂ ਮੁਹੱਈਆ ਨਹੀਂ ਹਨ। ਕਿਸੇ ਸਰਕਾਰ ਦਾ ਇਸ ਪਾਸੇ ਧਿਆਨ ਨਹੀਂ ਗਿਆ। ਕਰੀਬ 21000 ਕਿਸਾਨਾਂ ਦੀ ਲਗਭਗ 25000 ਏਕੜ ਜ਼ਮੀਨ ਸਰਹੱਦ 'ਤੇ ਲੱਗੀ ਵਾੜ ਦੀ ਲਪੇਟ ਵਿਚ ਆ ਕੇ ਬੇਕਾਰ ਹੋ ਚੁੱਕੀ ਹੈ। ਕਈ ਇਲਾਕੇ ਅਜਿਹੇ ਵੀ ਹਨ, ਜੋ ਮੀਂਹ ਕਾਰਨ ਪੂਰੇ ਦੇਸ਼ ਨਾਲੋਂ ਕੱਟ ਜਾਂਦੇ ਹਨ। ਸਰਕਾਰ ਨੇ ਇਸ ਵੱਲ ਕਦੇ ਧਿਆਨ ਨਹੀਂ ਦਿੱਤਾ, ਇਸ ਲਈ ਲੋਕਾਂ ਦਾ ਧਿਆਨ ਇਨ੍ਹਾਂ ਮਸਲਿਆਂ ਤੋਂ ਹਟਾਉਣ ਦੀ ਚਾਲ ਹੈ।

## 'ਸਰਜੀਕਲ ਸਟਰਾਈਕਲ' ਦੇ ਮੁੱਦੇ 'ਤੇ ਸਿਆਸਤ ਖੇਡ ਰਹੀ ਹੈ ਭਾਜਪਾ : ਕੇਜਰੀਵਾਲ

ਭਾਰਤੀ ਫੌਜ ਵੱਲੋਂ ਕੀਤੀ ਕਾਰਵਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਮਾਇਤ ਕਰਦਿਆਂ ਫੌਜ ਦੀ ਪਿੱਠ ਥਾਪੜੀ ਸੀ। ਮਗਰੋਂ ਇਕ ਵੀਡੀਓ ਸੁਨੇਹੇ ਵਿੱਚ ਸ੍ਰੀ ਕੇਜਰੀਵਾਲ ਨੇ ਪਾਕਿਸਤਾਨ ਤੇ ਕੌਮਾਂਤਰੀ ਪੱਤਰਕਾਰ ਭਾਈਚਾਰੇ ਵੱਲੋਂ ਅਜਿਹੇ ਕਿਸੇ ਹਮਲੇ ਤੋਂ ਇਨਕਾਰ ਕੀਤੇ ਜਾਣ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਠੋਕਵਾਂ ਜਵਾਬ ਦੇਣ ਲਈ ਕਿਹਾ ਸੀ। ਇਸ ਵੀਡੀਓ ਦੇ ਨਸ਼ਰ ਹੋਣ ਮਗਰੋਂ ਭਾਜਪਾ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਕੇਜਰੀਵਾਲ ਨੇ ਨਾ ਸਿਰਫ਼ ਫੌਜੀ ਕਾਰਵਾਈ 'ਤੇ ਸਵਾਲ ਉਠਾਏ ਹਨ, ਬਲਕਿ ਸੁਰੱਖਿਆ ਦਸਤਿਆਂ ਨੂੰ ਨੀਵਾਂ ਵਿਖਾਇਆ ਹੈ। ਇਸ ਦੌਰਾਨ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ 'ਆਪ' ਆਗੂ ਇਸ ਗੱਲ ਦਾ ਜਵਾਬ ਦੇਣ ਕਿ ਉਨ੍ਹਾਂ ਨੂੰ ਭਾਰਤੀ ਫ਼ੌਜ ਵਿੱਚ ਯਕੀਨ ਹੈ ਕਿ ਨਹੀਂ? ਕੇਜਰੀਵਾਲ ਨੇ ਮਗਰੋਂ ਕਿਹਾ ਭਾਜਪਾ ਇਸ ਮੁੱਦੇ ਨੂੰ ਸਿਆਸੀ ਰੰਗਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਪ੍ਰਧਾਨ ਮੰਤਰੀ ਦੇ ਹੱਥ ਮਜ਼ਬੂਤ ਕਰਦਿਆਂ ਪਾਕਿਸਤਾਨ ਦੇ ਇਸ ਝੂਠ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਉਧਰ ਸੀਨੀਅਰ ਭਾਜਪਾ ਆਗੂ ਆਸ਼ੂਤੋਸ਼ ਨੇ ਕੇਂਦਰੀ ਮੰਤਰੀ ਵੱਲੋਂ ਕੀਤੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਜਪਾ ਆਗੂ ਵਿਚਾਰਾਂ ਪੱਖੋਂ ਦੀਵਾਲੀਆ ਹੋ ਚੁੱਕਾ ਹੈ।

## ਸਰਹੱਦੀ ਖੇਤਰਾਂ 'ਚ ਲੜਾਈ ਵਾਲਾ ਤਾਂ ਕੋਈ ਮਾਹੌਲ ਨਹੀਂ : ਕੈਪਟਨ

ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਹੱਦ 'ਤੇ ਅਸਲ ਵਿੱਚ ਲੜਾਈ ਵਰਗੇ ਕੋਈ ਹਾਲਾਤ ਨਹੀਂ ਹਨ ਅਤੇ ਅਜਿਹੇ ਹਾਲਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉੱਤਰ ਪ੍ਰਦੇਸ਼ ਸੂਬੇ ਦੀ ਆਉਂਦੇ ਸਾਲ ਹੋਣ ਵਾਲੀ ਚੋਣ ਦੌਰਾਨ ਰਾਜਸੀ ਲਾਹਾ ਲੈਣ ਲਈ ਵਰਤੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਦਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵੀ ਇਸੇ ਹੀ ਮੰਤਵ ਨਾਲ ਵਿਧਾਨ ਸਭਾ ਦੀ ਹੋਣ ਵਾਲੀ ਚੋਣ ਦੇ ਮੱਦੇਨਜ਼ਰ ਆਪਣੇ ਆਪ ਨੂੰ ਲੋਕਾਂ ਦੇ ਰੱਖਿਅਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸਲ ਗੱਲ ਇਹ ਹੈ ਕਿ ਸਰਹੱਦ 'ਤੇ ਜੰਗ ਵਰਗੀ ਕੋਈ ਸਥਿਤੀ ਨਹੀਂ ਹੈ। ਉਨ੍ਹਾਂ 1965, 1971 ਅਤੇ ਹੋਰ ਜੰਗਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਮੌਕੇ ਦੀ ਤੁਲਨਾ 'ਤੇ ਇਲਾਕੇ ਵਿੱਚ ਅਜਿਹਾ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਤਾਂ ਆਪਣੀਆਂ ਬੈਰਕਾਂ ਵਿਚ ਬੈਠੀ ਹੋਈ ਹੈ ਅਤੇ ਗੁਆਂਢੀ ਦੇਸ਼ ਪਾਕਿਸਤਾਨ ਦੀ ਫੌਜ ਸਰਹੱਦ 'ਤੇ ਨਹੀਂ ਹੈ ਤਾਂ ਇਸ ਸਥਿਤੀ ਨੂੰ ਲੜਾਈ ਵਰਗੇ ਹਾਲਾਤ ਦਾ ਨਾਂ ਨਹੀਂ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਜ਼ੋਰਦਾਰ ਤਰੀਕੇ ਨਾਲ ਸਰਜੀਕਲ ਅਪਰੇਸ਼ਨ ਦਾ ਸਮਰਥਨ ਕੀਤਾ ਸੀ ਅਤੇ ਜੇਕਰ ਭਵਿੱਖ ਵਿੱਚ ਵੀ ਲੋੜ ਪੈਂਦੀ ਹੈ ਤਾਂ ਵੀ ਉਹ ਇਸ ਦਾ ਸਮਰਥਨ ਕਰਨਗੇ ਪਰ ਲੋਕਾਂ ਦੀ ਜ਼ਿੰਦਗੀ ਦੀ ਲਾਗਤ 'ਤੇ ਸਿਆਸੀ ਫਾਇਦਾ ਚੁੱਕਣ ਦੀਆਂ ਕੋਸ਼ਿਸ਼ਾਂ ਦਾ ਕਿਸੇ ਵੀ ਕੀਮਤ 'ਤੇ ਸਮਰਥਨ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਖੇਤਰ ਦੇ ਲੋਕਾਂ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਇਨ੍ਹਾਂ ਚਾਲਾਂ ਵਿੱਚ ਨਾ ਆਉਣ ਲਈ ਕਿਹਾ ਅਤੇ ਆਖਿਆ ਕਿ ਕਿਸਾਨਾਂ ਨੂੰ ਆਪਣੀ ਝੋਨੇ ਦੀ ਫਸਲ ਦੀ ਕਟਾਈ ਬੇਖੌਫ ਹੋ ਕੇ ਕਰਨੀ ਚਾਹੀਦੀ ਹੈ। ਉਨ੍ਹਾਂ ਨਾਲ ਹੀ ਆਖਿਆ ਕਿ ਸਰਹੱਦੀ ਖੇਤਰ ਦੇ ਕਿਸਾਨਾਂ ਦੇ ਝੋਨੇ ਦੀ ਕਟਾਈ ਬੇਖੌਫ ਹੋ ਕੇ ਕਰਵਾਉਣ ਲਈ ਉਹ 10 ਅਕਤੂਬਰ ਤੋਂ ਇਲਾਕੇ ਦੇ ਪਿੰਡ ਰਾਜਾਤਾਲ ਵਿੱਚ ਆ ਕੇ ਪੱਕਾ ਡੇਰਾ ਲਗਾ ਕੇ ਬੈਠ ਰਹੇ ਹਨ। ਉਨ੍ਹਾਂ ਨੇ ਪਾਰਟੀ ਆਗੂਆਂ ਦੇ ਇਕ ਕਾਫਲੇ ਨਾਲ ਇਸ ਪਿੰਡ ਨਾਲ ਲਗਦੀ ਪਾਕਿਸਤਾਨ ਦੀ ਸਰਹੱਦ ਦੇ ਐਨ ਨਾਲ ਜਾ ਕੇ ਵੀ ਸਥਿਤੀ ਦਾ ਜਾਇਜ਼ਾ ਲਿਆ।

## ਬੇਕਰਸਫੀਲਡ 'ਚ ਸਿੱਖ ਨਸਲੀ ਹਮਲੇ ਦਾ ਸ਼ਿਕਾਰ

ਉਹ ਬਹੁਤ ਗੁੱਸੇ ਵਿੱਚ ਸੀ ਤੇ ਬਹੁਤ ਮੰਦਾ ਬੋਲ ਰਿਹਾ ਸੀ।"

ਇੰਨਾ ਹੀ ਨਹੀਂ ਹਮਲਾਵਰ ਜੋ ਡਰਿੰਕ ਪੀ ਰਿਹਾ ਸੀ, ਉਹ ਵੀ ਉਸ ਨੇ ਬਲਮੀਤ ਸਿੰਘ ਉਤੇ ਸੁੱਟ ਦਿੱਤਾ, ਜਿਸ ਕਾਰਨ ਉਸ ਦੀ ਪੱਗ, ਚਿਹਰਾ ਤੇ ਕੱਪੜੇ ਭਿੱਜ ਗਏ। ਇਸ ਤੋਂ ਬਾਅਦ ਉਹ ਪਾਰਕਿੰਗ ਵੱਲ ਚਲਾ ਗਿਆ ਤਾਂ ਬਲਮੀਤ ਸਿੰਘ ਨੇ ਉਸ ਦਾ ਪਿੱਛਾ ਕਰ ਕੇ ਉਸ ਦੇ ਵਾਹਨ ਦੇ ਵੇਰਵੇ ਤੇ ਨੰਬਰ ਨੋਟ ਕਰ ਲਿਆ। ਇਸ ਸਬੰਧੀ ਬੇਕਰਸਫੀਲਡ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਅਕਾਲ ਤਖ਼ਤ ਦੀ ਆਜ਼ਾਦ ਹਸਤੀ ਸਬੰਧੀ ਸੰਗਤੀ ਵਿਚਾਰਾਂ ਵਾਸਤੇ ਈਸਟ ਕੋਸਟ ਦੇ ਸਿੱਖਾਂ ਦਾ ਸਰਬਤ ਖਾਲਸਾ 15 ਅਕਤੂਬਰ ਨੂੰ

7 ਮਹੀਨੇ ਤੋਂ #FreeAkalTakht ਲਹਿਰ ਸੰਸਾਰ ਭਰ ਦੇ ਸਿੱਖਾਂ ਤੋਂ ਸਾਡੇ ਸਰਬ-ਵਿਆਪੀ ਸਿੱਖ ਕਮਿਊਨਿਟੀ ਲਈ ਆਦਰਸ਼ ਪ੍ਰਸ਼ਾਸਨ ਦੀ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਬਾਰੇ ਉਨ੍ਹਾਂ ਦੀ ਇਨਪੁਟ/ਰਾਏ ਲੈ ਰਹੇ ਹਨ। ਇੱਕ ਅੰਤਰਰਾਸ਼ਟਰੀ ਦੌਰੇ ਰਾਹੀਂ ਇਨ੍ਹਾਂ ਨੇ ਯੂ.ਕੇ., ਯੂ.ਐਸ., ਕੈਨੇਡਾ ਅਤੇ ਆਸਟਰੇਲੀਆ ਭਰ ਵਿਚ 40 ਤੋਂ ਵੱਧ ਸ਼ਹਿਰਾਂ ਦੇ ਪ੍ਰਮੁੱਖ ਸਿੱਖ ਸੰਗਠਨ, ਪ੍ਰਭਾਵੀ ਸਿੱਖਾਂ ਅਤੇ ਵਧੇਰੇ ਆਬਾਦੀ (ਸੰਗਤ) ਨੂੰ ਸ਼ਾਮਲ ਕੀਤਾ। ਇੱਕ ਸਰਗਰਮ ਸੋਸ਼ਲ ਮੀਡੀਆ ਦੀ ਮੁਹਿੰਮ ਅਤੇ ਗਲੋਬਲ ਮੀਡੀਆ ਆਊਟਰੀਚ ਰਾਹੀਂ ਇੱਕ ਖਰੜੇ (Framework) ਤੇ ਵਿਚਾਰ ਸ਼ੇਅਰ ਕਰਨ ਲਈ ਸੱਦਾ ਦਿੱਤਾ, ਜੋ ਕਿ ਫਰਵਰੀ 2016 ਵਿੱਚ ਪਹਿਲਾਂ ਰਿਲੀਜ਼ ਕੀਤਾ ਗਿਆ ਸੀ। ਸੁਝਾਅ ਅਤੇ ਟਿੱਪਣੀਆਂ ਪ੍ਰਾਪਤ ਕਰਨ ਦੇ ਬਾਅਦ ਦੂਜਾ ਖਰੜਾ ਜਾਰੀ ਕੀਤਾ ਗਿਆ, ਜੋ ਕਿ #FreeAkalTakht ਦੀ ਵੈਬਸਾਈਟ http://www.freeakaltakht.org/ 'ਤੇ ਦੇਖਿਆ ਜਾ ਸਕਦਾ ਹੈ। ਇਹ ਸਮੂਹਕ ਇਨਪੁੱਟ ਨਾਲ ਦੋ ਅਹਿਮ ਬੁਨਿਆਦੀ ਖੇਤਰਾਂ ਲਈ ਦਿੱਤੇ ਗਏ ਪ੍ਰਸਤਾਵਾਂ ਨੂੰ ਨਜੀਠਿਆ ਤੇ ਸੁਧਾਰਿਆ ਗਿਆ : (1) ਸਰਬੱਤ ਖ਼ਾਲਸਾ ਦੇ ਕਿਰਿਆ ਅਤੇ ਫਾਰਮੈਟ (2) ਜਥੇਦਾਰ ਦੀ ਚੋਣ ਦੇ ਮਾਪਦੰਡ।

ਅਗਲਾ ਕਦਮ ਇਹ 14 ਪ੍ਰਸਤਾਵ 'ਤੇ ਈਸਟ ਕੋਸਟ ਅਮਰੀਕਾ ਦੀ ਸੰਗਤ ਤੋਂ ਇਨਪੁੱਟ ਪ੍ਰਾਪਤ ਕਰਨਾ ਹੈ। ਇਸ ਆਦਰਸ਼ ਸਰਬੱਤ ਖ਼ਾਲਸਾ ਵਿਖੇ ਸੰਗਤ ਇਹਨਾਂ ਪ੍ਰਸਤਾਵਾਂ ਬਾਰੇ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸਹਿਯੋਗ ਨਾਲ ਬਣਾਏ ਹੋਏ ਆਪਣੇ ਵਿਚਾਰ ਸਾਂਝੇ ਕਰਨਗੇ, ਤਾਂ ਕਿ ਮਤੇ ਸੁਧਾਰ ਕਰਨਾ ਜਾਰੀ ਰਹੇ ਅਤੇ ਇਸ ਜਾਣਕਾਰੀ ਦਾ ਇੱਕ ਡਾਟਾ ਪੈਕੇਜ ਵਿਸ਼ਲੇਸ਼ਣ ਲਈ ਸਾਰੇ ਪੰਥ ਲਈ ਖੁੱਲ੍ਹਾ ਬਣਾਇਆ ਜਾਵੇ।

ਸਰਬੱਤ ਖ਼ਾਲਸਾ ਦੀ ਪ੍ਰਕਿਰਿਆ ਦੇ ਪ੍ਰਸਤਾਵ ਪੜ੍ਹਨ ਲਈ http://www.freeakaltakht.org/proposal_sarbat_khalsa_process ਲਿੰਕ 'ਤੇ ਜਾਓ ਅਤੇ ਜਥੇਦਾਰ ਚੋਣ ਮਾਪਦੰਡ ਪ੍ਰਸਤਾਵ ਲਈ http://www.freeakaltakht.org/proposal_jathedar_selection_criteria ਲਿੰਕ 'ਤੇ ਜਾਓ। ਦੋਨੋ ਅੰਗਰੇਜ਼ੀ ਅਤੇ ਪੰਜਾਬੀ ਵਿਚ ਉਪਲਬਧ ਹਨ।

#FreeAkalTakht ਟੀਮ ਨੂੰ ਉਮੀਦ ਹੈ ਕਿ ਇਹ ਹੀਲਾ ਗੁਰਮਤਿ-ਅਧਾਰਿਤ ਸਹਿਮਤੀ ਅਧਾਰਿਤ ਖ਼ਾਲਸਾ ਪੰਥ ਦੀ ਫੈਸਲਾ ਬਣਾਉਣ ਦੀ ਵਿਲੱਖਣ ਕਿਰੀਆ ਨੂੰ ਮੁੜ-ਸਥਾਪਤ ਕਰਨ ਵੱਲ ਦੇ ਫਰੇਮਵਰਕ ਨੂੰ ਆਕਾਰ ਦੇਣ ਵਿਚ ਮਦਦ ਕਰੇਗਾ।

ਹੋਰ ਜਾਣਕਾਰੀ ਲਈ #FreeAkalTakht 'ਤੇ ਜਾਓ ਅਤੇ ਆਪਣੀ ਗੱਲ ਸਾਂਝੀ ਕਰਨ ਲਈ ਟਵਿਟਰ 'ਤੇ #FreeAkalTakht ਨੂੰ ਫਾਲੋ ਕਰੋ ਅਤੇ #FreeAkalTakht ਹੈਸ਼ਟੈਗ ਦਾ ਇਸਤੇਮਾਲ ਕਰੋ।

ਹੋਰ ਜਾਣਕਾਰੀ ਸੰਪਰਕ ਕਰੋ: ਦਿਵਪ੍ਰੀਤ ਕੌਰ, ਕੋਆਰਡੀਨੇਟਰ EC@FreeAkalTakht.org |+1 443-554-4252

## ਭਾਈ ਹਵਾਰਾ ਦੀ ਅਪੀਲ ਨੂੰ ਪੰਜ ਪਿਆਰਿਆਂ ਨੇ ਕੀਤਾ ਪ੍ਰਵਾਨ

ਲਿਖਤ ਪੱਤਰ ਪ੍ਰਾਪਤ ਹੋਇਆ ਸੀ ਉਸ ਅਨੁਸਾਰ ਪੰਜ ਪਿਆਰੇ ਸਾਹਿਬਾਨ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ 10 ਨਵੰਬਰ 2016 ਨੂੰ ਹੋਣ ਵਾਲੇ ਸਰਬੱਤ ਖਾਲਸਾ ਨੂੰ ਇਤਿਹਾਸਕ ਬਨਾਉਣ, ਨੂੰ ਪੰਜ ਪਿਆਰੇ ਸਾਹਿਬਾਨ ਨੇ ਪ੍ਰਵਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਚਾਰਾਂ ਕਰਦਿਆਂ ਤਿਹਾੜ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੈਠਿਆਂ ਵੀ ਭਾਈ ਜਗਤਾਰ ਸਿੰਘ ਹਵਾਰਾ ਦੀ ਪੰਥ ਦੇ ਭਵਿੱਖ ਪ੍ਰਤੀ ਗੰਭੀਰ ਚਿੰਤਾ, ਪੰਥ ਨੂੰ ਇਕ ਪਲੇਟਫਾਰਮ 'ਤੇ ਦੇਖਣ ਦੇ ਸੁਪਨੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ।

ਭਾਈ ਸਤਨਾਮ ਸਿੰਘ ਖੰਡੇਵਾਲਾ ਨੇ ਕਿਹਾ ਕਿ ਅਸੀਂ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਕਿ ਕੌਮ ਦੇ ਦਰਦ ਨੂੰ ਮਹਿਸੂਸ ਕਰਦਿਆਂ ਪਹਿਲਾਂ ਵੀ ਸਿਧਾਂਤਕ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦਿਆਂ ਆਪਣਾ ਫਰਜ਼ ਨਿਭਾਇਆ ਸੀ। ਪੰਥਕ ਏਕਤਾ ਲਈ ਸਿਰਤੋੜ ਯਤਨ ਵੀ ਕੀਤੇ ਅਤੇ ਹੁਣ ਭਾਈ ਹਵਾਰਾ ਵਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ 'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ' ਦੇ ਮਾਹਨ ਗੁਰਮਤਿ ਫਲਸਫੇ ਤੋਂ ਸ਼ਕਤੀ ਲੈਕੇ ਸਰਬੱਤ ਖਾਲਸਾ 2016 ਨੂੰ ਪੰਥ ਲਈ ਇੱਕ ਮੀਲ ਪੱਥਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਦੱਸਿਆ ਕਿ ਸਰਬੱਤ ਖਾਲਸਾ ਦੀ ਮਹਾਨ ਸੰਸਥਾ ਨੂੰ ਸੁਚਾਰੂ ਅਤੇ ਸਿਧਾਂਤਕ ਪ੍ਰਣਾਲੀ ਨਾਲ ਚਲਾਉਣ ਲਈ ਸਮੂੰਹ ਸਿੱਖ ਜਥੇਬੰਦੀਆਂ, ਤਿੰਨਾਂ ਜਥੇਦਾਰਾਂ ਅਤੇ ਪੰਥ ਹਿਤੈਸ਼ੀਆਂ ਨੂੰ ਭਰੋਸੇ ਵਿੱਚ ਲੈਕੇ ਬਹੁਤ ਜਲਦੀ ਵਿਧੀ ਵਿਧਾਨ ਬਣਾਇਆ ਜਾਵੇਗਾ ਅਤੇ ਉਸ ਅਨੁਸਾਰ ਹੀ ਸਰੱਬਤ ਖਾਲਸਾ ਜਥੇਬੰਦਕ ਕੀਤਾ ਜਾਵੇਗਾ।

ਪੰਜ ਪਿਆਰੇ ਸਿੰਘਾਂ ਨੇ ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ ਅਤੇ ਭਾਈ ਬਲਜੀਤ ਸਿੰਘ ਵਲੋਂ ਪੰਥ ਨੂੰ ਦਰਪੇਸ਼ ਮੁਸ਼ਕਿਲਾਂ ਤੇ ਪੰਜਾਬ ਦੀਆਂ ਸਮੱਸਿਆਵਾਂ ਪ੍ਰਤੀ ਸੰਗਤਾਂ ਨੂੰ ਜਾਗਰੂਕ ਕਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੀਤੇ ਗਗਏ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ ਗਈ। ਇਹ ਪੁਛੇ ਜਾਣ 'ਤੇ ਕਿ ਸ਼੍ਰੋਮਣੀ ਕਮੇਟੀ ਅਤੇ ਇਸਦੇ ਥਾਪੇ ਜਥੇਦਾਰ ਹਰ ਵਾਰ ਕਹਿ ਦਿੰਦੇ ਹਨ ਕਿ ਸਰਬਤ ਖਾਲਸਾ ਬੁਲਾਉਣ ਦਾ ਅਧਿਕਾਰ ਉਨ੍ਹਾਂ ਪਾਸ ਹੀ ਹੈ ਤਾਂ ਭਾਈ ਖੰਡੇਵਾਲਾ ਨੇ ਕਿਹਾ ਕਿ 1 ਜੂਨ 2015 ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਤੇ ਜਥੇਦਾਰ ਘਰਾਂ ਵਿੱਚ ਲੁੱਕ ਕੇ ਬੈਠ ਗਏ ਸਨ ਤੇ ਇਹ ਫੈਸਲਾ ਪਹਿਲਾਂ ਵੀ ਕੌਮ ਨੇ ਕੀਤਾ ਸੀ ਕਿ ਉਸਦੀ ਅਗਵਾਈ ਕੌਣ ਕਰੇ ਤੇ ਹੁਣ ਵੀ ਕੌਮ ਹੀ ਕਰੇਗੀ। ਇਸ ਮੌਕੇ ਅਖੰਡ ਕੀਰਤਨੀ ਜੱਥਾ ਜਰਮਨੀ ਦੇ ਪ੍ਰਧਾਨ ਭਾਈ ਭੁਪਿੰਦਰ ਸਿੰਘ ਭਲਵਾਨ, ਕੁਲਵਿੰਦਰ ਸਿੰਘ ਖਾਨਪੁਰੀਆ, ਪ੍ਰਿੰਸੀਪਲ ਬਲਜਿੰਦਰ ਸਿੰਘ, ਭਾਈ ਪੂਰਨਮ ਸਿੰਘ ਤੇ ਭਾਈ ਮਨਜੀਤ ਸਿੰਘ ਠੇਕੇਦਾਰ ਮੌਜੂਦ ਸਨ।

## ਭਾਈ ਹਵਾਰਾ ਵੱਲੋਂ ਨਵੰਬਰ ਦੇ 'ਸਰਬੱਤ ਖਾਲਸਾ' ਦੀ ਅਗਵਾਈ ਦਾ ਸੰਦੇਸ਼

ਚੰਡੀਗੜ੍ਹ/ਬਿਊਰੋ ਨਿਊਜ਼:

ਸਰਬੱਤ ਖਾਲਸਾ-2015 'ਚ ਥਾਪੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਸਿੱਖ ਕੌਮ ਦੇ ਨਾਮ ਦਿੱਤੇ ਆਪਣੇ ਲਿਖਤੀ ਸੰਦੇਸ਼ 'ਚ ਕਿਹਾ ਹੈ ਕਿ ਉਹ ਸਤਿਕਾਰ ਸਹਿਤ ਪੰਜ ਸਿੰਘਾਂ ਭਾਈ ਸਤਿਨਾਮ ਸਿੰਘ ਖੰਡਾ, ਭਾਈ ਸਤਿਨਾਮ ਸਿੰਘ ਖਾਲਸਾ, ਭਾਈ ਮੇਜਰ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮੰਗਲ ਸਿੰਘ ਨੂੰ ਬੇਨਤੀ ਕਰਦੇ ਹਨ ਕਿ ਉਹ 10 ਨਵੰਬਰ ਨੂੰ ਹੋਣ ਵਾਲੇ ਸਰਬੱਤ ਖਾਲਸਾ ਦੀ ਅਗਵਾਈ ਕਰਨ ।

ਭਾਈ ਹਵਾਰਾ ਵੱਲੋਂ ਦਿੱਲੀ ਦੀ ਤਿਹਾੜ ਜੇਲ੍ਹ 'ਚੋਂ ਕੌਮ ਦੇ ਨਾਮ ਭੇਜਿਆ ਗਿਆ ਇਹ ਸੁਨੇਹਾ ਸੀਨੀਅਰ ਐਡਵੋਕੇਟ ਅਮਰ ਸਿੰਘ ਚਾਹਲ ਨੇ ਇੱਥੇ ਪ੍ਰੈਸ ਕਾਨਫਰੰਸ ਕਰਕੇ ਮੀਡੀਆ ਨਾਲ ਸਾਂਝਾ ਕੀਤਾ। ਐਡਵੋਕੇਟ ਚਾਹਲ, ਭਾਈ ਹਵਾਰਾ ਦੇ ਬੁਲਾਰੇ ਵਜੋਂ ਸੇਵਾਂਵਾਂ ਦੇ ਰਹੇ ਹਨ ।

ਜਥੇਦਾਰ ਹਵਾਰਾ ਨੇ ਲਿਖਿਆ ਕਿ ਸਰਬੱਤ ਖਾਲਸਾ ਦੀ ਵਿਉਂਤਬੰਦੀ ਤੇ ਇਸਦੀ ਤਿਆਰੀ ਲਈ ਇਕ ਕਾਰਜਕਾਰਨੀ ਕਮੇਟੀ ਬਣਾਈ ਜਾਵੇਗੀ, ਜੋਕਿ ਸਰਬੱਤ ਖਾਲਸਾ 2015 'ਚ ਥਾਪੇ ਜਥੇਦਾਰ ਸਾਹਿਬਾਨ ਨੂੰ ਭਰੋਸੇ 'ਚ ਲੈ ਕੇ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਕੰਮ ਕਰੇਗੀ ।

ਕਾਰਜਕਾਰਨੀ ਕਮੇਟੀ ਦੀਆਂ ਜ਼ੁੰਮੇਵਾਰੀਆਂ ਬਾਰੇ ਇਕ ਵੱਡੀ ਮੀਟਿੰਗ ਜਲਦ ਸੱਦੀ ਜਾਵੇਗੀ । ਉਨ੍ਹਾਂ ਅਕਾਲੀ ਦਲ ਅੰਮ੍ਰਿਤਸਰ ਤੇ ਯੂਨਾਈਟਿਡ ਅਕਾਲੀ ਦਲ ਦੇ ਆਗੂਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਪੰਥਕ ਏਕਤਾ ਲਈ ਪਹਿਲ ਕਦਮੀ ਕੀਤੀ।

## Classified

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 24ਵਾਂ ਸਥਾਪਨਾ ਦਿਵਸ ਸੰਗਤਾਂ ਤੇ ਪ੍ਰਬੰਧਕਾਂ ਨੇ ਭਾਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਇਸ ਖੁਸ਼ੀ ਦੇ ਮੌਕੇ ਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀਆਂ ਭਰੀਆਂ। ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋਂ ਤੋਂ ਸ੍ਰੀ ਅਮਰ ਦੜੌਚ ਕਮੇਟੀ ਸਮੇਤ ਸ੍ਰੀ ਰਾਜਗੁਰੂ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਅਤੇ ਸ੍ਰੀ ਸਿੰਗਾਰਾ ਸਿੰਘ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਤੋਂ ਕਮੇਟੀ ਸਮੇਤ ਅਤੇ ਸ੍ਰੀ ਗੁਰੂ ਬਾਲਮੀਕ ਸਭਾ ਯੂਬਾ ਸਿਟੀ ਦੀਆਂ ਸੰਗਤਾਂ ਨੇ ਹਾਜ਼ਰੀਆਂ ਲਗਵਾਈਆਂ।

ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਸਾਬਕਾ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਨੇ ਸ਼ੁਭਾਸ ਬੰਗਾ ਅਤੇ ਬੰਗਾ ਪਰਿਵਾਰ ਵੱਲੋਂ ਸੰਗਤਾਂ ਦਾ ਗੁਰੂ ਘਰ ਵਿਖੇ ਪਹੁੰਚਣ ਤੇ ਜੀ ਆਇਆ ਅਤੇ ਧੰਨਵਾਦ ਕੀਤਾ। ਜ਼ਿਕਰ ਯੋਗ ਹੈ ਕਿ ਸ੍ਰੀ ਸ਼ੁਭਾਸ਼ ਬੰਗਾ, ਸ੍ਰੀ ਅਵਤਾਰ ਜੱਸਲ ਹਰ ਸਾਲ ਹੀ ਆਈਡਾਹੋ ਸਟੇਟ ਤੋਂ ਪਰਿਵਾਰਾਂ ਸਮੇਤ ਗੁਰੂ ਘਰ ਵਿਖੇ ਪੁੱਜ ਕੇ ਗੁਰੂ ਘਰ ਦੀ ਸਥਾਪਨਾ ਦਿਵਸ ਅਤੇ ਨਗਰ ਕੀਰਤਨ ਤੇ ਸੇਵਾ ਕਰਦੇ ਹਨ। ਸ੍ਰੀ ਜੀਤ ਬੰਗੜ ਨੇ ਸੰਗਤਾਂ ਨਾਲ ਸਾਂਝ ਪਾਈ। ਅਖ਼ੀਰ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਸੰਗਤਾਂ ਦਾ ਗੁਰੂ ਘਰ ਨੂੰ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸ੍ਰੀ ਰਾਜ ਸ਼ੂਦ ਨੇ ਬਾਖ਼ੂਬੀ ਨਿਭਾਈ।

ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਤਿੰਨੇ ਦਿਨ ਚਾਹ ਪਕੌੜੇ, ਜਲੇਬੀਆਂ, ਗੋਲਗੱਪੇ, ਛੋਲੇ ਭਟਰਿਆਂ ਅਤੇ ਹੋਰ ਵੱਖ ਵੱਖ ਲੰਗਰ ਲਗਾਏ ਗਏ। ਖਰੀਦੋ ਫਰੋਖਤ ਦੇ ਵੀ ਸਟਾਲ ਲਗਾਏ ਗਏ।

## ਸੁੱਖਾ-ਜਿੰਦਾ ਦੀ ਅਦੁੱਤੀ ਸ਼ਹਾਦਤ ਦਿਲਾਂ ਦਾ ਸਾਂਝਾ ਇਕਰਾਰਨਾਮਾ

ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਦੇਖਿਆ ਤੇ ਦੂਜੇ ਪਾਸੇ ਉਨ੍ਹਾਂ ਦੀ ਰੂਹ ਦੇ ਕਰੀਬ ਹਾਣੀਆਂ ਨੇ ਦੇਖਿਆ। ਰੂਪੋਸ਼ ਜ਼ਿੰਦਗੀ ਦੌਰਾਨ ਪਟਿਆਲਾ ਦੇ ਦੁੱਖ ਨਿਵਾਰਨ ਸਾਹਿਬ ਗੁਰਦੁਆਰੇ ਦੇ ਪਵਿੱਤਰ ਸਰੋਵਰ ਦੇ ਕਿਨਾਰੇ 'ਤੇ ਬੈਠਿਆ ਜਦੋਂ ਮੈਂ ਉਨ੍ਹਾਂ ਦੇ ਇਕ ਹਮਸਫਰ ਭਾਈ ਦਲਜੀਤ ਸਿੰਘ ਬਿੱਟੂ ਕੋਲੋਂ ਇਨ੍ਹਾਂ ਸ਼ਹੀਦਾਂ ਨੂੰ ਫਾਂਸੀ ਦਾ ਹੁਕਮ ਸੁਣਾਏ ਜਾਣ ਤੋਂ ਕੁਝ ਦਿਨ ਪਿਛੋਂ ਉਨ੍ਹਾਂ ਦੀ ਦ੍ਰਿੜ ਮਾਨਸਿਕਤਾ ਬਾਰੇ ਕੋਈ ਟਿੱਪਣੀ ਮੰਗੀ ਤਾਂ ਉਹ ਟਿੱਪਣੀ ਮੈਨੂੰ ਅਜੇ ਵੀ ਯਾਦ ਹੈ ਜੋ ਇਸ ਤਰ੍ਹਾਂ ਹੈ: 'ਉਨ੍ਹਾਂ ਦੀ ਉਡਾਣ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹਣ ਦੀ ਤਾਕਤ ਰੱਖਦੀ ਹੈ। ਉਹ ਹਸਦੇ ਹੋਏ ਫਾਂਸੀ ਦਾ ਰੱਸਾ ਚੁੰਮਣਗੇ।' ਮਗਰੋਂ ਇਹ ਟਿੱਪਣੀ ਇਤਿਹਾਸਕ ਤੌਰ 'ਤੇ ਸਹੀ ਸਾਬਤ ਹੋਈ।

ਵਕਤ ਦੀ ਸਰਕਾਰ ਦੇ ਦਿੱਲੀ ਦੇ ਇਕ ਪੁਲਿਸ ਕਮਿਸ਼ਨਰ ਵੇਦ ਮਰਵਾਹਾ ਦੀਆਂ ਜਿੰਦੇ ਬਾਰੇ ਕੀਤੀਆਂ ਇਹ ਟਿੱਪਣੀਆਂ ਸਿੱਲੀਆਂ ਅੱਖਾਂ ਨਾਲ ਹੀ ਪੜ੍ਹੀਆਂ ਜਾ ਸਕਦੀਆਂ ਹਨ: 'ਉਹ ਕੋਈ ਬੇਕਿਰਕ ਕਾਤਲ ਨਹੀਂ ਸੀ।' ਉਸ ਦੀ ਸਖ਼ਸ਼ੀਅਤ ਖਿੱਚ ਪਾਉਂਦੀ ਸੀ.. ਉਹ ਜਦ ਦੂਜੀ ਵਾਰ ਫੜਿਆ ਗਿਆ ਤਾਂ ਉਸ ਦੀ ਹਾਲਤ ਬਹੁਤ ਗੰਭੀਰ ਸੀ। ਉਹ ਜ਼ਿੰਦਗੀ ਤੇ ਮੌਤ ਨਾਲ ਜੂਝ ਰਿਹਾ ਸੀ ਪਰ ਉਸ ਦੇ ਚਿਹਰੇ 'ਤੇ ਕੋਈ ਵੀ ਦਰਦ ਜਾਂ ਪੀੜ ਦਾ ਨਿਸ਼ਾਨ ਨਹੀਂ ਸੀ। ਉਹ ਇਸ ਤਰ੍ਹਾਂ ਹਾਸਾ-ਮਜ਼ਾਕ ਕਰ ਰਿਹਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ.. ਉਸ ਨੂੰ ਮੌਤ ਦਾ ਕੋਈ ਫਿਕਰ ਨਹੀਂ ਸੀ। ਉਹ ਆਪਣੇ ਕਾਜ਼ ਲਈ ਵੱਡੀ ਕੁਰਬਾਨੀ ਕਰਨ ਦੇ ਪਲਾਂ ਨੂੰ ਬਹੁਤ ਖੁਸ਼ੀ ਨਾਲ ਮਾਣ ਰਿਹਾ ਸੀ। ਉਹ ਕੋਈ ਸਾਧਾਰਨ ਸਖ਼ਸ਼ੀਅਤ ਦਾ ਮਾਲਕ ਨਹੀਂ ਸੀ।'

ਹੁਣ ਵਕਤ ਦੇ ਰਾਸ਼ਟਰਪਤੀ ਨੂੰ ਫਾਂਸੀ ਦੀ ਕਾਲ-ਕੋਠੜੀ ਤੋਂ ਆਪਣੇ ਦਸਤਖ਼ਤਾਂ ਹੇਠ ਭੇਜੀ ਉਸ ਇਤਿਹਾਸਕ ਚਿੱਠੀ ਦੀਆਂ ਕੁਝ ਸਤਰਾਂ ਨੂੰ ਸਾਹ ਰੋਕ ਕੇ ਪੜ੍ਹੋ ਜਿਸ ਵਿਚ ਵਿਚਾਰਧਾਰਕ ਜਜ਼ਬਿਆਂ ਦਾ ਸਹਿਜੇ ਸਹਿਜੇ ਵੱਗਦਾ ਇਕ ਦਰਿਆ ਵੇਖਿਆ ਜਾ ਸਕਦਾ ਹੈ ਅਤੇ ਜਿਸ ਵਿਚ ਸਾਰੀ ਦੁਨੀਆ ਦੇ ਸ਼ਹੀਦਾਂ ਅਤੇ ਦੁਨੀਆ ਨੂੰ ਬਦਲਣ ਵਾਲੇ ਇਨਕਲਾਬੀਆਂ ਤੇ ਇਨਕਲਾਬਾਂ ਨਾਲ ਰੂਹਾਨੀ ਸਾਂਝਾ ਦੀ ਇਕ ਖੁਸ਼ਬੋ ਹੈ ਜੋ ਕਿਸੇ ਵੀ ਦਸਤਾਵੇਜ਼ ਦੇ ਰੂਪ ਵਿਚ ਅਸਾਂ ਨਾ ਕਦੇ ਵੇਖੀ ਹੈ ਤੇ ਨਾ ਸਾਨੂੰ ਕਿਤੋਂ ਲੱਭੀ ਹੈ। ਇਹ ਸਤਰਾਂ ਇਸ ਤਰ੍ਹਾਂ ਹਨ, 'ਅਸੀਂ (ਰਾਸ਼ਟਰਪਤੀ ਜੀ) ਤੁਹਾਡੇ ਰਾਹੀਂ ਇਹ ਪੈਗ਼ਾਮ ਦੇਣਾ ਚਾਹੁੰਦੇ ਹਾਂ ਕਿ ਸਾਡੇ ਹਿੰਦੁਸਤਾਨ ਦੇ ਮਹਾਨ ਲੋਕਾਂ, ਇਸ ਦੀ ਧਰਤੀ ਨਾਲ ਕੋਈ ਵੈਰ ਵਿਰੋਧ ਜਾਂ ਦੁਸ਼ਮਣੀ ਨਹੀਂ। ਉਨ੍ਹਾਂ ਪ੍ਰਤੀ ਨਫ਼ਰਤ ਦੀ ਭਾਵਨਾ ਦੇ ਅਸੀਂ ਨੇੜੇ ਤੇੜੇ ਵੀ ਨਹੀਂ ਹਾਂ। ਅਸੀਂ ਤਾਂ ਧਰਤ ਅਸਮਾਨ ਨੂੰ ਆਪਣੀ ਗਲਵੱਕੜੀ ਵਿਚ ਲੈਣ ਲਈ ਬੇਹਬਲ ਹਾਂ ਅਤੇ ਸਮੁੱਚੇ ਬ੍ਰਹਿਮੰਡ ਵਿਚ ਵਸਦੀ ਰਸਦੀ ਜ਼ਿੰਦਗੀ ਦੀ ਆਰਤੀ ਉਤਾਰਦੇ ਹਾਂ।'

ਕੀ ਉਪਰੋਕਤ ਸਤਰਾਂ ਵਿਚ ਗੁਰੂ ਨਾਨਕ ਸਾਹਿਬ ਵਲੋਂ ਬ੍ਰਹਿਮੰਡ ਵਿਚ ਚੱਲ ਰਹੀ ਆਰਤੀ ਬਾਰੇ ਸਿਰਜੇ ਇਕ ਮਹਾਨ ਸ਼ਬਦ ਦੇ ਉਪਦੇਸ਼ ਦੀ ਵਿਆਖਿਆ ਇਕ ਨਿਰਾਲੇ ਅੰਦਾਜ਼ ਵਿਚ ਇਹ ਸ਼ਹੀਦ ਪੇਸ਼ ਨਹੀਂ ਕਰ ਰਹੇ ਜਾਪਦੇ? ਇਸੇ ਚਿੱਠੀ ਵਿਚ ਸੰਸਾਰ ਭਰ ਦੇ ਸ਼ਹੀਦਾਂ ਨੂੰ ਕੁਝ ਇਸ ਤਰ੍ਹਾਂ ਸ਼ਰਧਾਂਜਲੀ ਭੇਟ ਕੀਤੀ ਗਈ ਹੈ, 'ਖਾਲਸੇ ਦਾ ਨਾਅਰਾ ਹੈ ਕਿ ਮੌਤ ਕਿਤੇ ਵੀ ਆਵੇ, ਖਿੜੇ ਮੱਥੇ ਕਬੂਲ ਕਰੋ। ਇਸ ਲਈ ਸੰਸਾਰ ਭਰ ਵਿਚ ਆਜ਼ਾਦੀ ਦੇ ਜਜ਼ਬੇ ਨਾਲ ਬਲ ਰਹੇ ਯੋਧਿਆਂ ਨੂੰ ਆਖਣਾ ਕਿ ਸਾਡੀ ਲਲਕਾਰ ਮੱਠੀ ਨਾ ਪਵੇ ਅਤੇ ਮੈਦਾਨੇ ਜੰਗ ਵਿਚ ਉਨ੍ਹਾਂ ਦੀਆਂ ਗੋਲੀਆਂ ਦੀ ਤੜ-ਤੜ ਸਾਡੀ ਮੌਤ ਦੇ ਵੈਣ ਹੋਣ। ਫਾਂਸੀ ਦਾ ਰੱਸਾ ਸਾਨੂੰ ਯਾਰੜੇ ਦੀ ਗਲਵੱਕੜੀ ਵਾਂਗ ਹੀ ਪਿਆਰਾ ਹੈ, ਪਰ ਜੇ ਸਾਡੇ ਉਤੇ ਜੰਗੀ ਕੈਦੀ ਹੋਣ ਦਾ ਇਲਜ਼ਾਮ ਹੈ ਤਾਂ ਅਸੀਂ ਚਾਹਾਂਗੇ ਕਿ ਸਾਡੀਆਂ ਹਿੱਕਾਂ ਵਿਚਲੇ ਸੱਚ ਨੂੰ ਗੋਲੀਆਂ ਦੇ ਚੁੰਮਣ ਮਿਲਣ ਤਾਂ ਜੋ ਸਾਡੇ ਗਰਮ ਲਹੂ ਨਾਲ ਖਾਲਿਸਤਾਨ ਦੀ ਪਵਿੱਤਰ ਜ਼ਮੀਨ ਹੋਰ ਵੀ ਜਰਖੇਜ਼ ਹੋ ਜਾਏ।'

ਕੀ ਉਪਰੋਕਤ ਗਵਾਹੀਆਂ ਇਹ ਸਪਸ਼ਟ ਨਹੀਂ ਕਰਦੀਆਂ ਕਿ ਇਹ ਸ਼ਹਾਦਤ ਸੱਚ ਮੁੱਚ ਹੀ ਇਕ ਅਦੁੱਤੀ ਕਿਸਮ ਦੀ ਕੁਰਬਾਨੀ ਹੈ। ਬਰਤਾਨੀਆ ਦੇ ਇਕ ਜਰਨੈਲ ਡਿਊਕ ਆਫ਼ ਵਾਲਿੰਗਟਨ ਨੇ ਨੈਪੋਲੀਅਨ ਦੀ ਮਹਾਨਤਾ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਜਦੋਂ ਉਹ ਮੈਦਾਨੇ ਜੰਗ ਵਿਚ ਉਤਰਦਾ ਹੈ ਤਾਂ ਉਸ ਦੀ ਮੌਜੂਦੀ ਦਾ ਕੱਦ 40 ਹਜ਼ਾਰ ਬੰਦਿਆਂ ਦੇ ਬਰਾਬਰ ਹੋ ਜਾਂਦਾ ਹੈ। ਕੀ ਇਸ ਤਰ੍ਹਾਂ ਮਹਿਸੂਸ ਨਹੀਂ ਹੁੰਦਾ ਕਿ ਸੁੱਖਾ-ਜਿੰਦਾ ਦੀ ਸ਼ਹਾਦਤ ਵਿਚ ਵੀ ਵਰਤਮਾਨ ਸਮਿਆਂ ਦੇ ਸਾਰੇ ਸ਼ਹੀਦ ਪੂਰੀ ਤਰ੍ਹਾਂ ਸਮਾ ਜਾਂਦੇ ਹਨ।

ਔਰੰਗਜ਼ੇਬ ਦੇ ਸਮੇਂ ਦਾ ਇਕ ਕਾਮਲ ਸੂਫ਼ੀ ਦਰਵੇਸ਼ ਸਰਮਦ ਅੱਜ ਯਾਦ ਆ ਗਿਆ ਹੈ। ਨਗ਼ਮਾ-ਏ-ਸਰਮਦ ਦੇ ਲੇਖਕ ਅਰਸ਼ ਮਲਸਿਆਨੀ ਮੁਤਾਬਕ ਸਰਮਦ ਨੇ ਸੂਲੀ ਚੜ੍ਹਨ ਤੋਂ ਪਹਿਲਾਂ ਸ਼ਹਾਦਤ ਦੇ ਚਾਅ ਵਿਚ ਇਹ ਸ਼ੇਅਰ ਪੜ੍ਹਿਆ:

ਉਮਰੀਸਤ ਕਿਹ ਆਵਾਜ਼ਾ-ਏ-ਮਨਸੂਰ ਕੁਹਨ ਸ਼ੁਦ
ਮਨ ਅਜ਼ ਸਰੇ-ਨੌ ਜਲਵਾ ਦਿਹਮ ਦਾਰੋ-ਰਸਨ ਰਾ।

ਭਾਵ ਚਿਰ ਹੋਇਆ ਕਿ ਮਨਸੂਰ ਦਾ ਨਾਅਰਾ-ਏ-ਹੱਕ ਦਾ ਕਿੱਸਾ ਪੁਰਾਣਾ ਹੋ ਗਿਆ ਸੀ, ਮੈਂ ਨਵੇਂ ਸਿਰਿਉਂ ਫਾਂਸੀ ਤੇ ਉਸ ਦੇ ਰੱਸੇ ਦਾ ਜਲਵਾ ਦਿਖਾਉਣ ਲੱਗਾ ਹਾਂ।

ਕੀ ਅੱਜ ਸਾਨੂੰ ਵੀ ਇਹ ਮਹਿਸੂਸ ਨਹੀਂ ਹੋ ਰਿਹਾ ਕਿ ਸੁੱਖਾ-ਜਿੰਦਾ ਦੀ ਸ਼ਹਾਦਤ ਨੇ ਵੀ ਫਾਂਸੀ ਤੇ ਉਸ ਦੇ ਰੱਸੇ ਦੇ ਜਲਵੇ ਨੂੰ ਆਪਣੇ ਨਿਰਾਲੇ ਤੇ ਅਨੂਠੇ ਅੰਦਾਜ਼ ਵਿਚ ਨਵੇਂ ਸਿਰਿਉਂ ਪੇਸ਼ ਕੀਤਾ ਹੈ? ਅੱਜ ਦੋਵਾਂ ਸ਼ਹੀਦਾਂ ਦੀ ਇਸ ਬਰਸੀ ਦੇ ਮੌਕੇ 'ਤੇ ਇਸ ਅਦੁੱਤੀ ਸ਼ਹਾਦਤ ਵਿਚ ਲੁਕੇ ਇਤਿਹਾਸਕ, ਮਨੋਵਿਗਿਆਨਕ ਅਤੇ ਰਹੱਸਵਾਦੀ ਅਰਥਾਂ ਦੀਆਂ ਗਹਿਰਾਈਆਂ ਅਤੇ ਬੁਲੰਦੀਆਂ ਨੂੰ ਸ਼ਬਦਾਂ ਵਿਚ ਉਤਾਰਨ ਲਈ ਵਿਦਵਾਨਾਂ ਦੀ ਇੰਤਜ਼ਾਰ ਵਿਚ ਸਾਡੀਆਂ ਉਡੀਕਾਂ ਨੇ ਅਜੇ ਦਮ ਨਹੀਂ ਤੋੜਿਆ।

## 'ਜਦੋਂ ਦੁਸਮਣ ਨੇ ਵੀ ਸਿੰਘਾਂ ਦੀ ਬਹਾਦਰੀ ਅਤੇ ਸਿਦਕ ਦਾ ਲੋਹਾ ਮੰਨਿਆ'

ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸ਼ਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫ਼ਤਾਰੀ, ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸ਼ਨਰ ਆਰ. ਕੇ. ਸ਼ਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ, ਫ਼ੋਨ ਕਰ ਕੇ ਜਿੰਦੇ ਦੀ ਗ੍ਰਿਫ਼ਤਾਰੀ ਦੀ 'ਵੱਡੀ ਪ੍ਰਾਪਤੀ' ਸਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲੀਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਅਚਾਨਕ ਇੱਕ ਮਾਰਕਾਖੇਜ਼ ਕੰਮ ਕੀਤਾ ਹੈ।"

ਮਰਵਾਹੇ ਦੀ ਲਿਖਤ ਦਾ ਅਗਲਾ ਸਿਰਲੇਖ ਹੈ -'ਪੁੱਛ ਗਿੱਛ (ਇੰਟੈਰੋਗੇਸ਼ਨ)' ਮਰਵਾਹੇ ਅਨੁਸਾਰ -"ਮੈਂ ਆਪਣੇ ਘਰੋਂ ਫ਼ੌਰਨ ਕ੍ਰਾਈਮ ਬਰਾਂਚ ਇੰਟੈਰੋਗੇਸ਼ਨ ਸੈਂਟਰ ਪਹੁੰਚਿਆ ਅਤੇ ਇਸ ਸਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸ਼ੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁੱਡ ਦੀਆਂ ਫ਼ਿਲਮਾਂ ਦੇ ਅੰਦਾਜ਼ ਵਿਚ ਪੁਲੀਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲੀਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਹ ਨੂੰ ਬੜੀ ਖ਼ੁਸ਼ੀ ਸੀ। ਉਸ ਨੇ ਆਪਣੇ ਖ਼ਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜ਼ਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲੀਸ ਦਾ ਪੂਰਾ ਮਜ਼ਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖ਼ਾਲਸਤਾਨੀ) ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ 'ਪੁਲੀਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ) 3. ਉਸ ਨੂੰ ਫੇਰ ਅਸੀਂ ਗੁਜਰਾਤ ਪੁਲੀਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲੀਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿਚ ਲਲਿਤ ਮਾਕਨ ਐਮ. ਪੀ. ਤੇ ਅਰਜਨ ਦਾਸ ਜਿਹੇ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।"

ਵੇਦ ਮਰਵਾਹਾ ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ। ਉਸ ਅਨੁਸਾਰ - "ਅਗਸਤ, 1987 ਵਿਚ ਸਿਵਲ ਲਾਈਨਜ਼ ਏਰੀਏ ਵਿਚ ਹੋਏ, ਇੱਕ ਪੁਲੀਸ ਮੁਕਾਬਲੇ ਵਿਚ ਜਿੰਦਾ ਸਖ਼ਤ ਜ਼ਖਮੀ ਹਾਲਤ ਵਿਚ, ਦਿੱਲੀ ਪੁਲੀਸ ਨੇ ਦਬੋਚ ਲਿਆ। ....ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗ੍ਰਿਫ਼ਤਾਰੀ ਬਾਰੇ ਸੁਣਿਆ ਅਤੇ ਕੁੱਝ ਮਿੰਟਾਂ ਵਿਚ ਹੀ ਪੁਲੀਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ, ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜ਼ਖਮੀ ਹਾਲਤ ਵਿਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜ਼ਾਕੀਆ ਲਹਿਜ਼ੇ ਵਿਚ ਕਿਹਾ -'ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ, ਦਿੱਲੀ ਪੁਲੀਸ ਨੇ ਮੁਝੇ ਪਕੜ ਲੀਆ ਹੈ।' ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿਚ ਵੀ ਬੇਪ੍ਰਵਾਹ ਹੋ ਕੇ ਮਜ਼ਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲੀਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ.... ਉਸ ਦਾ ਫ਼ੌਜੀ ਹਸਪਤਾਲ ਵਿਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ, ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ, ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸ਼ਨਲ ਪੁਲੀਸ ਅਫ਼ਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸ਼ੰਸਾ ਤੇ ਨਿੱਘ ਵਾਲੀਆਂ ਸਨ....."

ਖ਼ਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ, 'ਦੁਸ਼ਮਣ' ਵੱਲੋਂ ਦਿੱਤੀ ਗਈ, ਇਸ ਸ਼ਰਧਾਂਜਲੀ 'ਚੋਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਖ਼ਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆਵੇਗੀ।

9 ਅਕਤੂਬਰ ਦਾ ਦਿਨ, ਕੇਸਰੀ ਕਾਫ਼ਲੇ ਦੇ ਸਿਪਾਹ-ਸਿਲਾਰਾਂ ਲਈ ਪ੍ਰਣ ਦਿਵਸ ਹੈ। 30 ਮਿਲੀਅਨ ਸਿੱਖ ਕੌਮ ਵੱਲੋਂ ਉਤਸ਼ਾਹ ਤੇ ਸਰੂਰ ਵਿਚ ਸੰਘਰਸ਼ ਵਿਚ ਸ਼ਾਮਲ ਹੋਣ ਦੀ ਲੋੜ ਹੈ ਤਾਂ ਕਿ ਸ਼ਹੀਦਾਂ ਦੇ ਅਧੂਰੇ ਸੰਕਲਪ ਨੂੰ ਪੂਰਿਆਂ ਕੀਤਾ ਜਾ ਸਕੇ। ਭਾਈ ਜਿੰਦਾ-ਸੁੱਖਾ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤਰ ਵਿਚ ਖ਼ਾਲਸਤਾਨੀ ਸੰਘਰਸ਼ ਦੀ ਠੀਕ ਤਰਜਮਾਨੀ ਕਰਦਿਆਂ ਬੜੇ ਫ਼ਖਰ ਨਾਲ ਲਿਖਿਆ ਸੀ 'ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ' (When the Nations awake, History Shivers.) ਉਨ੍ਹਾਂ ਕਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗ਼ੁਲਾਮੀ ਦਾ ਜੂਲ਼ਾ ਪਰ੍ਹਾਂ ਵਗਾਹ ਕੇ ਖ਼ਾਲਿਸਤਾਨ ਦੀ ਮੰਜ਼ਿਲ ਵੱਲ ਚੜ੍ਹਾਈ ਕੀਤੀ ਹੋਈ ਹੈ।

ਖ਼ਾਲਸਾ ਜੀ! ਆਪਣੇ ਕੌਮੀ ਫ਼ਰਜ਼ ਦੀ ਪਛਾਣ ਕਰੀਏ। ਇਹਨਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਖ਼ਾਲਿਸਤਾਨ ਦੀ ਮੰਜ਼ਿਲ ਵੱਲ ਕਦਮ ਵਧਾ ਕੇ ਦੇਈਏ! ਗੁੱਸੇ-ਗਿਲੇ, ਤੁਹਮਤਾਂ, ਦਿਲਗੀਰੀਆਂ ਨੂੰ ਪਰ੍ਹੇ ਵਗਾਹ ਮਾਰੀਏ। ਖ਼ਾਲਸਾਈ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਗੁਰਸਿੱਖ ਪਛਾਣ ਨੂੰ ਗੁਰੂ ਰੂਪ ਜਾਣ ਕੇ ਸੱਚੇ-ਸੁੱਚੇ ਪਿਆਰ ਦਾ ਪ੍ਰਗਟਾਵਾ ਸਾਡੀ ਨਿੱਜੀ ਅਤੇ ਕੌਮੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੇ। ਸਾਡੀ ਸਾਂਝੀ ਤਾਕਤ ਦੇ ਸਾਹਮਣੇ ਦੁਸ਼ਮਣ ਜ਼ਿਆਦਾ ਦੇਰ ਟਿਕ ਨਹੀਂ ਸਕੇਗਾ ਤੇ ਸਤਿਗੁਰੂ ਖ਼ਾਲਸੇ ਦਾ ਘਰ 'ਖ਼ਾਲਿਸਤਾਨ' ਜ਼ਰੂਰ ਬਖ਼ਸ਼ਣਗੇ। ਭਾਈ ਜਿੰਦਾ-ਸੁੱਖਾ ਦੀ ਸ਼ਹਾਦਤ ਦਾ ਰੁਤਬਾ ਅੱਵਲ ਹੈ-

'ਜਿਸ ਧਜ (ਸ਼ਾਨ) ਸੇ ਕੋਈ ਮਕਤਲ ਮੇਂ ਗਿਆ, ਵੋਹ ਸ਼ਾਨ ਸਲਾਮਤ ਰਹਤੀ ਹੈ।
ਇਸ ਯਾਂ (ਜਾਨ) ਕੀ ਤੋ ਕੋਈ ਬਾਤ ਨਹੀਂ, ਯੇ ਜਾਨ ਤੋ ਆਨੀ-ਜਾਨੀ ਹੈ।'

## ਭਾਰਤ ਦੀ ਜੰਗੇ ਆਜ਼ਾਦੀ ਵਿੱਚ ਜਾਨਾਂ ਵਾਰਨ ਵਾਲੇ ਗ਼ਦਰੀਆਂ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ

ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ, ਚੜ੍ਹਦਾ ਪੰਜਾਬ ਸੁਸਾਇਟੀ ਤੇ ਚੈਂਬਰ ਆਫ਼ ਕਮਰਸ ਵੱਲੋਂ ਕੀਤੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਜਥੇਬੰਦੀ ਵੱਲੋਂ ਸਨਮਾਨਿਤ ਕੀਤਾ ਗਿਆ।

ਪੂਨਮ ਮਲਹੋਤਰਾ ਤੇ ਪੰਮੀ ਮਾਨ ਨੇ ਦੇਸ਼ ਭਗਤੀ ਦੇ ਗੀਤਾਂ ਨੇ ਲੋਕਾਂ ਨੂੰ ਅਸ਼ ਅਸ਼ ਕਰਨ ਲਈ ਮਜ਼ਬੂਰ ਕਰ ਦਿੱਤਾ। ਇਕ ਛੋਟੀ ਬੱਚੀ ਹਰਮਨਜੋਤ ਕੌਰ ਬੈਂਸ ਨੇ ਬੀਬੀ ਗੁਲਾਬ ਕੌਰ ਗ਼ਦਰੀ ਬਾਰੇ ਇਕ ਲੇਖ ਪੜ੍ਹਿਆ। ਬਲਜਿੰਦਰ ਸਿੰਘ ਨੇ ਦੇਸ਼ ਭਗਤੀ ਦਾ ਇਕ ਗੀਤ ਗਾਇਆ। ਜਥੇਬੰਦੀ ਦੀ ਟੀਮ ਇਸ ਮੇਲੇ ਦੇ ਪ੍ਰਬੰਧ ਲਈ ਸਮੁੱਚੀ ਟੀਮ ਜਰਨੈਲ ਸਿੰਘ ਸਰਪੰਚ ਹਰਪਾਲ ਸਿੰਘ ਸੰਘਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਬਲਵੰਤ ਬਾਕਾ, ਪਰਮਪ੍ਰੀਤ ਬਿੰਦਰਾ, ਜਸਵਿੰਦਰ ਸੰਧੂ, ਗਗਨ ਬਿੰਦਰਾ ਸਮੁੱਚੀ ਨੌਜਵਾਨਾਂ ਦੀ ਟੀਮ ਵੀ ਪੂਰੀ ਤਰ੍ਹਾਂ ਪੱਬਾ ਭਾਰ ਰਹੀ।

ਹਰ ਸਾਲ ਦੀ ਤਰ੍ਹਾਂ ਪਿਆਰਾ ਸਿੰਘ ਢੀਂਡਸਾ ਓਮਨੀ ਵੀਡੀਓ ਵਾਲਿਆਂ ਨੇ ਸਮੁੱਚੇ ਮੇਲੇ ਨੂੰ ਕੈਮਰੇ ਦੀ ਅੱਖ ਵਿਚ ਬੰਦ ਕੀਤਾ ਤੇ ਵੀਡੀਓ ਬਣਾਈ।

ਇੰਗਲੈਂਡ ਤੋਂ ਆਏ ਪ੍ਰਸਿੱਧ ਗਾਇਕ 'ਮਾਣਕੀ' ਨੇ ਗੀਤਾਂ ਦੀ ਛਹਿਬਰ ਲਾ ਦਿੱਤੀ ਜਿਨ੍ਹਾਂ ਨੂੰ ਲੋਕਾਂ ਨੂੰ ਅਖੀਰ ਤੱਕ ਮਾਣਿਆ।

ਅਖੀਰ ਸਿੰਘ ਜੱਥੇਬੰਦੀ ਦੇ ਸਕੱਤਰ ਸਵਰਨ ਸਿੰਘ ਸਿੱਧੂ ਨੇ ਸਮੁੱਚੇ ਆਏ ਲੋਕਾਂ ਕਾਲਕਾਰਾਂ ਤੇ ਬੁਲਾਰਿਆਂ ਦਾ ਜੱਥੇਬੰਦੀ ਵੱਲੋਂ ਧੰਨਵਾਦ ਕੀਤਾ।

ਇਹ ਗਲ ਖਾਸ ਧਿਆਨ ਮੰਗਦੀ ਹੈ ਕਿ ਕਬਰਸਤਾਨ ਸੈਕਰਾਮੈਂਟੋ ਦੇ ਡਾਇਰੈਕਟਰ ਨੇ ਮੌਲਵੀ ਮੁਹੰਮਦ ਬਰਕਤ ਉਲਾ ਦੀ ਕੁਰਬਾਨੀ ਦਾ ਧਿਆਨ ਕਰਦਿਆਂ ਜਥੇਬੰਦੀ ਨੂੰ ਹਰ ਸਾਲ ਪਹਿਲੋਂ ਸੂਚਿਤ ਕਰਨ ਲਈ ਕਿਹਾ ਹੈ ਤਾਂ ਜੋ ਇਸ ਦਾ ਸਜਾਵਟ ਤੇ ਸੰਭਾਲ ਵੱਲ ਧਿਆਨ ਦਿੱਤਾ ਜਾ ਸਕੇ।

## ਬੇਭਰੋਸਗੀ ਵਾਲੇ ਸਾਧਨਾਂ ਰਾਹੀਂ ਆਏ ਭਾਈ ਹਵਾਰਾ ਦੇ ਬਿਆਨ ਨਾਲ ਪੰਥ 'ਚ ਭੰਬਲਭੂਸਾ ਪਿਆ: ਮਾਨ

ਸ. ਮਾਨ ਨੇ ਮੌਜੂਦਾ 'ਪੰਜ ਪਿਆਰਿਆਂ' ਦੇ ਸੰਬੰਧ ਵਿਚ ਕਿਹਾ ਕਿ ਉਹਨਾਂ ਦੀ ਭੂਮਿਕਾ ਵੀ ਡਾਵਾਂ-ਡੋਲ ਹੀ ਰਹੀ ਹੈ। ਉਹਨਾਂ ਨੇ ਕਦੇ ਵੀ ਨਿਰਪੱਖਤਾ ਅਤੇ ਭੈਅ ਤੋਂ ਰਹਿਤ ਹੋ ਕੇ ਸਿਧਾਤਾਂ ਦੀ ਰੌਸ਼ਨੀ ਵਿਚ ਫੈਸਲੇ ਨਹੀਂ ਕੀਤੇ। ਇਸ ਲਈ ਸਰਬੱਤ ਖ਼ਾਲਸਾ" ਵਰਗੀ ਮਹਾਨ ਸਿੱਖੀ ਰਵਾਇਤ ਦੀ ਅਗਵਾਈ ਅਜਿਹੇ ਪੰਜ ਪਿਆਰਿਆਂ ਨੂੰ ਦੇਣ ਦੀ ਕਾਰਵਾਈ, ਹੋਣ ਜਾ ਰਹੇ ਵੱਡੇ ਕੌਮੀ ਫੈਸਲਿਆਂ ਲਈ ਘਾਤਕ ਸਾਬਤ ਹੋਵੇਗੀ। ਕਿਉਂਕਿ ਅਜਿਹੀ ਭੰਬਲਭੂਸੇ ਵਾਲੀ ਸਥਿਤੀ 'ਚ ਏਜੰਸੀਆਂ ਨੂੰ ਵੀ ਆਪਣੇ ਮਨਸੂਬਿਆਂ ਨੂੰ ਕਾਮਯਾਬ ਕਰਨ ਦਾ ਮੌਕਾ ਮਿਲ ਜਾਵੇਗਾ। ਇਸ ਲਈ ਸਭ ਤੋਂ ਪਾਰਦਰਸੀ ਢੰਗ ਇਕੋ ਇਕ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਆਪਣੇ ਹੁਕਮਨਾਮੇ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ ਨਾਲ ਸਲਾਹ ਕਰਕੇ ਅਤੇ ਸਰਬਸੰਮਤੀ ਕਰਕੇ ਉਹਨਾਂ ਰਾਹੀਂ ਹੀ ਸੰਗਤਾਂ ਦੀ ਕਚਹਿਰੀ ਵਿਚ ਭੇਜਣ। ਅਜਿਹਾ ਕਰਨ ਨਾਲ ਕਿਸੇ ਵੀ ਪੱਖੋਂ ਪੰਥ-ਵਿਰੋਧੀਆਂ ਨੂੰ ਭੰਬਲਭੂਸਾ ਪਾਉਣ ਦਾ ਮੌਕਾ ਨਹੀਂ ਮਿਲੇਗਾ। ਦੂਸਰਾ ਸਿੱਖ ਕੌਮ ਭਾਈ ਸਾਹਿਬ ਦੇ ਵਿਚਾਰਾਂ ਅਤੇ ਫੈਸਲਿਆਂ 'ਤੇ ਯਕੀਨ ਕਰਦੀ ਹੋਈ ਖੁਦ-ਬ-ਖੁਦ ਇਕ ਪਲੇਟਫਾਰਮ 'ਤੇ ਇਕੱਤਰ ਹੋ ਜਾਵੇਗੀ ਜੋ ਕਿ ਸਿੱਖ ਕੌਮ ਦਾ ਸਾਂਝਾ ਮਿਸ਼ਨ ਹੈ। ਸਾਨੂੰ ਇਸ ਗੱਲ ਦਾ ਦੁੱਖ ਹੈ ਕਿ 10 ਨਵੰਬਰ 2016 ਨੂੰ ਹੋਣ ਜਾ ਰਿਹਾ 'ਸਰਬੱਤ ਖ਼ਾਲਸਾ' ਵੀ ਡਾਵਾ-ਡੋਲ ਹੋ ਗਿਆ ਜਾਪਦਾ ਹੈ, ਜਿਸ ਨੂੰ ਸਪੱਸ਼ਟ ਕਰਨ ਅਤੇ ਸਿੱਖ ਕੌਮ ਦੇ ਯਕੀਨ ਨੂੰ ਮਜ਼ਬੂਤ ਕਰਨ ਦੀ ਅੱਜ ਸਖ਼ਤ ਲੋੜ ਹੈ।


Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI 5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street,Fremont CA-94538
Email: info@travelforlessinc.com
www.letsflyhome.com
(510) 791-3300
(408) 791-2600


Website Design & Development
➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41
NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM


KHALSA INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
KHALSA INSURANCE AGENCY
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
Call Now for the
Lowest Health Insurance
Premiums available
Some Households
qualify for
FREE HEALTHCARE
408-272-2500
OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care
Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# SAVE $2500

ON DIESEL PER TRUCK WITH

# ONE CALL!



# 11¢




# DISCOUNT PER GALLON

✓ No more Pre-Paid Cards

✓ Get Rid of Bank Wires

✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035

sales@trans-alliance.com • www.trans-alliance.com


Watch Your Favorite Channels
FREE PREVIEW
JUS PUNJABI
06-22-16 - 07-05-16
9xTASHAN
07-20-16 to 08-02-16
Channel no. 742
JUS 24x7
07-06-16 to 07-19-16
Channel no. 743
NEWS IN PUNJABI
MUDDA
KHIDI DUPEHAR
Hafta Vasooli
JALWE JAGGI DE
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to REFER A FRIEND
and get $100 each activation
gift CARD
Promotion code: JUS
*Terms and conditions apply
for advertisement & more information call: +1-718-752-9290 x 202
www.jusbroadcasting.com


SHER®
ATTA
Healthy Living
SHER®
DURUM ATTA
DESI STYLE
20 lb
9.07 kg
Wishes you a
Happy
DIWALI